
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ
# ਦੇਸ਼ ਦੁਆਬਾ

VOL - 6 ISSUE - 32
November 15, 2017
Postal Address
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਯੂਬਾ ਸਿਟੀ ਦੇ 38ਵੇਂ ਮਹਾਨ ਨਗਰ ਕੀਰਤਨ ਸਬੰਧਤ ਅਦਾਰਾ "ਦੇਸ਼ ਦੁਆਬਾ" ਵੱਲੋਂ ਦੋ ਸ਼ਬਦ



ਪੰਜਾਬੀਆਂ ਖਾਸ ਕਰਕੇ ਸਿੱਖ ਭਾਈਚਾਰੇ ਵੱਲੋਂ ਗੁਰੂ ਨਾਨਕ ਗੁਰਪੁਰਬ ਮੌਕੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਪਿਛਲੇ 37 ਸਾਲਾਂ ਤੋਂ ਲਗਾਤਾਰ ਕੱਢੇ ਜਾਣ ਨਾਲ ਯੂਬਾ ਸਿਟੀ ਸਿੱਖ-ਗੈਰ ਸਿੱਖ ਭਾਈਚਾਰਿਆਂ ਦੀ ਖਿੱਚ ਦਾ ਕੇਂਦਰ ਬਣ ਚੁੱਕਾ ਹੈ।

ਭਾਰਤ ਦਾ ਇਕ ਅਜਿਹਾ ਗ੍ਰੰਥ, ਪੰਥ ਅਤੇ ਨਿਆਰਾ ਸਿੱਖ ਧਰਮ, ਜਿਸ ਵਿਚ ਪਹਿਲੀ ਪਾਤਸ਼ਾਹੀ ਸਤਿਗੁਰੂ ਨਾਨਕ ਦੇਵ ਜੀ ਨੇ ਚਹੁ ਕੂਟਾਂ ਦੀਆਂ ਉਦਾਸੀਆਂ (ਯਾਤਰਾਵਾਂ) ਕਰਕੇ ਜਿੱਥੇ ਭੁੱਲੀ ਵਿਸਰੀ, ਭਟਕੀ ਜਨਤਾ ਨੂੰ ਸੱਚ ਦਾ ਮਾਰਗ ਦਿਖਾਇਆ, ਉਥੇ ਉਹਨਾਂ ਭਾਰਤ ਦੇ ਅਲੱਗ-ਅਲੱਗ ਧਰਮਾਂ-ਵਰਗਾਂ ਦੇ ਮਹਾਂਪੁਰਸ਼ਾਂ ਦੀ ਪਵਿੱਤਰ ਬਾਣੀ ਨੂੰ ਇਕੱਤਰ ਕੀਤਾ ਜੋ ਕਿ ਅਲੱਗ-ਅਲੱਗ ਪੋਥੀਆਂ ਦੇ ਰੂਪ ਵਿਚ ਬਿਰਾਜਮਾਨ ਸੀ, ਨੂੰ ਪੰਜਵੀਂ ਪਾਤਸ਼ਾਹੀ ਸਤਿਗੁਰੂ ਅਰਜਨ ਦੇਵ ਜੀ ਨੇ ਆਪਣੀ ਅਤੇ ਆਪਣੇ ਤੋਂ ਪਹਿਲਾਂ 4 ਗੁਰੂ ਸਾਹਿਬਾਨ ਅਤੇ 30 ਹੋਰ ਮਹਾਂਪੁਰਸ਼ਾਂ ਦੀ ਬਾਣੀ ਨੂੰ ਇਕੱਠਾ ਕਰਕੇ ਇਕ ਪਵਿੱਤਰ 'ਆਦਿ ਗ੍ਰੰਥ' ਦਾ ਨਾਂ ਦੇ ਕੇ 'ਆਦਿ ਗ੍ਰੰਥ' ਦੇ ਰੂਪ ਵਿਚ ਸਿੱਖ ਜਗਤ ਨੂੰ ਧਾਰਮਿਕ ਗ੍ਰੰਥ ਦਿੱਤਾ।

ਇਸ ਉਪਰੰਤ ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿੱਥੇ ਖਾਲਸੇ ਦੀ ਸਿਰਜਣਾ ਕਰਕੇ ਖਾਲਸਾ ਪੰਥ ਦੀ ਸਥਾਪਨਾ ਕੀਤੀ, ਉਥੇ ਨੌਵੀਂ ਪਾਤਸ਼ਾਹੀ ਸਤਿਗੁਰੂ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਬਾਣੀ ਨੂੰ 'ਆਦਿ ਗ੍ਰੰਥ' ਵਿਚ ਦਰਜ ਕਰਕੇ 'ਆਦਿ ਗ੍ਰੰਥ' ਨੂੰ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਦਿੱਤਾ ਤੇ ਸਿੱਖ ਜਗਤ ਨੂੰ ਹੁਕਮ ਦਿੱਤਾ ਕਿ ਇਹੀ ਤੁਹਾਡਾ ਗੁਰੂ, ਗੁਰੂ ਗ੍ਰੰਥ ਸਾਹਿਬ ਹੈ।

**(ਬਾਕੀ ਦੇਖੋ ਸਫਾ 3 'ਤੇ ਅਤੇ ਸਬੰਧਿਤ ਤਸਵੀਰਾਂ ਸਫਾ 12-13 'ਤੇ)**

# ਤੇਜੀ ਨਾਲ ਵਧਦੇ ਜਾ ਰਹੇ ਨੇ ਅਮਰੀਕਾ ਵਿਚ ਨਫ਼ਰਤੀ ਅਪਰਾਧ

## ਪਿਛਲੇ ਸਾਲ ਛੇ ਹਜ਼ਾਰ ਤੋਂ ਵੱਧ ਨਸਲੀ/ਨਫ਼ਰਤੀ ਅਪਰਾਧ ਦਰਜ ਹੋਏ

**ਵਾਸ਼ਿੰਗਟਨ (ਬਿਊਰੋ)-** ਪਿਛਲੇ ਸਾਲ ਅਮਰੀਕਾ 'ਚ ਛੇ ਹਜ਼ਾਰ ਤੋਂ ਵੱਧ ਨਸਲੀ/ਨਫ਼ਰਤੀ ਅਪਰਾਧ ਦਰਜ ਹੋਏ ਹਨ, ਜਿਨ੍ਹਾਂ 'ਚ ਸਿੱਖਾਂ ਤੇ ਹਿੰਦੂਆਂ ਉਤੇ ਹੋਏ ਹਮਲੇ ਵੀ ਸ਼ਾਮਲ ਹਨ। ਇਹ ਖੁਲਾਸਾ ਐਫਬੀਆਈ ਦੇ ਅੰਕੜਿਆਂ ਤੋਂ ਹੋਇਆ ਹੈ। ਸਾਲ 2015 ਨਾਲੋਂ ਨਫ਼ਰਤੀ ਅਪਰਾਧਾਂ ਵਿੱਚ ਤਕਰੀਬਨ ਪੰਜ ਫ਼ੀਸਦ ਵਾਧਾ ਹੋਇਆ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਅਪਰਾਧ ਸਿਆਹਫਾਮ ਜਾਂ ਅਫਰੀਕਨ ਅਮੈਰਿਕਨ ਵਿਰੋਧੀ ਅਤੇ ਯਹੂਦੀ ਵਿਰੋਧੀ ਸਨ। ਇਨ੍ਹਾਂ 'ਚੋਂ ਇਕ ਚੌਥਾਈ ਮੁਸਲਿਮ ਵਿਰੋਧੀ ਸਨ। ਕੱਲ੍ਹ ਜਾਰੀ ਕੀਤੇ ਗਏ ਤਾਜ਼ਾ ਸਾਲਾਨਾ ਅੰਕੜਿਆਂ 'ਚ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫਬੀਆਈ) ਨੇ ਦੱਸਿਆ ਕਿ 2016 ਵਿੱਚ ਉਸ ਨੇ 12 ਹਿੰਦੂ ਵਿਰੋਧੀ ਅਤੇ ਸੱਤ ਸਿੱਖ-ਵਿਰੋਧੀ ਨਫ਼ਰਤੀ ਅਪਰਾਧ ਦਰਜ ਕੀਤੇ ਹਨ। ਬੋਧੀ ਭਾਈਚਾਰੇ ਖ਼ਿਲਾਫ਼ ਇਕ ਨਫ਼ਰਤੀ ਅਪਰਾਧ ਦਰਜ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ 3.1 ਫ਼ੀਸਦ ਨਫ਼ਰਤੀ ਅਪਰਾਧ ਏਸ਼ਿਆਈ ਲੋਕਾਂ ਖ਼ਿਲਾਫ਼ ਪੱਖਪਾਤੀ ਰਵੱਈਏ ਦਾ ਨਤੀਜਾ ਸਨ। ਐਫ ਬੀ ਆਈ ਦੀ ਰਿਪੋਰਟ ਮੁਤਾਬਕ ਪਿਛਲੇ ਸਾਲ 6121 ਨਫ਼ਰਤੀ ਅਪਰਾਧ ਰਿਕਾਰਡ ਕੀਤੇ ਗਏ ਹਨ, ਜੋ ਸਾਲ 2015 ਨਾਲੋਂ ਅੰਦਾਜ਼ਨ 5 ਫ਼ੀਸਦ ਅਤੇ 2014 ਤੋਂ 10 ਫ਼ੀਸਦ ਵੱਧ ਬਣਦੇ ਹਨ। ਸਿੱਖ ਕੁਲੀਸ਼ਨ ਦੇ ਨੈਸ਼ਨਲ ਐਡਵੋਕੇਸੀ ਮੈਨੇਜਰ ਸਿਮ ਸਿੰਘ ਨੇ ਕਿਹਾ, 'ਐਫ ਬੀ ਆਈ ਦੇ ਅੰਕੜਿਆਂ ਮੁਤਾਬਕ 2016 ਵਿੱਚ 6121 ਨਫ਼ਰਤੀ ਅਪਰਾਧ ਹੋਏ ਹਨ, ਜਿਨ੍ਹਾਂ ਵਿੱਚੋਂ ਸੱਤ ਸਿੱਖ ਵਿਰੋਧੀ ਸਨ। ਪਰ ਇਹ ਅੰਕੜੇ ਦਰਜ ਹੋਏ ਕੇਸਾਂ ਦੇ ਹਨ ਪਰ ਇਹ ਸਮੱਸਿਆ ਅੰਕੜਿਆਂ ਤੋਂ ਕਿਤੇ ਜ਼ਿਆਦਾ ਵੱਡੀ ਹੈ। ਅੰਕੜਿਆਂ ਦੇ ਖੱਪੇ ਨੂੰ ਪੂਰਨ ਦਾ ਇਕ ਹੀ ਰਾਹ ਹੈ ਕਿ ਕਾਨੂੰਨੀ ਏਜੰਸੀਆਂ ਨੂੰ ਨਫਰਤੀ ਅਪਰਾਧ ਦੀ ਰਿਪੋਰਟ ਲਾਜ਼ਮੀ ਕਰਨੀ ਚਾਹੀਦੀ ਹੈ।' ਸਿੱਖ ਕੁਲੀਸ਼ਨ ਦੇ ਬਿਆਨ ਮੁਤਾਬਕ ਸਿੱਖਾਂ ਨੂੰ ਔਸਤ ਅਮੈਰਿਕਨਾਂ ਮੁਕਾਬਲੇ ਸੈਂਕੜੇ ਗੁਣਾ ਵੱਧ ਨਫ਼ਰਤੀ ਅਪਰਾਧਾਂ ਦਾ ਸਾਹਮਣਾ ਕਰਨਾ ਪੈਂਦਾ ਹੈ।



# ਭਾਰਤ-ਪਾਕਿ ਨੂੰ ਗੱਲਬਾਤ ਦੀ ਮੇਜ਼ 'ਤੇ ਲਿਆਉਣ ਦੀ ਕੋਸ਼ਿਸ਼

**ਇਸਲਾਮਾਬਾਦ (ਬਿਊਰੋ)-** ਅਮਰੀਕਾ ਨੇ ਪਾਕਿਸਤਾਨ ਤੇ ਭਾਰਤ ਨੂੰ ਗੱਲਬਾਤ ਮੁੜ ਸ਼ੁਰੂ ਕਰਨ ਦਾ ਸੁਝਾਨ ਦਿੱਤਾ ਹੈ ਕਿਉਂਕਿ ਟਰੰਪ ਪ੍ਰਸ਼ਾਸਨ ਦੋਵੇਂ ਪਰਮਾਣੂ ਗੁਆਂਢੀਆਂ ਵਿਚਾਲੇ ਤਣਾਅ ਘਟਾਉਣਾ ਚਾਹੁੰਦਾ ਹੈ। ਇਹ ਦਾਅਵਾ ਇਕ ਮੀਡੀਆ ਰਿਪੋਰਟ ਵਿੱਚ ਕੀਤਾ ਗਿਆ। ਅਮਰੀਕਾ ਦਾ ਮੰਤਵ ਦੋਵੇਂ ਦੱਖਣੀ ਏਸ਼ਿਆਈ ਵਿਰੋਧੀਆਂ ਵਿਚਾਲੇ ਰਿਸ਼ਤਿਆਂ ਨੂੰ ਆਮ ਵਰਗਾ ਕਰਨਾ ਹੈ ਤਾਂ ਕਿ ਅਫ਼ਗਾਨ ਸਮੱਸਿਆ ਦੇ ਹੱਲ ਦੀ ਕੋਸ਼ਿਸ਼ ਉਤੇ ਵੱਧ ਧਿਆਨ ਕੇਂਦਰਤ ਕੀਤਾ ਜਾਵੇ। ਇਕ ਕੌਮਾਂਤਰੀ ਅਖਬਾਰ ਨੇ ਸਰਕਾਰੀ ਅਧਿਕਾਰੀਆਂ ਤੇ ਡਿਪਲੋਮੈਟਿਕ ਸਰੋਤਾਂ ਦੇ ਹਵਾਲੇ ਨਾਲ ਕਿਹਾ ਕਿ ਅਮਰੀਕਾ ਦੇ ਵਿਦੇਸ਼ ਮੰਤਰੀ ਰੈਕਸ ਟਿੱਲਰਸਨ ਨੇ ਆਪਣੀ ਹਾਲੀਆ ਪਾਕਿਸਤਾਨ ਤੇ ਭਾਰਤ ਫੇਰੀ ਦੌਰਾਨ ਦੋਵਾਂ ਮੁਲਕਾਂ ਦੀ ਲੀਡਰਸ਼ਿਪ ਨਾਲ ਇਹ ਮੁੱਦਾ ਉਠਾਇਆ। ਪੇਪਰ ਨੇ ਕਿਹਾ ਕਿ "ਪਰਦੇ ਪਿੱਛੇ ਹੋਈਆਂ ਇਨ੍ਹਾਂ ਕੋਸ਼ਿਸ਼ਾਂ ਨੇ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ ਕਿਉਂਕਿ ਵਿਵਾਦਤ ਕਸ਼ਮੀਰ ਖਿੱਤੇ ਵਿੱਚ ਕੰਟਰੋਲ ਰੇਖਾ ਦੁਆਲੇ ਗੋਲੀਬਾਰੀ ਵਿੱਚ ਜ਼ਿਕਰਯੋਗ ਕਟੌਤੀ ਹੋਈ ਹੈ।"





MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


BERKSHIRE HATHAWAY Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

Jaspreet Singh
Attorney at Law USA
Over 18 years of Legal Experience
USA Immigration
Citizenship, Green Card
Deportation defense
Political Asylum
Specilized in
Detention cases, Artists
Singers P3 visas
Priest R1 visas
Investor EB 5 visas
L1 Business visas
Family law
Criminal Defense cases.
Offices
New York: 37-18 73 Street Suite # 401, Jackson Heights Ny 11372, Phone : 718-533-8444
Fremont: 44790 S Grimmer Blvd # 208, Fremont CA 94538, Phone : 510-657-6444
Fresno: 4491 W Shaw ave # 131, Fresno CA 93711, Phone : 559-271-5511
Sacramento: 2901 W Capitol ave, West Sacramento CA 95691, Phone : 916-385-2288

Jaspreet Singh
Email : jaspreetsinghlawoffice@gmail.com

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

RE/MAX Gold
Each Office Independently Owned and Operated
Cell: 916-628-2210
Fax: 916-745-3424
Office: 916-285-1000
Dil Nijjar
REALTOR ®
CalBRE # 01418648
Email: Dil.Realtor@gmai,.com
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

2081 Arena Blvd # 100 Sacramento, CA 95834

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..




ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com




ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS

ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।




Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA BAZAAR



Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਕਰਮਨ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ 'ਤੇ ਵਿਸ਼ੇਸ਼ ਯਾਦਗਾਰੀ ਸਮਾਗਮ






**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ):** ਭਾਰਤ ਦੀ ਅਜ਼ਾਦੀ ਅਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਸੰਸਥਾ ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ, ਕੈਲੀਫੋਰਨੀਆ ਵੱਲੋਂ ਕਰਮਨ ਦੇ ਕਮਿਊਨਟੀ ਸੈਂਟਰ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਨੂੰ ਸਮਰਪਿਤ ਯਾਦਗਾਰੀ ਸਮਾਗਮ ਕਰਵਾਇਆ ਗਿਆ। ਜਿਸ ਸੁਰੂਆਤ ਸੰਸਥਾ ਦੇ ਸਕੱਤਰ ਸੁਰਿੰਦਰ ਸਿੰਘ ਮੰਢਾਲੀ ਨੇ ਸਭ ਨੂੰ ਜੀ ਆਇਆ ਕਹਿਣ ਉਪਰੰਤ ਕੀਤੀ। ਇਸ ਉਪਰੰਤ ਕਰਮਨ ਪੰਜਾਬੀ ਸਕੂਲ ਦੇ ਬੱਚੇ ਦਿਲਜੋਤ, ਗਗਨ ਅਤੇ ਸਿਵਜੀਤ ਨੇ ਸ਼ਬਦ ਗਾਇਨ ਕੀਤੇ। ਇਸ ਉਪਰੰਤ ਸ਼ਹੀਦਾਂ ਨੂੰ ਸਮਰਪਿਤ ਬੋਲਣ ਵਾਲਿਆਂ ਵੱਚ ਸੰਸਥਾ ਦੇ ਮੁੱਖ ਮੈਂਬਰ ਗੁਰਦੀਪ ਸਿੰਘ ਅਣਖੀ, ਮਹਿੰਦਰ ਸਿੰਘ ਗਰੇਵਾਲ, ਡਾ. ਮਲਕੀਤ ਸਿੰਘ ਕਿ-ੰਗਰਾ, ਪ੍ਰੋਫੈਸਰ ਕੁਲਦੀਪ ਸਿੰਘ ਬੇਦੀ, ਅਮਰੀਕ ਸਿੰਘ ਵਿਰਕ, ਰਾਜ ਧਾਲੀਵਾਲ ਆਦਿਕ ਨੇ ਹਾਜ਼ਰੀ ਭਰੀ।

ਜਦਕਿ ਬੱਚਿਆ ਵੱਲੋਂ ਬੁਲਾਰਿਆਂ ਵੱਚ ਰਾਜਵੀਰ ਸਿੰਘ, ਜੱਸੀ ਰਾਏ, ਰੂਬਨ ਸਿੰਘ, ਮਨਵੀਰ ਕੌਰ ਧਾਲੀਵਾਲ, ਆਂਚਲ ਹੇਅਰ, ਸੈਮਵੀਰ ਹੇਅਰ, ਜੱਸੀ ਰਾਏ ਆਦਿਕ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਕਵਿਤਾਵਾਂ ਅਤੇ ਇਤਿਹਾਸਕ ਸਾਂਝਾ ਪਾਉਦੇ ਪਾਉਦੇ ਹੋਏ ਸਰਧਾਜ਼ਲੀ ਦਿੱਤੀ। ਇਸ ਸਮੇਂ ਕਰਮਨ ਪੰਜਾਬੀ ਸਕੂਲ ਦੇ ਬੱਚਿਆ ਵੱਲੋਂ ਇਕ ਕੋਰੀਓਗ੍ਰਾਫੀ ਅਤੇ ਇਕ ਸ਼ਹੀਦੀ ਨਾਟਕ ਗੁਰਪ੍ਰੀਤ ਸਿੰਘ ਗਿੱਲ ਅਤੇ ਗੁਰਦੀਪ ਸਿੰਘ ਨਹਿਲ ਦੀ ਨਿਰਦੇਸ਼ਨਾ ਅਧੀਨ ਬੜੀ ਸਫਲਤਾ ਨਾਲ ਕੀਤੇ ਗਏ।


ਇਸ ਤੋਂ ਇਲਾਵਾ ਜੀ.ਐਚ.ਜੀ. ਡਾਂਸ ਅਤੇ ਸੰਗੀਤ ਅਕੈਡਮੀਂ ਫਰਿਜ਼ਨੋ ਦੇ ਬੱਚਿਆ ਨੇ ਭੰਗੜੇ ਦੀਆਂ ਦੋ ਗਰੁੱਪਾ ਵਿੱਚ ਪੇਸ਼ਕਾਰੀ ਕੀਤੀ। ਜਦਕਿ ਗਾਇਕਾ ਵਿੱਚ ਲੋਕ ਪ੍ਰਸਿੱਧ ਗਾਇਕਾ ਜੋਤ ਰਣਜੀਤ ਨੇ ਸ਼ਹੀਦੀ ਵਾਰਾ, ਪੱਪੀ ਭਦੌੜ ਨੇ ਅਜੋਕੇ ਸਿੱਖਾ ਦੀ ਗਾਥਾ, ਰਾਜ ਬਰਾੜ ਯਮਲਾ ਅਤੇ ਹਰਜੀਤ ਸਿੰਘ ਮਰਸਿੰਡ ਆਦਿਕ ਨੇ ਸ਼ਹੀਦਾਂ ਨਾਲ ਸੰਬੰਧਤ ਇਤਿਹਾਸਕ ਗੀਤ ਗਾਏ। ਸਮੂੰਹ ਹਿੱਸਾ ਲੈਣ ਵਾਲੇ ਬੱਚਿਆ ਅਤੇ ਗਾਇਕਾਂ ਦਾ ਸੰਸਥਾ ਵੱਲੋਂ ਸਨਮਾਨ ਕੀਤਾ ਗਿਆ। ਇਸ ਸਮੇਂ ਚਾਹ, ਪਕੌੜੇ, ਮਿਠਾਈਆਂ ਅਤੇ ਜਲੇਬੀਆਂ ਦੇ ਲੰਗਰ ਗੁਰਦੁਆਰਾ ਅਨੰਦਗੜ ਸਾਹਿਬ ਕਰਮਨ ਵੱਲੋਂ ਅਤੁੱਟ ਵਰਤਾਏ ਗਏ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਸੁਰਿੰਦਰ ਮੰਢਾਲੀ ਨੇ ਬਾ-ਖ਼ੂਬੀ ਸਫਲਤਾ ਪੂਰਵਕ ਕੀਤਾ। ਆਪਣੀਆਂ ਅਮਿੱਟ ਯਾਦਾਂ ਛੱਡਦਾ ਹੋਇਆ ਇਹ ਵਿਸ਼ੇਸ਼ ਸਮਾਗਮ ਭਾਰੀ ਇਕੱਠ ਦੌਰਾਨ ਯਾਦਗਾਰੀ ਹੋ ਨਿਬੜਿਆ। ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਅਤੇ ਗੁਰਦੁਆਰਾ ਅਨੰਦਗੜ ਸਾਹਿਬ ਕਰਮਨ ਦੇ ਸਮੂੰਹ ਪ੍ਰਬੰਧਕ ਵਧਾਈ ਦੇ ਪਾਤਰ ਹਨ।

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 19 ਨਵੰਬਰ ਨੂੰ ਮਨਾਇਆ ਜਾਵੇਗਾ

**ਸੈਕਰਾਮੈਂਟੋ (ਡੀ. ਡੀ. ਬੀ.)–** ਧੰਨ ਧੰਨ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 19 ਨਵੰਬਰ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਵਿਖੇ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ।

ਇਸ ਸਬੰਧਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ 17 ਨਵੰਬਰ (ਦਿਨ ਸ਼ੁੱਕਰਵਾਰ) ਨੂੰ ਸਵੇਰੇ 19 ਵਜੇ ਆਰੰਭ ਹੋਣਗੇ ਅਤੇ 19 ਨਵੰਬਰ (ਦਿਨ ਐਤਵਾਰ) ਨੂੰ ਭੋਗ ਪਾਏ ਜਾਣਗੇ।

ਇਸ ਸ਼ੁਭ ਦਿਹਾੜੇ ਮੌਕੇ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਸਾਹਿਬ ਭਾਈ ਜਸਪਾਲ ਸਿੰਘ ਜੀ ਜੰਡੂਸਿੰਘਾਂ ਵਾਲੇ ਅਤੇ ਭਾਈ ਸਾਹਿਬ ਭਾਈ ਨਿਰਮਲ ਸਿੰਘ ਜੀ ਦੇ ਜਥੇ ਤੋਂ ਇਲਾਵਾ ਹੋਰ ਵੀ ਰਾਗੀ ਜਥੇ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਸ਼ਬਦ ਗਾਇਨ ਕਰਨਗੇ ਤੇ ਬੁਲਾਰੇ ਸਤਿਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਬਾਰੇ ਵਿਚਾਰ ਰੱਖਣਗੇ।




ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਗੁਰਮੁਖ ਪਿਆਰੇ ਸ. ਅਵਤਾਰ ਸਿੰਘ ਪਲਾਹੀ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਜਾਵੇਗੀ। ਇਸੇ ਤਰ੍ਹਾਂ ਗੁਰੂ ਕੇ ਲੰਗਰ ਦੀ ਸੇਵਾ ਸ. ਅਵਤਾਰ ਸਿੰਘ ਪਲਾਹੀ ਤੇ ਉਹਨਾਂ ਦੇ ਸਮੂਹ ਪਰਿਵਾਰ ਤੇ ਸੰਗਤਾਂ ਵੱਲੋਂ ਕੀਤੀ ਜਾਵੇਗੀ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਆਪਣਾ ਕੀਮਤੀ ਸਮਾਂ ਕੱਢਦੇ ਹੋਏ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ ਜੀ। ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : 916-992-1710

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦਾ ਪਤਾ: 6221, 16th Street, Rio Linda, Sacramento, CA-95673

*****

# ਯੂਬਾ ਸਿਟੀ ਦੇ 38ਵੇਂ ਮਹਾਨ ਨਗਰ ਕੀਰਤਨ ਸਬੰਧਤ ਅਦਾਰਾ "ਦੇਸ਼ ਦੁਆਬਾ" ਵੱਲੋਂ ਦੋ ਸ਼ਬਦ

**(ਸਫਾ 1 ਦੀ ਬਾਕੀ)**

ਪਹਿਲੀ ਪਾਤਸ਼ਾਹੀ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜਵੀਂ ਪਾਤਸ਼ਾਹੀ ਤੱਕ ਅੰਦਰੂਨੀ ਅਤੇ ਬਾਹਰੀ ਹਜ਼ਾਰਾਂ ਔਕੜਾਂ ਦਾ ਸਾਹਮਣਾ ਕੀਤਾ ਪਰ ਉਹਨਾਂ ਨਾ ਹਿੰਮਤ ਹਾਰੀ ਨਾ ਸਿਦਕ ਛੱਡਿਆ ਤੇ ਨਾ ਹੀ ਕਿਸੇ ਦੀ ਈਨ ਹੀ ਮੰਨੀ। ਇਸ ਦਾ ਨਤੀਜਾ ਕੀ ਨਿਕਲਿਆ, ਪੰਜਵੀਂ ਪਾਤਸ਼ਾਹੀ ਸਤਿਗੁਰੂ ਅਰਜਨ ਦੇਵ ਜੀ ਨੂੰ ਸ਼ਹਾਦਤ ਵੀ ਦੇਣੀ ਪਈ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਕਾਰਨ ਸਿਰਫ਼ ਇੰਨਾ ਹੀ ਨਹੀਂ ਸੀ ਕਿ ਉਹਨਾਂ ਸਿੱਖ ਗੁਰੂ ਸਾਹਿਬਾਨ ਦੀ ਪਵਿੱਤਰ ਬਾਣੀ ਨੂੰ ਇਕੱਤਰ ਕਰਕੇ ਇਕ ਗ੍ਰੰਥ ਤਿਆਰ ਕੀਤਾ ਬਲਕਿ ਗੁਰੂ ਅਰਜਨ ਦੇਵ ਜੀ ਦੇ ਇਸ ਪਵਿੱਤਰ ਕਾਰਜ ਲਈ ਵਿਰੋਧੀਆਂ ਨੇ ਮੁਗਲ ਬਾਦਸ਼ਾਹ ਦੇ ਇਸ ਕਰਕੇ ਕੰਨ ਭਰ-ਭਰ ਕੇ ਉਕਸਾਇਆ ਕਿ ਇਸ ਗ੍ਰੰਥ ਅੰਦਰ ਇਸਲਾਮ ਪ੍ਰਤੀ ਸਭ ਸ਼ੁਭ ਨਹੀਂ ਬਲਕਿ ਇਤਿਹਾਸਕਾਰਾਂ ਦਾ ਮੰਨਣਾ ਤਾਂ ਇਹ ਹੈ ਕਿ ਵਿਚਲੀ ਗੱਲ ਤਾਂ ਇਹ ਸੀ ਕਿ ਗੁਰੂ ਸਾਹਿਬਾਨ ਦੇ ਦੋਖੀਆਂ ਨੂੰ ਇਹ ਗੱਲ ਹਰਗਿਜ਼ ਮਨਜ਼ੂਰ ਨਹੀਂ ਸੀ ਕਿ ਦੱਬੇ-ਕੁਚਲੇ ਵਰਗਾਂ ਦੇ ਆਦਿ ਮਹਾਂਪੁਰਸ਼ਾਂ ਦੀ ਬਾਣੀ ਨੂੰ ਵੀ ਇੰਨਾ ਉਚਾ-ਸੁੱਚਾ ਰੁਤਬਾ ਤੇ ਬਾਕੀ ਸਿੱਖ ਗੁਰੂ ਸਾਹਿਬਾਨ ਦਾ ਬਰਾਬਰ ਸਤਿਕਾਰ ਮਿਲੇ।

ਪਰ ਉਹਨਾਂ ਮਨੂਵਾਦੀ ਦੋਖੀਆਂ ਨੂੰ ਇਹ ਨਹੀਂ ਪਤਾ ਕਿ ਸਤਿਗੁਰੂ ਨਾਨਕ ਦੇਵ ਜੀ ਨੇ ਐਵੇਂ ਨਹੀਂ ਇਹਨਾਂ ਮਹਾਂਪੁਰਸ਼ਾਂ ਦੀ ਬਾਣੀ ਇਕੱਤਰ ਕੀਤੀ ਅਤੇ ਗੁਰੂ ਅਰਜਨ ਦੇਵ ਜੀ ਨੇ ਸਾਰੀ ਬਾਣੀ ਇਕ ਜਗ੍ਹਾ ਇਕੱਤਰ ਕਰਕੇ ਗ੍ਰੰਥ ਤਿਆਰ ਕੀਤਾ ਤੇ ਉਸਨੂੰ 'ਆਦਿ ਗ੍ਰੰਥ' ਦਾ ਰੁਤਬਾ ਦਿੱਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ 'ਆਦਿ ਗ੍ਰੰਥ' ਨੂੰ ਗੁਰੂ ਗ੍ਰੰਥ ਸਾਹਿਬ ਦਾ ਰੁਤਬਾ ਦਿੱਤਾ ਬਲਕਿ ਇਹਨਾਂ ਮਹਾਂਪੁਰਸ਼ਾਂ ਦੀ ਉਸਤਤ ਵੀ ਕੀਤੀ।

ਇਹੀ ਵਜ੍ਹਾ ਹੈ ਕਿ ਜਿਉਂ-ਜਿਉਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਲੱਗ-ਅਲੱਗ ਭਾਸ਼ਾਵਾਂ 'ਚ ਭਾਰਤ ਦੇ ਅਲੱਗ-ਅਲੱਗ ਪ੍ਰਾਂਤਾਂ ਤੇ ਦੇਸ਼ ਤੋਂ ਬਾਹਰ ਪ੍ਰਚਾਰ ਤੇ ਪ੍ਰਸਾਰ ਹੋ ਰਿਹਾ ਹੈ ਤਾਂ ਭਾਰਤ ਦੇ ਲੋਕਾਂ ਨੂੰ ਇਸ ਗੱਲ ਦਾ ਵੀ ਗਿਆਨ ਹੋ ਰਿਹਾ ਹੈ ਕਿ ਸਿੱਖ ਧਰਮ ਅਤੇ ਗ੍ਰੰਥ ਸਿਰਫ਼ ਤੇ ਸਿਰਫ਼ ਸਿੱਖਾਂ ਦਾ ਹੀ ਨਹੀਂ ਬਲਕਿ ਹੋਰਨਾਂ ਪ੍ਰਾਂਤਾਂ, ਧਰਮਾਂ, ਵਰਗਾਂ ਦੇ ਲੋਕਾਂ ਦਾ ਵੀ ਧਰਮ ਹੈ, ਖਾਸ ਕਰਕੇ ਭਾਰਤ ਦੇ ਮੂਲ ਨਿਵਾਸੀ ਵਰਗ ਦੇ ਲੋਕ ਜਿਉਂ ਜਿਉਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੁਣ-ਪੜ੍ਹ ਅਤੇ ਅਧਿਐਨ ਕਰ ਰਹੇ ਹਨ, ਤਿਉਂ-ਤਿਉਂ ਸਿੱਖ ਧਰਮ ਪ੍ਰਤੀ ਉਹਨਾਂ ਦਾ ਵਿਸ਼ਵਾਸ ਵੱਧ ਰਿਹਾ ਹੈ ਤੇ ਬਹੁਤ ਸਾਰੇ ਸਿੱਖ ਧਰਮ ਨੂੰ ਮੰਨ ਹੀ ਨਹੀਂ ਰਹੇ ਬਲਕਿ ਆਪਣਾ ਧਰਮ ਮੰਨਦੇ ਹੋਏ ਸਿੰਘ ਵੀ ਸਜ ਰਹੇ ਹਨ।

ਪਰ ਲੋੜ ਹੈ ਸਿੱਖ ਧਰਮ ਨੂੰ ਵਧਦਾ-ਫੁਲਦਾ ਰੱਖਣ ਲਈ ਸਿੱਖ ਧਰਮ 'ਚੋਂ ਨਹੀਂ ਬਲਕਿ ਸਿੱਖ ਜਗਤ ਵਿਚ ਉਹਨਾਂ ਸਿੱਖ ਵੀਰਾਂ-ਭੈਣਾਂ ਨੂੰ ਜੋ ਸਿੱਖ ਹੁੰਦੇ ਹੋਏ ਵੀ ਅੱਜ ਵੀ ਆਪਣੇ ਮਨਾਂ ਅੰਦਰ ਮਨੂਵਾਦੀ ਵਿਚਾਰਧਾਰਾ ਨੂੰ ਪਾਲੀ ਬੈਠੇ ਹਨ, ਮਨੂਵਾਦੀ ਵਿਵਸਥਾ ਤੋਂ ਮੁਕਤ ਹੋ ਕੇ ਹੀ ਗੁਰੂ ਸਾਹਿਬਾਨ ਤੇ ਗੁਰੂ ਗ੍ਰੰਥ ਸਾਹਿਬ ਦੇ ਸੱਚੇ ਸਿੱਖ ਬਣਿਆ ਜਾ ਸਕਦਾ ਹੈ।

ਪਿਛਲੇ 37 ਸਾਲਾਂ ਤੋਂ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਸਾਲਾਨਾ ਮਹਾਨ ਨਗਰ ਕੀਰਤਨ ਮਨਾਉਂਦੇ ਆ ਰਹੇ ਹਨ ਤੇ ਇਸ ਸਾਲ 38ਵਾਂ ਮਹਾਨ ਨਗਰ ਕੀਰਤਨ ਸਬੰਧਤ ਸਿੱਖ ਟੈਂਪਲ (ਗੁਰਦੁਆਰਾ ਸਾਹਿਬ) ਟਾਇਰਾ-ਬੁਇਨਾ (ਯੂਬਾ ਸਿਟੀ) ਵਿਖੇ 2 ਸਤੰਬਰ ਨੂੰ ਸ੍ਰੀ ਅਖੰਡ ਪਾਠਾਂ ਦੀ ਲੜੀ ਆਰੰਭ ਹੋਈ ਅਤੇ 5 ਨਵੰਬਰ ਦਿਨ ਐਤਵਾਰ ਨੂੰ ਭੋਗ ਪਾਏ ਗਏ। ਇਸ ਦੌਰਾਨ ਕਵੀ ਦਰਬਾਰ, ਦੀਵਾਨ ਅਤੇ ਕੀਰਤਨ ਦਰਬਾਰ ਸਜਾਏ ਗਏ। ਕਥਾ ਵਾਚਕ, ਰਾਗੀ/ਢਾਡੀ ਆਦਿ ਜਥਿਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚੀ ਸੰਗਤ ਲਈ ਪ੍ਰਬੰਧ ਕਰਨਾ ਕੋਈ ਸੌਖਾ ਕੰਮ ਨਹੀਂ ਹੈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ, ਬੋਰਡ ਆਫ਼ ਡਾਇਰੈਕਟਰਜ਼ ਅਤੇ ਸਮੂਹ ਸੰਗਤ ਦਿਲੀ ਹਾਰਦਿਕ ਵਧਾਈ ਦੀ ਪਾਤਰ ਹੈ। ਧੰਨ ਹਨ ਉਹ ਗੁਰਮੁਖ ਪਰਿਵਾਰ ਤੇ ਸੰਸਥਾਵਾਂ ਜੋ ਤਨੋਂ, ਮਨੋਂ, ਧਨੋਂ ਗੁਰੂ ਕੇ ਲੰਗਰ, ਭਾਂਤ ਭਾਂਤ ਦੀਆਂ ਮਠਿਆਈਆਂ, ਫਲ-ਫਰੂਟ, ਜੂਸ, ਗੰਨੇ ਦਾ ਰਸ, ਗਰਮਾ ਗਰਮ ਚਾਹ, ਕਾਫੀ, ਪਕੌੜੇ, ਭਠੂਰੇ, ਅਲੱਗ-ਅਲੱਗ ਕਿਸਮ ਦੇ ਠੰਡੇ/ਸੋਡੇ ਆਦਿ ਖਾਣ ਪੀਣ ਵਾਲੀਆਂ ਵਸਤਾਂ ਨਾਲ ਸੇਵਾ ਕਰਦੇ ਰਹੇ। ਧੰਨ ਹਨ ਉਹ ਵਿਅਕਤੀ/ਪਰਿਵਾਰ/ਸੰਸਥਾਵਾਂ, ਜਿਹਨਾਂ ਸਿੱਖ ਧਰਮ ਸਬੰਧਤ ਕਿਤਾਬਾਂ ਮੁਫ਼ਤ ਵੰਡੀਆਂ। ਧੰਨ ਹਨ ਸਾਡੇ ਮੀਡੀਆ ਵਾਲੇ ਵੀਰ ਅਤੇ ਭੈਣਾਂ ਜਿਹਨਾਂ ਅਖ਼ਬਾਰਾਂ, ਮੈਗਜ਼ੀਨ, ਸੋਵੀਨਰ, ਰੇਡੀਓ, ਟੀ. ਵੀ. ਤੋਂ ਇਲਾਵਾ ਸੋਸ਼ਲ ਮੀਡੀਆ ਰਾਹੀਂ ਵਿਸ਼ਵ ਪੱਧਰ ਤੱਕ 38ਵੇਂ ਮਹਾਨ ਨਗਰ ਕੀਰਤਨ ਦਾ ਅੱਖੀਂ ਡਿੱਠਾ ਹਾਲ ਲਾਈਵ ਅਤੇ ਰਿਕਾਰਡ ਕਰਕੇ ਦਿਖਾਇਆ।

ਅਦਾਰਾ "ਦੇਸ਼ ਦੁਆਬਾ" ਗੁਰੂ ਗ੍ਰੰਥ ਸਾਹਿਬ ਤੇ ਸਮੂਹ ਸੰਗਤ ਨੂੰ ਨਤਮਸਤਕ ਹੁੰਦਾ ਹੋਇਆ ਸਭ ਨੂੰ ਗੁਰੂ ਨਾਨਕ ਗੁਰਪੁਰਬ, ਗੁਰਤਾਗੱਦੀ ਦਿਵਸ ਨੂੰ ਸਮਰਪਿਤ 38ਵਾਂ ਮਹਾਨ ਨਗਰ ਕੀਰਤਨ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਦੀ ਦਿਲੀ ਹਾਰਦਿਕ ਵਧਾਈ ਦਿੰਦਾ ਹੈ। ਅਦਾਰਾ 'ਦੇਸ਼ ਦੁਆਬਾ' ਉਹਨਾਂ ਪਰਿਵਾਰਾਂ ਅਤੇ ਸੰਸਥਾਵਾਂ ਦਾ ਵੀ ਅਤੀ ਧੰਨਵਾਦੀ ਹੈ, ਜਿਹਨਾਂ ਨੇ ਅਦਾਰਾ 'ਦੇਸ਼ ਦੁਆਬਾ' 'ਚ ਆਪਣੀਆਂ ਖੁਸ਼ੀਆਂ ਅਤੇ ਵਧਾਈਆਂ ਦੇ ਇਸ਼ਤਿਹਾਰ ਦੇ ਕੇ ਮਾਲੀ ਮਦਦ ਕੀਤੀ ਹੈ। ਵਾਹਿਗੁਰੂ ਆਪ ਸਭ ਨੂੰ ਹਮੇਸ਼ਾ ਹਮੇਸ਼ਾ ਲਈ ਚੜ੍ਹਦੀ ਕਲਾ 'ਚ ਰੱਖੇ ਅਤੇ ਸਾਡਾ ਤੁਹਾਡਾ ਪਿਆਰ-ਸਤਿਕਾਰ ਤੇ ਦ੍ਰਿੜ੍ਹ ਵਿਸ਼ਵਾਸ ਇਸੇ ਤਰ੍ਹਾਂ ਬਣਿਆ ਰਹੇ।

*****

### ਗੁਰਤਾਗੱਦੀ ਦਿਵਸ ਸਬੰਧਤ 4 ਨਵੰਬਰ ਨੂੰ ਕਰਵਾਏ ਗਏ ਕੀਰਤਨ ਦਰਬਾਰ, ਇਲਾਹੀ ਬਾਣੀ ਦੌਰਾਨ ਜਾਪ ਤੇ ਸ਼ਬਦ ਗਾਇਨ ਦੌਰਾਨ ਵੱਖ ਵੱਖ ਤਕਰੀਰਾਂ

ਗੁਰਤਾ ਗੱਦੀ ਸਬੰਧਤ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੌਰਾਨ 38ਵੇਂ ਵਿਸ਼ਾਲ ਨਗਰ ਕੀਰਤਨ ਨੂੰ ਮੁੱਖ ਰੱਖਦਿਆਂ 4 ਨਵੰਬਰ ਦੇ ਸ਼ਾਮਾਂ ਨੂੰ ਕੀਰਤਨ ਦਰਬਾਰ ਸਜਾਏ ਗਏ। ਇਸ ਤੋਂ ਪਹਿਲਾਂ 3 ਨਵੰਬਰ ਦੀ ਸ਼ਾਮ ਨੂੰ ਕੀਰਤਨ ਦੀਵਾਏ ਸਜਾਏ ਗਏ ਅਤੇ ਰਾਤ ਨੂੰ ਪਟਾਕੇ, ਆਤਿਸ਼ਬਾਜ਼ੀਆਂ ਚਲਾਈਆਂ ਗਈਆਂ, ਜਿਸ ਨਾਲ ਸਿੱਖ ਟੈਂਪਲ ਦਾ ਆਲਾ ਦੁਆਲਾ ਰੁਸ਼ਨਾ ਗਿਆ। ਜਿਸ ਦਾ ਭਾਰੀ ਗਿਣਤੀ ਵਿਚ ਹਾਜ਼ਰ ਸੰਗਤਾਂ ਨੇ ਅੱਖੀਂ ਡਿੱਠਾ ਨਜ਼ਾਰਾ ਦੇਖਿਆ।

4 ਨਵੰਬਰ ਦਿਨ ਸ਼ਨਿਚਰਵਾਰ ਦੀਆਂ ਸ਼ਾਮਾਂ ਨੂੰ ਭਾਈ ਬਚਿੱਤਰ ਸਿੰਘ ਤੇ ਨਾਭੇ ਵਾਲੀਆਂ ਬੀਬੀਆਂ ਦੇ ਢਾਡੀ ਜਥੇ ਨੇ ਸਿੱਖੀ ਵਾਰਾਂ, ਭਾਈ ਲਖਵਿੰਦਰ ਸਿੰਘ ਸੋਹਲ ਦੇ ਢਾਡੀ ਜਥੇ ਜੂਨ 1984 ਸਬੰਧਤ ਵਾਰਾਂ, ਨਿਰਮਲ ਸਿੰਘ ਨੂਰ ਨੇ ਕਵਿਤਾ 'ਕੌਮਾਂ ਸਦਾ ਜਿਉਂਦੀਆਂ ਕੁਰਬਾਨੀਆਂ ਤੇ, ਦੱਸਾਂ ਕੀ ਕੀ ਦੁੱਖ ਦਿੱਤੇ ਦਿੱਲੀ ਨੇ ਪੰਜਾਬ ਨੂੰ' ਸਿਮਰਲ ਤੇ ਭੈਣਾਂ (ਬੱਚੀਆਂ) ਨੇ 'ਹੌਸਲੇ ਰਹਿਣ ਬੁਲੰਦ ਸਦਾ ...' ਅਤੇ 'ਯੁੱਗੋ ਯੁੱਗ ਝੂਲਦੇ ਰਹਿਣ ਨਿਸ਼ਾਨ ਖਾਲਸੇ ਦੇ ..' ਭਾਈ ਤਰਸੇਮ ਸਿੰਘ ਨੇ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਕਮਲਜੀਤ ਸਿੰਘ ਹਿਊਸਟਨ, ਗੁਰਨਾਮ ਸਿੰਘ ਪੰਮਾ ਅਤੇ ਮਨਮੀਤ ਸਿੰਘ ਨੇ ਸੰਗਤਾਂ ਨੂੰ ਵਧਾਈਆਂ ਦਿੱਤੀਆਂ। ਸ. ਪੰਮਾ ਨੇ ਬਤੌਰ ਨਗਰ ਕੀਰਤਨ ਦੇ ਚੇਅਰਮੈਨ ਦੀ ਹੈਸੀਅਤ ਤੋਂ ਸਮੂਹ ਸੰਗਤ ਨੂੰ ਪੂਰਨ ਸਾਥ ਦੇਣ ਲਈ ਬੇਨਤੀ ਕੀਤੀ ਅਤੇ ਹਾਜ਼ਰ ਸੰਗਤਾਂ ਦਾ ਧੰਨਵਾਦ ਵੀ ਕੀਤਾ।

ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਕਾਫੀ ਲੰਮੇ ਅਰਸੇ ਬਾਅਦ ਮਹਾਤਮਾ ਬੁੱਧ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਆਏ ਸਾਡੇ ਕਲਿਆਣ ਵਾਸਤੇ। ਉਹਨਾਂ 33 ਵਰ੍ਹੇ ਪਿਛਾਂਹ ਜਾਂਦਿਆਂ ਸਿੱਖਾਂ ਨੂੰ ਅਪੀਲ ਕੀਤੀ ਕਿ ਇਕੱਠੇ ਹੋਵੋ ਤੇ ਪੰਥ ਨੂੰ ਬਚਾਓ, ਜੇਕਰ ਪੰਥ ਦੀ ਹੀ ਰੱਖਿਆ ਨਾ ਕਰ ਸਕੇ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਗੱਲ ਕੌਣ ਕਰੇਗਾ। ਪੰਥ ਹੀ ਹੈ ਜਿਸ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਗੱਲ ਕਰਨੀ ਅਤੇ ਬੇਅਦਬੀਆਂ ਤੋਂ ਬਚਾਉਣਾ। ਉਹਨਾਂ ਵੱਖਰੇ ਰਾਜ (ਖਾਲਿਸਤਾਨ ਦੀ ਵਕਾਲਤ) ਦੀ ਗੱਲ ਕਰਦਿਆਂ ਕਿਹਾ ਕਿ ਬਹੁਤ ਸਾਰੇ ਕਹਿੰਦੇ ਹਨ ਕਿ ਇੱਥੇ (ਭਾਰਤ ਤੋਂ ਬਾਹਰ) ਨਾਅਰੇਬਾਜ਼ੀਆਂ ਜਾਂ ਮੁਜ਼ਾਹਰੇ ਕਰਨ ਨਾਲ ਕੀ ਹੋ ਜਾਣਾ ਹੈ ਤਾਂ ਮੈਂ ਉਹਨਾਂ ਭਰਾਵਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ-ਤੁਹਾਡੇ ਨਾਅਰੇਬਾਜ਼ੀਆਂ ਅਤੇ ਮੁਜ਼ਾਹਰਿਆਂ ਨਾਲ ਭਾਰਤ ਸਰਕਾਰਨੂੰ ਕੀ ਸੰਕੇਤ ਜਾਂਦਾ ਹੈ। ਇਸ ਗੱਲ ਦਾ ਆਪ ਭਲੀ-ਭਾਂਤ ਸਮਝ ਸਕਦੇ ਹੋ ਕਿ ਭਾਰਤ ਸਰਕਾਰ ਨੂੰ ਇਹ ਗੱਲ ਕੈਨੇਡਾ ਸਰਕਾਰ ਪਾਸ ਰੱਖਣੀ ਪਈ ਕਿ ਤੁਹਾਡੇ ਦੇਸ਼ ਅੰਦਰ ਸਿੱਖਾਂ ਦੇ ਨਗਰ ਕੀਰਤਨਾਂ ਵਿਚ ਖਾਲਿਸਤਾਨੀ ਨਾਅਰੇ ਲੱਗਦੇ ਹਨ ਅਤੇ ਜਿਹਨਾਂ ਨੂੰ ਅੱਤਵਾਦੀ ਸਮਝਦੇ ਹਨ, ਦੀਆਂ ਪ੍ਰੋਟੈਸਟ ਨਾਲ ਖਾਲਿਸਤਾਨ ਨਹੀਂ ਬਣ ਜਾਣਾ ਪਰ ਸਾਨੂੰ ਆਪਣੀ ਆਜ਼ਾਦੀ ਲਈ ਨਾਅਰੇਬਾਜ਼ੀ ਕਰਨੀ ਅਤੇ ਮੁਜ਼ਾਹਰੇ ਕਰਨਾ ਵੀ ਜ਼ਰੂਰੀ ਹੈ।

ਸ. ਸਿਮਰਨਜੀਤ ਸਿੰਘ ਮਾਨ ਦੇ ਸਪੁੱਤਰ ਸ. ਇਮਾਨ ਸਿੰਘ ਮਾਨ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨੂੰ ਵਧਾਈ ਦਿੰਦਿਆਂ ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐਸ. ਐਸ.) ਤੋਂ ਸੁਚੇਤ ਰਹਿਣ ਲਈ ਕਿਹਾ ਅਤੇ ਗੁਰੂ ਸਾਹਿਬਾਨ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਤੋਂ ਮਹਾਰਾਜਾ ਰਣਜੀਤ ਸਿਘ ਤੇ ਸਿੰਘ ਸਭਾ ਲਹਿਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਡੇ ਬੱਚੇ ਜੋ ਸਿਲੀਕਾਨ ਵੈਲੀ 'ਚ ਰਹਿ ਰਹੇ ਹਨ, ਉਹਨਾਂ ਪਾਸ ਸੁਨਹਿਰੀ ਮੌਕਾ ਹੈ ਕਿ ਨਵੀਂ ਤਕਨੀਕ 'ਚ ਉਚ ਵਿੱਦਿਆ ਹਾਸਲ ਕਰਕੇ ਅੱਗੇ ਵਧਣ ਕਿਉਂਕਿ ਸਿਲੀਕਾਨ ਵੈਲੀ ਨਵੀਂ ਤਕਨੀਕ ਦਾ ਕੇਂਦਰ ਹੈ। ਇੱਥੋਂ ਦੀ ਸਿੱਖ ਜਨਰੇਸ਼ਨ ਨੂੰ ਆਪਣੇ ਮਿਸ਼ਨ ਤੇ ਵੀ ਡਟੇ ਰਹਿਣਾ ਚਾਹੀਦਾ ਹੈ, ਸਾਨੂੰ ਤੁਹਾਡੀ ਭਾਰਤ' ਵੀ ਜ਼ਰੂਰਤ ਹੈ। ਇਸ ਉਪਰੰਤ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਦੇ ਮੁੱਖ ਸੇਵਾਦਾਰਾਂ ਸ. ਜਸਵੰਤ ਸਿੰਘ ਹੋਠੀ ਨੇ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨੂੰ ਵਧਾਈਆਂ ਦਿੰਦਿਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਆਓ ਦਿੱਲੀ ਦੀ ਵਿਧਵਾ ਕਾਲੋਨੀ ਦੇ ਕਲੰਕ ਨੂੰ ਵੀ ਧੋਈਏ, ਭਾਵ ਉਹਨਾਂ ਦੀ ਜਿੰਨੀ ਵੀ ਸੇਵਾ ਹੋ ਸਕੇ, ਕਰਵਾਈਏ। ਇਸ ਉਪਰੰਤ ਸ. ਤਾਰਾ ਸਿੰਘ ਜੀ ਨੇ ਆਪਣੇ ਵਿਚਾਰਾਂ ਨਾਲ ਸਾਂਝ ਪਾਈ।

ਸ. ਰੇਸ਼ਮ ਸਿੰਘ ਜੋ ਹਾਲ ਹੀ ਵਿਚ ਇੰਡੀਆ ਹੋ ਕੇ ਆਏ, ਨੇ ਕਿਹਾ ਕਿ ਸਿੱਖ ਨਾ ਉਥੇ (ਇੰਡੀਆ) ਨਾ ਇੱਥੇ (ਅਮਰੀਕਾ) ਵਾਲੇ ਆਪਣੀ ਗੱਲ ਕਰਨ ਤੋਂ ਡਰੇ ਹਨ। ਉਹਨਾਂ ਇਹ ਵੀ ਕਿਹਾ ਕਿ ਉਹ ਇਸ ਪਰਿਵਾਰ 'ਚੋਂ ਹੈ ਜਿਸ ਦੀਆਂ ਪੰਜ ਪੁਸ਼ਤਾਂ ਨੇ ਅਕਾਲੀ ਲਹਿਰ 'ਚ ਆਪਣਾ ਬਣਦਾ ਯੋਗਦਾਨ ਪਾਇਆ। ਇਸ ਉਪਰੰਤ ਸ. ਬੂਟਾ ਸਿੰਘ ਜੀ ਨੇ ਆਪਣੇ ਵਿਚਾਰ ਸੰਗਤਾਂ ਨਾਲ ਸਾਝੇ ਕੀਤੇ।

ਇਸ ਤੋਂ ਇਲਾਵਾ ਸ. ਸੁਖਵਿੰਦਰ ਸਿੰਘ ਹੰਸਰਾ, ਸ. ਜਸਵਿੰਦਰ ਸਿੰਘ ਜੰਡੀ, ਡਾ. ਬਖਸ਼ੀਸ਼ ਸਿੰਘ ਅਤੇ ਸ. ਸੁਖਵਿੰਦਰ ਸਿੰਘ ਠਾਣਾ ਆਦਿ ਨੇ ਸੰਗਤਾਂ ਅਤੇ ਪ੍ਰਬੰਧਕ ਕਮੇਟੀ ਨੂੰ ਵਧਾਈਆਂ ਦਿੰਦਿਆਂ ਆਪੋ ਆਪਣੇ ਵਿਚਾਰਾਂ ਨਾਲ ਸਾਂਝ ਪਾਈ। ਉਪਰੋਕਤ ਸਾਰੇ ਬੁਲਾਰਿਆਂ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ. ਗੁਰਨਾਮ ਸਿੰਘ ਪੰਮਾ ਅਤੇ ਮੁੱਖ ਗ੍ਰੰਥੀ ਸਿੰਘ ਸਾਹਿਬ ਜੀ ਨੇ ਸਿਰੋਪਾਓ ਨਾਲ ਸਨਮਾਨਿਤ ਕੀਤਾ। ਸਟੇਜ ਦੀ ਸੇਵਾ ਬਾਖੂਬੀ ਨਾਲ ਨਿਭਾਉਂਦਿਆਂ ਸ. ਗੁਰਮੇਜ ਸਿੰਘ ਗਿੱਲ ਜੀ ਨੇ ਸਮੂਹ ਗੁਰੂ ਪਿਆਰੀ ਸੰਗਤ ਅਤੇ ਰਾਗੀ/ਢਾਡੀ/ਕਥਾਵਾਚਕ ਤੇ ਸਭ ਬੁਲਾਰਿਆਂ ਦਾ ਧੰਨਵਾਦ ਕੀਤਾ ਅਤੇ ਬਾਅਦ ਵਿਚ ਗੁਰੂ ਘਰ ਦੇ ਮੁੱਖ ਗ੍ਰੰਥੀ ਸਾਹਿਬ ਸਿੰਘ ਜੀ ਨੇ ਅਰਦਾਸ ਕੀਤੀ।

**ਰਿਪੋਰਟ ਅਤੇ ਤਸਵੀਰਾਂ–**
**ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'**

# ਠੇਕੇਦਾਰ ਸੰਸਾਰ ਚੰਦ ਦੀ ਅੰਤਿਮ ਅਰਦਾਸ ਵਿਚ ਉੱਘੀਆਂ ਧਾਰਮਿਕ, ਰਾਜਨੀਤਕ ਅਤੇ ਬੁਧੀਜੀਵੀ ਸ਼ਖ਼ਸੀਅਤਾਂ ਵਲੋਂ ਭਾਵਪੂਰਤ ਸ਼ਰਧਾਂਜਲੀਆਂ











"ਦੁਨੀਆਂ ਵਿੱਚੋਂ ਉਸ ਵਿਅਕਤੀ ਦਾ ਹੀ ਜਾਣਾ ਸਾਰਥਿਕ ਮੰਨਿਆਂ ਜਾਂਦਾ ਹੈ ਜਿਹੜਾ ਆਪਣੀ ਜ਼ਿੰਦਗੀ ਨੂੰ ਸਮਾਜ ਸੇਵਾ ਜਾਂ ਕੌਮ ਦੇ ਨਾਂ ਲਿਖ ਕੇ ਬਤੀਤ ਕਰਕੇ ਜਾਂਦਾ ਹੈ" ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਰਾਜ ਸਭਾ ਮੈਂਬਰ ਅਤੇ ਪ੍ਰਧਾਨ ਬਹੁਜਨ ਸਮਾਜ ਪਾਰਟੀ ਸ਼੍ਰੀ ਅਵਤਾਰ ਸਿੰਘ ਕਰੀਮਪੁਰੀ ਨੇ ਠੇਕੇਦਾਰ ਸੰਸਾਰ ਚੰਦ ਦੀਆਂ ਅੰਤਿਮ ਰਸਮਾਂ ਮੌਕੇ ਹਜ਼ਾਰਾਂ ਦੀ ਤਦਾਦ ਵਿਚ ਜੁੜ ਬੈਠੀ ਸੰਗਤ ਨਾਲ ਕੀਤਾ।ਉਨ੍ਹਾਂ ਕਿਹਾ ਕਿ ਸਾਡੇ ਪਿਤਾ ਸਮਾਨ ਸ਼੍ਰੀ ਸੰਸਾਰ ਚੰਦ ਨੇ ਸਖ਼ਤ ਮਿਹਨਤ ਕਰਕੇ ਆਪਣੇ ਪੰਜ ਪੁੱਤਾਂ ਅਤੇ ਇੱਕ ਧੀ ਨੂੰ ਹੀ ਆਰਥਿਕ, ਸਮਾਜਿਕ, ਰਾਜਨੀਤਕ ਅਤੇ ਵਿਦਿਅਕ ਤੌਰ ਤੇ ਖੁਸ਼ਹਾਲ ਹੀ ਨਹੀਂ ਕੀਤਾ ਸਗੋਂ ਆਪਣੀ ਤਮਾਮ ਉਮਰ ਦਲਿਤ ਕੌਮ ਅਤੇ ਬਾਬਾ ਸਾਹਿਬ ਤੋਂ ਬਾਅਦ ਦਲਿਤਾਂ ਦੀ ਹੋਣੀ ਲਿਖਣੇ ਵਾਲੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਨਾਲ ਮਿਲ ਕੇ ਸਮਾਜ ਦੀ ਸੇਵਾ ਕਰਦੇ ਰਹੇ। ਦੁਨੀਆਂ ਤੋਂ ਜਾਣ ਬਾਅਦ ਵੀ ਉਹ ਆਪਣੀਆਂ ਅੱਖਾਂ ਨੇਤਰਦਾਨ ਸੰਸਥਾ ਹੁਸ਼ਿਆਰਪੁਰ ਦੇ ਸਰਪ੍ਰਸਤ ਪ੍ਰੋ. ਬਹਾਦਰ ਸਿੰਘ ਸੁਨੇਤ ਹੁਰਾਂ ਨੂੰ ਦਾਨ ਕਰਕੇ ਇੱਕ ਮਿਸਾਲ ਪੈਦਾ ਕਰਕੇ ਗਏ ਹਨ ਕਿ ਮਰਨ ਤੋਂ ਬਾਅਦ ਵੀ ਦਾਨੀ ਬਣਿਆ ਜਾ ਸਕਦਾ ਹੈ।

ਹਜ਼ਾਰਾਂ ਦੀ ਸੰਖਿਆਂ ਵਿਚ ਜੁੜ ਬੈਠੀ ਸੰਗਤ ਨੂੰ ਕੇਂਦਰੀ ਮੰਤਰੀ ਸ਼੍ਰੀ ਵਿਜੇ ਸਾਂਪਲਾ, ਸਾਬਕਾ ਮੰਤਰੀ ਪੰਜਾਬ ਸ਼੍ਰੀ ਤੀਕਸ਼ਣ ਸੂਦ, ਮੈਂਬਰ ਰਾਜ ਸਭਾ ਸ਼੍ਰੀ ਅਭਿਨਾਸ਼ ਰਾਏ ਖੰਨਾ, ਸੰਜੀਵ ਤਲਵਾੜ ਭਾਜਪਾ ਆਗੂ, ਪ੍ਰਵੀਨ ਬੰਗਾ ਬਸਪਾ ਜਨਰਲ ਸਕੱਤਰ, ਨਿਰਮਲ ਸਿੰਘ ਬਸਪਾ ਆਗੂ, ਰਜਿੰਦਰ ਰਿਹਲ ਬਸਪਾ ਆਗੂ, ਡਾ. ਰਵਜੋਤ ਸਿੰਘ ਆਪ ਪਾਰਟੀ, ਡਾ. ਰਾਜ ਕੁਮਾਰ ਐੱਮ.ਐੱਲ. ਏ. ਚੱਬੇਵਾਲ, ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਦੇ ਮੁਖੀ ਸੰਤ ਨਿਰਮਲ ਦਾਸ ਜੀ, ਸੰਤ ਸਰਵਣ ਦਾਸ ਜੀ ਬੋਹਣ, ਐਕਸੀਅਨ ਬੱਧਣ ਸਾਹਿਬ, ਐੱਡਵੋਕੇਟ ਰਣਜੀਤ ਸਿੰਘ ਸੱਚ ਫਾਊਂਡੇਸ਼ਨ, ਡਾ. ਰਾਹੁਲ ਅਤੇ ਸੋਹਣ ਸਹਿਜਲ ਪ੍ਰਬੁਧ ਭਾਰਤ, ਇੰਜੀਨੀਅਰ ਜਸਵੰਤ ਰਾਏ ਬਿਜਲੀ ਬੋਰਡ, ਪ੍ਰਿੰਸੀ. ਡਾ. ਪਰਮਜੀਤ ਸਿੰਘ ਸਰਕਾਰੀ ਕਾਲਜ ਹੁਸ਼ਿਆਰਪੁਰ, ਪ੍ਰਿੰਸੀ. ਸ਼ਿਵ ਸਿੰਘ ਵਿੱਤ ਸਕੱਤਰ ਐੱਸ. ਸੀ. ਬੀ.ਸੀ. ਇੰਪਲਾਇਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ, ਡਾ. ਜਸਵੰਤ ਰਾਏ ਜਨਰਲ ਸਕੱਤਰ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਆਦਿ ਆਗੂਆਂ ਨੇ ਠੇਕੇਦਾਰ ਸ਼੍ਰੀ ਸੰਸਾਰ ਚੰਦ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਹਨਾਂ ਦੇ ਜੀਵਨ ਵਿਚੋਂ ਬਹੁਤ ਸਾਰੀਆਂ ਯਾਦਾਂ ਨੂੰ ਸਾਂਝੇ ਕੀਤਾ ਅਤੇ ਸਮਾਜ ਵਿਚ ਉਨ੍ਹਾਂ ਦੀ ਸਮਾਜ ਸੇਵੀ ਦਿਖ ਦੀ ਸ਼ਾਹਦੀ ਭਰੀ।

ਠੇਕੇਦਾਰ ਸ਼੍ਰੀ ਸੰਸਾਰ ਚੰਦ ਦਾ ਜਨਮ 1935 ਈ. ਵਿਚ ਪਿੰਡ ਸੁਨੜਾ ਤਹਿਸੀਲ ਫਗਵਾੜਾ ਵਿਚ ਹੋਇਆ।ਉਹ ਸ਼ੁਰੂ ਤੋਂ ਹੀ ਤਕੜੇ ਜੁੱਸੇ ਦੇ ਮਾਲਕ ਸਨ ਅਤੇ ਭਲਵਾਨੀ ਕਰਦੇ ਸਨ।ਆਪਣੇ ਕਾਰੋਬਾਰ ਉਨ੍ਹਾਂ ਨੇ ਜੇ.ਸੀ.ਟੀ. ਫਗਵਾੜਾ ਤੋਂ ਸ਼ੁਰੂ ਕਰਕੇ ਭਾਰਤ ਦੀਆਂ ਨਾਮਵਰ ਕੰਪਨੀਆਂ ਤੱਕ ਪਹੁੰਚਾਇਆ। ਉਨ੍ਹਾਂ ਦਾ ਸਾਰਾ ਪਰਿਵਾਰ ਦੇਸ਼ ਵਿਦੇਸ਼ ਵਿਚ ਖੁਸ਼ਹਾਲੀ ਦੀ ਜ਼ਿੰਦਗੀ ਗੁਜ਼ਾਰ ਰਿਹਾ ਹੈ।

ਉਨ੍ਹਾਂ ਦਾ ਸਾਰਾ ਪਰਿਵਾਰ ਡਾ. ਭੀਮ ਰਾਓ ਅੰਬੇਦਕਰ ਨੂੰ ਆਪਣਾ ਰਾਹ ਦਿਸੇਰਾ ਮੰਨਦਾ ਹੈ ਅਤੇ ਵਿਗਿਆਨਕ ਸੋਚ ਨੂੰ ਪ੍ਰਣਾਇਆ ਹੋਇਆ ਹੈ। ਉਨ੍ਹਾਂ ਦਾ ਬੇਟਾ ਠੇਕੇਦਾਰ ਭਗਵਾਨ ਦਾਸ ਉਨ੍ਹਾਂ ਦੇ ਠੇਕੇਦਾਰੀ ਦੇ ਕੰਮ ਨੂੰ ਅੱਗੇ ਵਧਾ ਰਿਹਾ ਹੈ ਅਤੇ ਨਾਲ ਦੀ ਨਾਲ ਸਮਾਜ ਸੇਵਾ ਅਤੇ ਬਸਪਾ ਪਾਰਟੀ ਵਿਚ ਕੰਮ ਕਰਦਿਆ ਹਲਕਾ ਸ਼ਾਮ ਚੁਰਾਸੀ ਤੋਂ ਐੱਮ. ਐੱਲ. ਏ. ਦੀ ਟਿਕਟ ਤੇ ਕਿਸਮਤ ਵੀ ਅਜਮਾ ਚੁੱਕਾ ਹੈ।

ਹੁਸ਼ਿਆਰਪੁਰ ਸ਼ਹਿਰ ਦੀ ਕੋਈ ਵੀ ਸਮਾਜਿਕ ਜਾਂ ਸਿਖਿਅਕ ਜਗਤ ਦੀ ਕੋਈ ਵੀ ਕਿਰਿਆ ਅਜਿਹੀ ਨਹੀਂ ਹੋਣੀ ਜਿਸ ਨੂੰ ਠੇਕੇਦਾਰ ਸੰਸਾਰ ਚੰਦ ਜੀ ਦੇ ਪਰਿਵਾਰ ਦਾ ਅਸ਼ੀਰਵਾਦ ਨਾ ਪ੍ਰਾਪਤ ਹੋਵੇ।

ਸ਼ਰਧਾਂਜਲੀ ਸਮਾਗਮ ਵਿਚ ਨਵੀਂ ਪਿਰਤ ਪਾਉਂਦਿਆਂ ਠੇਕੇਦਾਰ ਭਗਵਾਨ ਦਾਸ ਜੀ ਨੇ ਬਸਪਾ ਨੂੰ ਸਮਾਜਿਕ ਅੰਦੋਲਨ ਵਾਸਤੇ ਇੱਕ ਲੱਖ ਰੁਪਏ, ਪ੍ਰਬੁਧ ਭਾਰਤ ਸੰਸਥਾ ਨੂੰ ਇੱਕਵੰਜਾ ਹਜ਼ਾਰ ਰੁਪਏ, ਸੱਚ ਫਾਉਂਡੇਸ਼ਨ ਨੂੰ ਇੱਕਵੰਜਾ ਹਜ਼ਾਰ ਰੁਪਏ, ਸਰਕਾਰੀ ਕਾਲਜ ਹੁਸ਼ਿਆਰਪੁਰ ਨੂੰ ਵਿਦਿਆਰਥੀਆਂ ਦੀ ਸਿੱਖਿਆ ਲਈ ਇੱਕਵੰਜਾ ਹਜ਼ਾਰ ਰੁਪਏ ਦਾ ਦਾਨ ਦਿੱਤਾ। ਇਸ ਮੌਕੇ ਠੇਕੇਦਾਰ ਜੀ ਦੇ ਪਰਿਵਾਰ ਚੋਂ ਸ਼੍ਰੀ ਪਰਸ਼ੋਤਮ ਲਾਲ ਸਿੱਧੂ, ਠੇਕੇਦਾਰ ਭਗਵਾਨ ਦਾਸ ਸਿੱਧੂ, ਬਲਰਾਜ ਸਿੱਧੂ, ਬਲਰਾਮ ਸਿੱਧੂ ਅਤੇ ਭੈਣ ਨੀਲਮ ਦੇਵੀ ਤੋਂ ਇਲਾਵਾ ਡਾ. ਸਰਦੂਲ ਸਿੰਘ, ਡਾ. ਸੁਰਿੰਦਰ ਸਿੰਘ, ਐਡਵੋਕਟ ਧਰਮਿੰਦਰ ਦਾਦਰਾ, ਐਡਵੋਕੇਟ ਪੱਲਵ, ਮਾਸਟਰ ਰੇਸ਼ਮ ਸਿੰਘ ਮਾਸਟਰ ਕੇਡਰ ਯੂਨੀਅਨ, ਮਾਸਟਰ ਯੋਧਾ ਮੱਲ, ਲਖਵਿੰਦਰ ਰਾਮ, ਗੁਲਜਾਰੀ ਲਾਲ, ਚੌਧਰੀ ਬਲਵੀਰ ਬਸਪਾ ਆਗੂ, ਪ੍ਰਿੰਸੀ. ਚਮਨ ਲਾਲ, ਬਲਵਿੰਦਰ ਕੁਮਾਰ ਬਿੰਦੀ ਐੱਮ.ਸੀ. ਸ਼ਿਵ ਕੁਮਾਰ ਅਤੇ ਹਜ਼ਾਰਾਂ ਦੀ ਸੰਖਿਆ ਵਿਚ ਰਿਸ਼ਤੇਦਾਰ ਅਤੇ ਦੋਸਤ ਮਿੱਤਰ ਸਨੇਹੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ**
**(98158-25999)**

## ਘਰ ਵਿਚ ਖੇਤੀ: ਪਾਪਾਟੋਏਟੋ ਵੈਜ਼ੀ ਗਾਰਡਨ ਕੰਪੀਟੀਸ਼ਨ 'ਚ ਸ. ਮਹਾਂਬੀਰ ਸਿੰਘ ਨੇ ਜਿੱਤਿਆ ਪਹਿਲਾ ਇਨਾਮ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਸ਼ਰਲੀ ਰੋਡ ਪਾਪਾਟੋਏਟੋਏ ਵਿਖੇ ਪਿਛਲੇ ਤਿੰਨ ਸਾਲਾਂ ਤੋਂ ਰਹਿ ਰਹੇ ਸ. ਮਹਾਂਬੀਰ ਸਿੰਘ ਨੇ ਘਰ ਦੇ ਵਿਚ ਸਬਜ਼ੀਆਂ ਦੀ ਖੇਤੀ ਕਰਕੇ ਪੂਰੇ ਪਾਪਾਟੋਏਟੋਏ ਨੂੰ ਪਿੱਛੇ ਛੱਡ 'ਬੈਸਟ ਵੈਜ਼ੀਟੇਬਲ ਗਾਰਡਨ' ਦਾ ਪਹਿਲਾ ਇਨਾਮ ਪ੍ਰਾਪਤ ਕਰਕੇ ਭਾਈਚਾਰੇ ਦਾ ਨਾਂਅ ਚਮਕਾਇਆ ਹੈ। ਲਗਪਗ 75




ਸਾਲਾਂ ਦੇ ਸ. ਮਹਾਂਬੀਰ ਸਿੰਘ ਆਪਣੇ ਘਰ 'ਚ ਲਗਪਗ 70-80 ਵਰਗ ਮੀਟਰ ਥਾਂ ਵਿਚ ਵਿਭਿੰਨ ਸਬਜ਼ੀਆਂ ਦੀ ਕਾਸ਼ਤ ਕਰਦੇ ਹਨ ਜਿਨ੍ਹਾਂ ਵਿਚ ਪਾਲਕ, ਮੇਥੇ, ਧਨੀਆ, ਬੈਂਗਣ, ਸ਼ਿਮਲਾ ਮਿਰਚ (ਕੈਂਪਸੀਕਮ), ਕਰੇਲੇ, ਰਾਮਾ ਤੋਰੀ, ਟਮਾਟਰ, ਫਲੀਆਂ, ਕੱਦੂ, ਟਿੰਡਾ, ਹਰੀਆਂ ਮਿਰਚਾਂ, ਪੁਦੀਨਾ, ਲਸਣ, ਪਿਆਜ, ਫੈਂਸੀ ਲੈਟਸ, ਹਰਾ ਸਾਗ ਸਮੇਤ ਲਗਪਗ 20 ਸਬਜੀਆਂ ਸ਼ਾਮਿਲ ਹਨ। ਉਹ ਰੋਜ਼ਾਨਾ ਆਪਣਾ ਫ੍ਰੀ ਟਾਈਮ ਹੀ ਇਥੇ ਲਗਾਉਂਦੇ ਹਨ ਜਦ ਕਿ ਬਾਕੀ ਸਮਾਂ ਇਕ ਫਾਰਮ ਹਾਊਸ ਵਿਚ ਫੁੱਲ ਟਾਈਮ ਜਾਬ ਕਰਦੇ ਹਨ। ਇਹ ਗਾਰਡਨ ਕੰਪੀਟੀਸ਼ਨ ਹਰ ਸਾਲ 'ਪਾਪਾਟੋਏਟੋਏ ਗਾਰਡਨ ਅਤੇ ਫਲੋਰਲ ਆਰਟ ਸੁਸਾਇਟੀ' ਵੱਲੋਂ ਕੌਂਸਿਲ ਦੀ ਮਦਦ ਨਾਲ ਕਰਵਾਇਆ ਜਾਂਦਾ ਹੈ ਅਤੇ ਇਸ ਵਾਰ ਇਹ 15ਵਾਂ ਮੁਕਾਬਲਾ ਸੀ। ਪਿਛਲੇ ਸਾਲ ਵੀ ਸ. ਮਹਾਂਬੀਰ ਸਿੰਘ ਨੂੰ ਦੂਜਾ ਇਨਾਮ ਪ੍ਰਾਪਤ ਹੋਇਆ ਸੀ ਤੇ ਇਸ ਵਾਰ ਪਹਿਲਾ ਇਨਾਮ ਪ੍ਰਾਪਤ ਕੀਤਾ। ਪਿਛਲੇ 15 ਸਾਲਾਂ ਦੇ ਇਤਿਹਾਸ ਵਿਚ ਇਹ ਪਹਿਲੇ ਪੰਜਾਬੀ ਵਿਅਕਤੀ ਹਨ ਜਿਨ੍ਹਾਂ ਦਾ ਨਾਂਅ ਇਸ ਵਾਰ ਜੇਤੂ ਟ੍ਰਾਫੀ ਦੇ ਉਤੇ ਲਿਖਿਆ ਗਿਆ। ਸ. ਮਹਾਂਬੀਰ ਸਿੰਘ ਜ਼ਿਲ੍ਹਾ ਕਰਨਾਲ ਤੋਂ ਸੰਨ 2014 ਤੋਂ ਇਥੇ ਪੱਕੇ ਤੌਰ 'ਤੇ ਆ ਵਸੇ ਹੋਏ ਹਨ। ਪੰਜਾਬੀ ਕਮਿਊਨਿਟੀ ਵੱਲੋਂ ਉਨ੍ਹਾਂ ਨੂੰ ਇਸ ਉਪਲਬਧੀ ਲਈ ਲੱਖ-ਵੱਖ ਵਧਾਈ ਦਿੱਤੀ ਜਾਂਦੀ ਹੈ।

# ਪਿਟਸਬਰਗ 'ਚ ਬਸਪਾ ਸਮਰਥਕਾਂ ਦੀ ਮੀਟਿੰਗ 19 ਨਵੰਬਰ ਨੂੰ

## ਪੰਜਾਬ ਬਸਪਾ ਪ੍ਰਧਾਨ ਸ਼੍ਰੀ ਰਸ਼ਪਾਲ ਸਿੰਘ ਰਾਜੂ ਹੋਣਗੇ ਮੁੱਖ ਮਹਿਮਾਨ

**ਪਿਟਸਬਰਗ (ਡੀ. ਡੀ. ਬੀ.)-** ਪੰਜਾਬ ਬਸਪਾ ਪ੍ਰਧਾਨ ਸ੍ਰੀ ਰਸ਼ਪਾਲ ਸਿੰਘ ਰਾਜੂ, ਬਹੁਜਨ ਸਮਾਜਪਾਰਟੀ ਪੰਜਾਬ ਦੇ ਪ੍ਰਧਾਨ ਬਣਨ ਉਪਰੰਤ ਪਹਿਲੀ ਵਾਰ ਕੈਲੇਫੋਰਨੀਆ ਫੇਰੀ ਦੌਰਾਨ 19 ਨਵੰਬਰ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਪਹੁੰਚ ਕੇ ਜਿੱਥੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਣਗੇ, ਉਥੇ ਉਹ ਸੰਗਤਾਂ ਦੇ ਸਨਮੁਖ ਵੀ ਹੋਣਗੇ।




ਬਸਪਾ ਸਮਰਥਕ ਯੂ. ਐਸ. ਏ. ਦੇ ਨੌਜਵਾਨਆਗੂ ਸ੍ਰੀ ਅਮਰ ਦੜੌਚ ਨੇ 'ਦੇਸ਼ ਦੁਆਬਾ' ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਰਾਜੂ ਇਕ ਦਿਨਾ ਫੇਰੀ ਤੇ ਕੈਲੇਫੋਰਨੀਆ ਆ ਰਹੇ ਹਨ। ਉਹ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਣ ਉਪਰੰਤ ਬਾਅਦ ਦੁਪਹਿਰ 2 ਵਜੇ ਮਹਿਰਾਨ ਰੈਸਟੋਰੈਂਟ ਪਿਟਸਬਰਗ ਵਿਖੇ ਬਸਪਾ ਸਮਰਥਕਾਂ ਨੂੰ ਮੁਖਾਰਬਿੰਦ ਹੋਣਗੇ। ਬਸਪਾ ਸਮਰਥਕ ਯੂ. ਐਸ. ਏ. ਵੱਲੋਂ ਸ੍ਰੀ ਦੜੌਚ ਨੇ ਸਾਰੇ ਹੀ ਬਸਪਾ ਸਮਰਥਕਾਂ ਨੂੰ ਸਮੇਂ ਸਿਰ ਪਹੁੰਚਣ ਦੀ ਬੇਨਤੀ ਕੀਤੀ ਹੈ। ਬਸਪਾ ਸਮਰਥਕ ਮੀਟਿੰਗ ਬਾਅਦ ਦੁਪਹਿਰ 2 ਵਜੇ ਤੋਂ 5 ਵਜੇ ਤੱਕ ਦਾ ਸਮਾਂ ਰਹੇਗੀ। ਹੋਰ ਵਧੇਰੇ ਜਾਣਕਾਰੀ ਲਈ ਸ੍ਰੀ ਅਮਰ ਦੜੌਚ ਨਾਲ (559) 905-6217 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਿੱਖ ਕਤਲੇਆਮ: ਸੁਪਰੀਮ ਕੋਰਟ ਵੱਲੋਂ ਸੁਣਵਾਈ 'ਤੇ ਰੋਕ ਲਾਉਣ ਤੋਂ ਇਨਕਾਰ

**ਨਵੀਂ ਦਿੱਲੀ-** ਸੁਪਰੀਮ ਕੋਰਟ ਨੇ ਦਿੱਲੀ ਹਾਈ ਕੋਰਟ ਵਿੱਚ 1984 ਦੇ ਸਿੱਖ ਕਤਲੇਆਮ ਸਬੰਧੀ ਕੇਸਾਂ ਵਿੱਚ ਸੁਣਵਾਈ 'ਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਹੈ। ਜਾਣਕਾਰੀ ਮੁਤਾਬਕ ਦਿੱਲੀ ਹਾਈ ਕੋਰਟ ਨੇ 11 ਜਣਿਆਂ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕਰ ਕੇ ਪੁੱਛਿਆ ਸੀ ਕਿ ਉਨ੍ਹਾਂ ਖ਼ਿਲਾਫ਼ ਮੁੜ ਮੁਕੱਦਮਾ ਕਿਉਂ ਨਾ ਚਲਾਇਆ ਜਾਵੇ? ਸਾਬਕਾ ਕੌਂਸਲਰ ਬਲਵਾਨ ਖੋਖਰ ਅਤੇ ਸਾਬਕਾ ਵਿਧਾਇਕ ਮਹੇਂਦਰ ਯਾਦਵ ਸਮੇਤ 11 ਜਣਿਆਂ ਨੂੰ ਪਹਿਲਾਂ ਹੀ ਇੱਕ ਟਰਾਇਲ ਕੋਰਟ ਵੱਲੋਂ ਪੰਜ ਕੇਸਾਂ 'ਚ ਬਰੀ ਕੀਤਾ ਜਾ ਚੁੱਕਾ ਹੈ। ਚੀਫ਼ ਜਸਟਿਸ ਦੀਪਕ ਮਿਸਰਾ ਅਤੇ ਜਸਟਿਸ ਏਐੱਮ ਖਾਨਵਿਲਕਰ ਤੇ ਡੀ ਵਾਈ ਚੰਦਰਚੂੜ ਦੇ ਬੈਂਚ ਨੇ ਯਾਦਵ ਦੀ ਅਰਜ਼ੀ ਖਾਰਜ ਕਰਦਿਆਂ ਕਿਹਾ ਕਿ ਅਦਾਲਤ ਹਾਈ ਕੋਰਟ ਵਿੱਚ ਸੁਣਵਾਈ 'ਤੇ ਰੋਕ ਨਹੀਂ ਲਾਵੇਗੀ। ਹਾਈ ਕੋਰਟ ਨੇ 11 ਜਣਿਆਂ ਨੂੰ ਨੋਟਿਸ ਜਾਰੀ ਕੀਤੇ ਸਨ ਜਿਨ੍ਹਾਂ 'ਤੇ 1 ਅਤੇ 2 ਨਵੰਬਰ 1984 ਨੂੰ ਦਿੱਲੀ ਕੈਨਟੋਨਮੈਂਟ ਏਰੀਆ 'ਚ ਹੋਏ ਕਤਲੇਆਮ ਦੌਰਾਨ ਅਪਰਾਧਾਂ ਲਈ ਮੁਕੱਦਮਾ ਚੱਲਿਆ ਸੀ ਤੇ ਬਾਅਦ 'ਚ ਇਨ੍ਹਾਂ ਨੂੰ ਬਰੀ ਕਰ ਦਿੱਤਾ ਗਿਆ ਸੀ।

## ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵੱਲੋਂ ਡਾ. ਮਨਮੋਹਨ ਸਿੰਘ ਤੀਰ ਦੇ ਸਫਰਨਾਮੇ ਤੇ ਗੋਸ਼ਟੀ 19 ਨਵੰਬਰ ਨੂੰ

**ਹੁਸ਼ਿਆਰਪੁਰ-** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਵੱਲੋਂ ਡਾ. ਮਨਮੋਹਨ ਸਿੰਘ ਤੀਰ ਦੇ ਸਫਰਨਾਮੇ 'ਯਾਦਾਂ ਬਾਘਿਓਂ ਪਾਰ ਦੀਆਂ' ਉਪਰ ਗੋਸ਼ਟੀ 19 ਨਵੰਬਰ 2017 ਨੂੰ ਸਵੇਰੇ 10 ਵਜੇ ਜ਼ਿਲ੍ਹਾ ਲਾਇਬ੍ਰੇਰੀ ਹੁਸ਼ਿਆਰਪੁਰ ਨਜ਼ਦੀਕ ਮਹਿਲਪੁਰ ਚੌਂਕ ਵਿਖੇ ਕਰਵਾਈ ਜਾ ਰਹੀ ਹੈ। ਇਸ




ਗੋਸ਼ਟੀ ਵਿਚ ਮੁੱਖ ਬੁਲਾਰੇ ਡਾ. ਲਖਵਿੰਦਰ ਕੌਰ ਮੁਖੀ ਪੰਜਾਬੀ ਵਿਭਾਗ ਐਸ. ਪੀ. ਐਲ. ਕਾਲਜ ਮੁਕੇਰੀ, ਪ੍ਰੋ. ਬਲਦੇਵ ਸਿੰਘ ਬੱਲੀ ਸਾਬਕਾ ਲੋਕ ਸੰਪਰਕ ਅਧਿਕਾਰੀ ਅਤੇ ਪ੍ਰਿੰਸੀਪਲ ਨਵਤੇ ਗੜ੍ਹਦੀਵਾਲਾ ਅਤੇ ਮਦਨ ਵੀਰਾ ਹੋਣਗੇ। ਇਹ ਜਾਣਕਾਰੀ ਪ੍ਰਧਾਨ ਮਦਨ ਵੀਰਾ ਅਤੇ ਜਨਰਲ ਸਕੱਤਰ ਜਸਵੰਤ ਰਾਏ ਨੇ ਦਿੱਤੀ।



ਰਾਜੀਵ ਕੁਮਾਰ ਭਗਤ ਤੇ ਰੀਤੂ ਬਾਲਾ (ਵਾਸੀ ਬਟਾਲਾ) ਨੂੰ ਵਰੇਗੰਢ ਦੀਆਂ ਮੁਬਾਰਕਾਂ

# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh



# A & S

## Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu



# Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ!
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:

- IRP PLATES
- IFTA- FUEL TAX RETURNS
- MC, US DOT #
- CA #, MCP, EPN ENROLLMENTS
- TITLE TRANSFER

Capital services

PERSONAL CAR SERVICES: (Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ, ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life *Medical *Special Events & others

ਹੋਰ ਸੇਵਾਵਾਂ

ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:

Live Scan / Fingerprints, Notary Public/ ਨੋਟਰੀ ਪਬਲਿਕ, Mail Box Business Cards, International Driver Lic., Translation Docs, Banners, Print, Copy, Fax etc.

For Legal Services, Once a week Attorney at your service.

ਕਿਸੇ ਵੀ ਜਾਣਕਾਰੀ ਲਈ Call (916) 427-4321

6624 Florin Road Sacramento CA 95828
Email : sacramento99@yahoo.com
Website : www.capitalservices.us



33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ ਹਰ ਮੌਸਮ 'ਚ

# ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ, ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, ਸੁਪਨਦੋਸ਼, ਵੀਰਜ ਪਤਲਾ, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)

ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ

ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

# ਅਮਰ ਦਵਾਖਾਨਾ (ਰਜਿ.)

ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

ਦੇਸ਼ ਦੁਆਬਾ

# ਪਰਾਲੀ ਸਾੜਨ ਕਾਰਨ ਉਤਰੀ ਭਾਰਤ ਬੇਹਾਲ

ਭਾਰਤ ਦੇ ਉਤਰੀ ਖਿੱਤੇ ਵਿਚ ਪੰਜਾਬ ਅਤੇ ਹਰਿਆਣਾ ਝੋਨਾ ਉਤਪਾਦਨ ਕਰਨ ਵਾਲੇ ਪ੍ਰਮੁੱਖ ਰਾਜ ਹਨ ਪਰ ਇਹਨਾਂ ਦੋਵੇਂ ਰਾਜਾਂ ਵਿਚ ਪਰਾਲੀ ਜਾਂ ਫਸਲੀ ਰਹਿੰਦ-ਖੂੰਹਦ ਸਾੜਨ ਦੀ ਪ੍ਰਵਿਰਤੀ ਦੇ ਕਾਰਨ ਇਸ ਖਿੱਤੇ ਦੀ ਆਬੋ-ਹਵਾ ਜ਼ਹਿਰੀਲੀ ਅਤੇ ਗੰਧਲੀ ਹੋ ਗਈ ਹੈ। ਇਸ ਖਿੱਤੇ ਵਿਚ ਸੰਘਣੀ ਧੁੰਦ ਪੈਣ ਲੱਗ ਪਈ ਹੈ, ਜਿਸ ਕਰਕੇ ਸੜਕਾਂ ਤੇ ਆਵਾਜਾਈ ਦੁਸ਼ਵਾਰ ਹੋ ਗਈ ਹੈ, ਸਕੂਲ ਬੰਦ ਹੋ ਗਏ ਹਨ ਅਤੇ ਸਾਹ ਲੈਣਾ ਮੁਸ਼ਕਿਲ ਹੋ ਗਿਆ ਹੈ। ਜੇਕਰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀਪੀਸੀਬੀ) ਦੇ ਦਾਅਵਿਆਂ ਉੱਤੇ ਯਕੀਨ ਕੀਤਾ ਜਾਵੇ ਤਾਂ ਰਾਜ ਵਿੱਚ ਚਲੰਤ ਰੁੱਤ ਦੌਰਾਨ ਝੋਨੇ ਦੀ ਪਰਾਲੀ ਸਾੜਨ ਕਾਰਨ ਪ੍ਰਦੂਸ਼ਣ ਓਨਾ ਨਹੀਂ ਵਧਿਆ ਜਿੰਨਾ ਪਿਛਲੇ ਸਾਲਾਂ ਦੌਰਾਨ ਵਧਦਾ ਰਿਹਾ ਹੈ। ਬੋਰਡ ਦਾ ਇਹ ਵੀ ਦਾਅਵਾ ਹੈ ਕਿ ਉੱਤਰੀ ਭਾਰਤ, ਖ਼ਾਸ ਤੌਰ ’ਤੇ ਕੌਮੀ ਰਾਜਧਾਨੀ ਖੇਤਰ ਦਿੱਲੀ ਦੀ ਫ਼ਿਜ਼ਾ ਵਿੱਚ ਫੈਲੀ ਧੁਆਂਖੀ ਧੁੰਦ ਵਿੱਚ ਪੰਜਾਬ ਦਾ ਕੋਈ ’ਯੋਗਦਾਨ’ ਨਹੀਂ ਸਗੋਂ ਦਿੱਲੀ ਦੀ ਧੁਆਂਖੀ ਹਵਾ ਤਾਂ ਪੰਜਾਬ ਦਾ ਵੀ ਨੁਕਸਾਨ ਕਰ ਰਹੀ ਹੈ। ਇਨ੍ਹਾਂ ਦਾਅਵਿਆਂ ਦਾ ਕੱਚ-ਸੱਚ ਤਾਂ ਵਾਤਾਵਰਨ ਮਾਹਿਰ, ਖ਼ਾਸ ਤੌਰ ’ਤੇ ਨਿਰਪੱਖ ਮਾਹਿਰ ਹੀ ਸਾਹਮਣੇ ਲਿਆ ਸਕਦੇ ਹਨ, ਪਰ ਪੀਪੀਸੀਬੀ ਦੇ ਅੰਕੜੇ ਹਨ ਪ੍ਰਭਾਵਸ਼ਾਲੀ। ਬੋਰਡ ਅਨੁਸਾਰ ਇਸ ਸਾਲ 11 ਨਵੰਬਰ ਤਕ ਪੰਜਾਬ ’ਚ ਪਰਾਲੀ ਸਾੜਨ ਦੇ ਕੁੱਲ 42,025 ਮਾਮਲੇ ਸਾਹਮਣੇ ਆਏ ਹਨ ਜਦੋਂਕਿ ਪਿਛਲੇ ਸਾਲ ਇਸੇ ਤਰੀਕ ਤਕ 76,045 ਮਾਮਲੇ ਸਾਹਮਣੇ ਆਏ ਸਨ। ਮੀਡੀਆ ਰਿਪੋਰਟਾਂ ਅਨੁਸਾਰ ਸਿਰਫ ਤਿੰਨ ਹਜ਼ਾਰ ਕਰੋੜ ਰੁਪਏ ਦਾ ਪੈਕੇਜ ਪੰਜ ਉੱਤਰੀ ਰਾਜਾਂ ਵਿੱਚ ਪਰਾਲੀ ਸਾੜਨ ਦੀ ਸਮੱਸਿਆ ਵੱਡੀ ਹੱਦ ਤਕ ਹੱਲ ਕਰ ਸਕਦਾ ਹੈ ਬਸ਼ਰਤੇ ਕੇਂਦਰ ਤੇ ਰਾਜ ਸਰਕਾਰਾਂ ਅਜਿਹੇ ਫੰਡ ਜੁਟਾਉਣ ਪ੍ਰਤੀ ਲਚੀਲਾਪਣ ਦਿਖਾਉਣ।

ਪਰ ਇਸ ਸਭ ਦੇ ਬਾਵਜੂਦ ਤ੍ਰਾਸਦੀ ਵਾਲੀ ਗੱਲ ਇਹ ਕਿ ਪਿਛਲੇ ਕਰੀਬ ਦੋ ਦਹਾਕਿਆਂ ਤੋਂ ਦਰਪੇਸ਼ ਇਸ ਸਮੱਸਿਆ ਦਾ ਹੱਲ ਨਹੀਂ ਨਿਕਲ ਸਕਿਆ। ਕਿਸਾਨ ਕਹਿੰਦਾ ਹੈ ਕਿ ਉਹ ਮਜਬੂਰ ਹੈ ਕਿਉਂਕਿ ਉਸ ਨੂੰ ਕਣਕ ਦੀ ਬਿਜਾਈ ਕਰਨੀ ਮੁਸ਼ਕਿਲ ਹੋ ਜਾਂਦੀ ਹੈ ਪਰ ਸਰਕਾਰਾਂ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ, ਉਲਟਾ ਰਾਜਨੀਤੀ ਹੀ ਕੀਤੀ ਹੈ।ਪੰਜਾਬ ਹਰ ਸਾਲ ਅਰਬਾਂ ਰੁਪਏ ਦਾ ਕੋਇਲਾ ਅਸਾਮ ਤੋਂ ਖਰੀਦਦਾ ਹੈ, ਜਦਕਿ ਭਾਰਤ ਵਿਚ ਬਾਇਓ-ਬਿਜਲਈ ਤਕਨੀਕ ਆਮ ਹੈ।ਜੇਕਰ ਕੇਰਲ, ਤਾਮਿਲਨਾਡੂ ਵਰਗੇ ਰਾਜ ਵਰਤੇ ਹੋਏ ਨਾਰੀਅਲਾਂ ਤੋਂ ਬਿਜਲੀ ਪੈਦਾ ਕਰ ਸਕਦੇ ਹਨ ਤਾਂ ਪੰਜਾਬ ਆਪਣੇ ਇਸ ਅਨਮੋਲ ਸਰਮਾਏ ਨੂੰ ਅੱਗ ਦੇ ਭਾਅ ਕਿਉਂ ਦੇ ਰਿਹਾ ਹੈ। ਪੰਜਾਬ ਵਿਚ ਪਹਿਲਾਂ ਹੀ ਅਜਿਹਾ ਇਕ ਪਲਾਂਟ ਘਨੌਰ (ਜ਼ਿਲ੍ਹਾ ਪਟਿਆਲਾ) ਨੇੜੇ ਲੱਗਾ ਹੋਇਆ ਹੈ, ਜੋ ਸਫਲਤਾ ਪੂਰਵਕ ਚੱਲ ਰਿਹਾ ਹੈ। ਜੇਕਰ ਅਜਿਹੇ ਪਲਾਂਟ ਹਰ ਸ਼ਹਿਰ ਦੇ ਪੱਧਰ ਤੇ ਲਗਾ ਦਿੱਤੇ ਜਾਣ ਤਾਂ ਪਰਾਲੀ ਦੀ ਖਪਤ ਵੀ ਹੋਣ ਲੱਗ ਪਵੇਗੀ ਅਤੇ ਪੰਜਾਬ ਧੂੰਏ ਦੀ ਇਸ ਹਨੇਰੀ ਤੋਂ ਵੀ ਬਚ ਸਕਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-48

## ਗੁਰਬਾਣੀ ਦੇ ਚਾਨਣ ਵਿੱਚ ਆਤਮਾ



ਅਵਤਾਰ ਸਿੰਘ ਮਿਸ਼ਨਰੀ
510-432-5827

ਆਤਮ, ਆਤਮਾ ਤੇ ਪ੍ਰਮਾਤਮਾ ਸੰਸਕ੍ਰਿਤ ਲਫਜ਼ ਹਨ। ਆਤਮ ਤੇ ਆਤਮਾ ਦਾ ਮਤਲਵ ਆਪਣਾ ਆਪ-ਸਭ ਤੇ ਨੀਚੁ ਆਤਮ ਕਰ ਮਾਨਉ॥(੫੩੨) ਪ੍ਰਮਾਤਮਾ ਭਾਵ ਪਰਮ ਆਤਮਾ ਵੱਡਾ ਵਜੂਦ, ਕਰਤਾ ਕਰਤਾਰ। ਪ੍ਰਮਾਤਮਾਂ ਦੀ ਅੰਸ਼, ਉਸ ਦਾ ਹਿੱਸਾ (ਪਾਰਟ) ਸੌਖੇ ਸ਼ਬਦਾਂ ਵਿੱਚ ਆਤਮਾਂ ਤੇ ਪ੍ਰਮਾਤਮਾਂ ਸਬੰਧ ਇਉਂ ਹੈ ਜਿਵੇਂ ਸਾਗਰ ਤੇ ਸਰੋਵਰ ਦਾ, ਪਾਣੀ ਅਤੇ ਬੂੰਦ ਦਾ, ਅੱਗ ਅਤੇ ਚਿਣਗ ਦਾ, ਮਿੱਟੀ ਅਤੇ ਭਾਂਡੇ ਦਾ, ਸੋਨੇ ਤੇ ਗਹਿਣਿਆਂ ਦਾ, ਸੂਰਜ ਅਤੇ ਕਿਰਨ ਦਾ ਆਦਿਕ। ਅੰਗ੍ਰੇਜੀ ਵਿੱਚ ਆਤਮਾਂ ਨੂੰ ਸੋਲ ਅਤੇ ਅਰਬੀ ਵਿੱਚ ਰੂਹ ਕਹਿੰਦੇ ਹਨ। ਇਹ ਸਰੀਰ ਦੀ ਚੇਤਨਸਤਾ, ਅਦਿਖ ਸ਼ਕਤੀ, ਜੀਵਨਸਤਾ ਹੈ। ਜਿਵੇਂ ਪ੍ਰਮਾਤਮਾ ਨਿਰੰਕਾਰ ਸਥੂਲ ਅੱਖਾਂ ਤੋਂ ਅਦਿੱਖ ਹੈ ਓਵੇਂ ਹੀ ਉਸ ਦੀ ਅੰਸ਼, ਉਸ ਦੀ ਕਿਰਨ, ਉਸ ਦੀ ਸ਼ਕਤੀ ਵੀ ਸਥੂਲ ਅੱਖਾਂ ਨਾਲ ਦਿਖਾਈ ਨਹੀਂ ਦਿੰਦੀ। ਆਤਮਾਂ ਸਰੀਰ ਵਿੱਚ ਇਵੇਂ ਵਸਦੀ ਹੈ ਜਿਵੇਂ ਫੁੱਲ ਵਿੱਚ ਵਾਸ਼ਨਾ, ਸ਼ੀਸ਼ੇ ਵਿੱਚ ਪ੍ਰਛਾਵਾਂ, ਲੱਕੜ ਵਿੱਚ ਅੱਗ, ਤਾਰਾਂ ਵਿੱਚ ਬਿਜਲੀ, ਦੁੱਧ ਵਿੱਚ ਘਿਉ-ਪੁਹਪੁ ਮਧਿ ਜਿਉਂ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥ ਤੈਸੇ ਹੀ ਹਰਿ ਬਸੈ ਨਿਰੰਤਰਿ ਘਟ ਹੀ ਖੋਜਹੁ ਭਾਈ॥੬੮੪) ਕਈ ਮੱਤ ਸਰੀਰਕ ਮੌਤ ਤੋਂ ਬਾਅਦ ਮੰਨਦੇ ਹਨ ਕਿ ਆਤਮਾ ਹੋਰ ਸਰੀਰ ਵਿੱਚ ਪ੍ਰਵੇਸ਼ ਕਰਦੀ ਹੈ। ਜੇ ਕਰਮ ਚੰਗੇ ਨਾ ਹੋਣ ਤਾਂ ਭਟਕਦੀ ਹੈ। ਬਾਈਬਲ ਸਾਹ ਨੂੰ ਸੋਲ ਮੰਨਦੀ ਹੈ। ਗੁਰੂ ਗ੍ਰੰਥ ਸਾਹਿਬ ਵਿਖੇ ਇਸ ਦੀ ਸੰਗਿਆ ਗਿਆਨ, ਸਤਾ ਅਤੇ ਸ਼ਬਦ ਨਾਲ ਵੀ ਦਰਸਾਈ ਹੈ-ਗੁਰ ਕਾ ਬਚਨੁ ਬਸੈ ਜੀਅ ਨਾਲੇ॥ ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥੧॥ ਰਹਾਉ॥ (੬੭੯) ਆਏ ਆਪ, ਆਤਮ, ਆਤਮਾ ਅਤੇ ਪ੍ਰਮਾਤਮਾ ਸ਼ਬਦਾਂ ਬਾਰੇ ਗੁਰੂ ਗ੍ਰੰਥ ਸਾਹਿਬ ਦੇ ਵਿਚਾਰ- ਆਪ-ਖੁਦ, ਤੁਮ, ਆਪਾਭਾਵ, ਆਪਣਾ ਗਿਆਨ, ਆਤਮ ਬੋਧ-ਓਨਾ ਵਿਚਿ ਆਪਿ ਵਰਤਦਾ ਕਰਣਾ ਕਿਛੂ ਨ ਜਾਇ॥੩॥(੯੬੪) ਜਹਾ ਲੋਭੁ ਤਹਿ ਕਾਲੁ ਹੈ ਜਹਾ ਖਿਮਾ ਤਹਿ ਆਪਿ॥੧੫੫॥(੧੩੭੨) ਆਤਮ-ਪ੍ਰਮਾਤਮਾ-ਆਤਮ ਰਾਮੁ ਤਿਸੁ ਨਦਰੀ ਆਇਆ॥ ਜੀਵਾਤਮਾ-ਆਤਮ ਮਹਿ ਰਾਮ, ਰਾਮ ਮਹਿ ਆਤਮ॥ ਅੰਤਸ਼ਕਰਣ, ਮਨ-ਪ੍ਰਭੁ ਕਉ ਸਿਮਰਹਿ ਤਿਨਿ ਆਤਮ ਜੀਤਾ॥ ਆਪਣਾ ਆਪ-ਸਭ ਤੇ ਨੀਚੁ ਆਤਮ ਕਰਿ ਮਾਨਉ॥ ਆਤਮਾ-ਰੂਹ, ਸਤਾ, ਪ੍ਰਮਾਤਮਾਂ ਦੀ ਅੰਸ਼, ਸੁਭਾਉ-ਆਤਮਾ ਦੇਉ ਪੂਜੀਐ ਗੁਰ ਕੈ ਸਹਿਜ ਸੁਭਾਇ॥ ਆਤਮੇ ਨੋ ਆਤਮੈ ਦੀ ਪ੍ਰਤੀਤਿ ਹੋਇ ਤਾਂ ਘਰਿ ਹੀ ਪਰਚਾ ਪਾਇ॥ (੮੭) ਕਹੁ ਕਬੀਰ ਇਹੁ ਰਾਮ ਕੀ ਅੰਸੁ॥ ਜਸ ਕਾਗਦ ਪਰ ਮਿਟੈ ਨ ਮੰਸੁ॥ (੮੭੧) ਆਤਮਾ ਦੇਉ ਭਾਵ ਗੁਰੂ ਦੇ ਸਹਿਜ ਸੁਭਾਵ ਵਿੱਚ, ਪ੍ਰਕਾਸ਼ ਸਰੂਪ ਪ੍ਰਮਾਤਮਾਂ ਦਾ ਸਤਿਕਾਰ ਕਰੀਏ, ਜੇ ਆਪਣੇ ਆਪ ਨੂੰ ਪ੍ਰਮਾਤਮਾਂ ਤੇ ਵਿਸ਼ਵਾਸ਼ ਹੋਵੇ ਤਾਂ ਹਿਰਦੇ ਘਰ ਵਿੱਚ ਹੀ ਉਸ ਨਾਲ ਪਰਚਾ ਪਾਇਆ ਜਾ ਸਕਦਾ ਹੈ।

ਜੀਵਾਤਮਾ-ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ਰਹਾਉ॥ ਭਾਵ ਜੀਵਾਤਮਾ ਪਾਰਬ੍ਰਹਮ ਪ੍ਰਮਾਤਮਾ ਦਾ ਹੀ ਰੂਪ ਹੈ। ਪ੍ਰਮਾਤਮਾ-ਪਰਮ+ਆਤਮਾ, ਆਤਮਾ, ਪਾਰਬ੍ਰਹਮ। ਪਰਮ ਦਾ ਭਾਵ ਹੈ ਅਤਿਅੰਤ, ਸਭ ਤੋਂ ਵਧਕੇ, ਪ੍ਰਧਾਨ, ਮੁਖੀ, ਪਹਿਲਾ, ਕਰਤਾਰ ਅਤੇ ਪਾਰਬ੍ਰਹਮ-ਆਤਮਾ ਪਰਮਾਤਮਾ ਏਕੋ ਕਰੈ॥(੬੬੧) ਜਿਨੀ ਆਤਮੁ ਚੀਨਿਆ ਪਰਮਾਤਮ ਸੋਈ॥ (੪੨੧)

ਸੋ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਇਸਲਾਮ ਵਾਲੀ ਰੂਹ ਤੇ ਵੇਦਾਂਤ ਵਾਲੀ ਆਤਮਾਂ ਦੀ ਮਨੌਤ ਤੋਂ ਉਪਰ ਉੱਠ ਕੇ, ਪ੍ਰਮਾਤਮਾਂ ਦੀ ਅੰਸ਼ ਆਤਮਾਂ ਦੀ ਗੱਲ ਕਰਦੀ ਏ ਜੋ ਜੀਵਾਂ ਦੀ ਜੀਵਨਜੋਤ ਹੈ ਅਤੇ ਸਰੀਰ ਦੇ ਖਤਮ ਹੋਣ ’ਤੇ ਆਪਣੇ ਅਸਲੇ ਪ੍ਰਮਾਤਮਾਂ ਵਿੱਚ ਸਮਾਅ ਜਾਂਦੀ ਹੈ ਜਿਵੇਂ-ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥ ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥ ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ॥ ਬਿਨਵੰਤਿ ਨਾਨਕ ਸੇਈ ਜਾਣਹਿ ਜਿੰਨ੍ਹੀ ਹਰਿ ਰਸੁ ਪੀਆ॥੪॥੨॥ (੮੪੬)

ਸੋ ਜਿਵੇਂ ਸੂਰਜ ਦੀਆਂ ਕਿਰਨਾਂ ਸੂਰਜ, ਪਾਣੀਆਂ ਦੀਆਂ ਬੂੰਦਾਂ ਪਾਣੀ ਅਤੇ ਮਿੱਟੀ ਦੇ ਕਣ (ਧੂੜ) ਧਰਤੀ ਵਿੱਚ ਸਮਾ ਜਾਂਦੇ ਹਨ। ਇਵੇਂ ਹੀ ਪ੍ਰਮਾਤਮਾਂ ਦੀ ਅੰਸ਼ ਆਤਮਾਂ ਵੀ ਉਸ ਵਿੱਚ ਸਮਾ ਜਾਂਦੀ ਹੈ। ਕੋਈ ਗੈਬੀ ਰੂਹਾਂ ਕਬਰਾਂ ਵਿੱਚ ਨਹੀਂ ਅਤੇ ਨਾਂ ਹੀ ਥਾਂ ਥਾਂ ਭਟਕਦੀਆਂ ਹਨ। ਇਸ ਲਈ ਸਾਨੂੰ ਆਪਣੇ ਮੂਲ (ਅਸਲੇ) ਦੀ ਪਛਾਣ ਕਰਨੀ ਚਾਹੀਦੀ ਹੈ-ਮਨ ਤੂ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ॥ ਮਨ ਹਰਿ ਜੀ ਤੇਰੇ ਨਾਲਿ ਹੈ ਗੁਰਮਤੀ ਰੰਗੁ ਮਾਣੁ॥ ਮੂਲ ਪਛਾਣਹਿ ਤਾਂ ਸਹੁ ਜਾਣਹਿ ਜੀਵਣ ਕੀ ਸੋਝੀ ਹੋਈ॥ ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਹਾ ਭਾਉ ਨ ਹੋਈ॥ ਮਨਿ ਸਾਂਤਿ ਆਈ ਵਜੀ ਵਾਧਾਈ ਤਾ ਹੋਆ ਪਰਵਾਣੁ॥ ਇਉਂ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ॥੫॥(੪੪੨)

# ਪੁਰਾਤਨ ਵਸਤਾਂ, ਸਿੱਕੇ, ਡਾਕ ਟਿਕਟਾਂ ਇਕੱਠੀਆਂ ਕਰਨ ਵਾਲਾ ਮਾਣਮੱਤਾ ਗੱਭਰੂ ਜਗਰੂਪ ਸਿੰਘ ਸਿਆਣ



ਤਸਵਿੰਦਰ ਸਿੰਘ ਬੜੈਚ
98763-22677

ਹਰ ਵਿਅਕਤੀ ਦੇ ਆਪਣੇ- ਆਪਣੇ ਸ਼ੌਕ ਹਨ। ਕਿਸੇ ਵਿਅਕਤੀ ਨੂੰ ਫੋਟੋਆਂ ਜਾਂ ਫਾਇਲਾਂ ਇਕੱਠੀਆਂ ਕਰਨ ਦਾ ਸ਼ੌਕ ਹੈ, ਕਿਸੇ ਨੂੰ ਮਾਚਿਸਾਂ ਇਕੱਠੀਆਂ ਕਰਨ ਦਾ, ਕਿਸੇ ਨੂੰ ਉੱਚ ਮੀਨਾਰ ਤੋ ਛਾਲ ਮਾਰਨ ਦਾ, ਕਿਸੇ ਨੂੰ ਕੰਨਾਂ ਦੀਆਂ ਮੁੰਦਰਾਂ ਨਾਲ ਰੱਸੀ ਬੰਨ੍ਹ ਕੇ ਟਰੱਕ ਨੂੰ ਖਿੱਚਣ ਦਾ ਸ਼ੌਕ ਹੁੰਦਾ ਹੈ। ਪਰ ਮੈਂ ਸਨਅੱਤੀ ਸ਼ਹਿਰ ਲੁਧਿਆਣਾ ’ਚ ਰਹਿੰਦੇ, ਨਸ਼ਿਆਂ ਤੋ ਕੋਹਾਂ ਦੂਰ ਸੱਚੇ -ਸੁੱਚੇ ਤੇ ਇਮਾਨਦਾਰ ਵਿਅਕਤੀ ਜਗਰੂਪ ਸਿੰਘ ਸਿਆਣ ਦੀ ਗੱਲ ਕਰਨ ਜਾ ਰਿਹਾ ਹਾਂ, ਜਿਸ ਨੂੰ ਪੁਰਾਣੇ ਸਿੱਕੇ, ਡਾਕ ਟਿਕਟਾਂ, ਹੱਥ ਲਿਖਤਾਂ ਤੇ ਪੰਜਾਬੀ ਵਿਰਸੇ ਨਾਲ ਸੰਬੰਧਿਤ ਪੁਰਾਤਨ ਵਸਤਾਂ ਇਕੱਠੀਆਂ ਕਰਨ ਦਾ ਦੂਸਰਿਆਂ ਨਾਲੋ ਵਿਲੱਖਣ ਸ਼ੌਕ ਹੈ। ਮਸ਼ੀਨ ਟੂਲਜ ਦਾ ਕੰਮ ਕਰਨ ਵਾਲੇ ਸ: ਬਲਦੇਵ ਸਿੰਘ ਤੇ ਸੁਰਿੰਦਰ ਕੌਰ ਦੇ ਹੋਣਹਾਰ ਫ਼ਰਜੰਦ, ਚਮਨਪ੍ਰੀਤ ਕੌਰ ਦੇ ਜੀਵਨ ਸਾਥੀ, ਮਨਜੋਤ ਕੌਰ ਤੇ ਅਰਮਾਨਜੋਤ ਸਿੰਘ ਦੇ ਪਿਆਰੇ-ਪਿਆਰੇ ਪਾਪਾ ਜਗਰੂਪ ਸਿੰਘ ਕੋਲ ਇਸ ਵੇਲੇ ਸਿੱਕਿਆਂ ਦੇ ਸੰਗ੍ਰਹਿ ’ਚ ਗੁਰੂਆਂ, ਰਾਜੇ-ਮਹਾਰਾਜਿਆਂ ਦੇ ਹਜਾਰਾਂ ਸਿੱਕੇ ਤੇ ਨੋਟ ਹਨ। ਜਿਨ੍ਹਾਂ ਵਿਚ ਪ੍ਰਮੁੱਖ ਤੌਰ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਿੱਤਰ ਵਾਲਾ ਦੁਰਲੱਭ ਨਾਨਕਸ਼ਾਹੀ ਸਿੱਕਾ, ਰਾਮ-ਲਛਮਣ ਭਰਾਵਾਂ ਦੀ ਜੋੜੀ ਦੇ ਚਿੱਤਰ ਵਾਲਾ 12ਵੀ ਸਦੀ ਦਾ ਸਿੱਕੇ ਉਸ ਕੋਲ ਮੌਜੂਦ ਹਨ। ਇਸ ਦੇ ਇਲਾਵਾ ਸਾਹਜਹਾਂ, ਹਿਮਾਯੂੰ, ਮਾਲਵਾ ਸੁਲਤਾਨ, ਮੁਹੰਮਦ ਸ਼ਾਹ, ਅਕਬਰ, ਸਿਕੰਦਰ ਲੋਧੀ, ਗਵਾਲੀਅਰ ਸਲਤਨਤ, ਚੰਦਰ ਗੁਪਤ, ਮੁਗਲ ਬਾਦਸਾਹ, ਜਹਾਂਗੀਰ, ਸੇਰ ਸਾਹ ਸੂਰੀ, ਮੁਹੰਮਦ ਗੌਰੀ, ਸ਼ਾਹ ਆਲਮ, ਅਹਿਮਦਸਾਹ, ਭਾਰਤ ਦਾ 1944 ਦਾ ਇਕ ਪੈਸਾ, ਈਸਟ ਇੰਡੀਆ ਕੰਪਨੀ ਦੇ ਮਹਾਰਾਣੀ ਵਿਕਟੋਰੀਆਂ ਦੇ ਚਿੱਤਰ ਵਾਲੇ ਇੱਕ ਆਨੇ, ਰਾਜਾ ਐਡਵਰਡ ਸੱਤਵੇ ਦੇ ਚਿੱਤਰ ਵਾਲੇ ਇੱਕ ਆਨੇ, ਜਾਰਜ 5ਵੇ ਦੇ ਚਿੱਤਰ ਵਾਲੇ ਚਾਰ ਆਨੇ ਦੇ ਸਿਕੇ, ਜਾਰਜ ਛੇਵੇ ਦੇ ਚਿੱਤਰ ਵਾਲੇ ਇਕ ਆਨੇ ਦੇ ਸਿਕੇ ਵੀ ਉਸ ਕੋਲ ਮੌਜੂਦ ਹਨ। ਜਿਹੜੇ ਕਾਫੀ ਪੁਰਾਤਨ ਜਾਪਦੇ ਹਨ। ਡਾਕ ਟਿਕਟਾਂ ਦੇ ਸੰਗ੍ਰਹਿ ਵਿਚ ਉਸ ਕੋਲ ਇੰਡੀਆ ਦੀਆਂ ਲਗਭਗ ਸਾਰੀਆਂ ਡਾਕ ਟਿਕਟਾਂ ਦਾ ਅਨਮੋਲ ਖਜ਼ਾਨਾ ਹੈ ਜੋ ਅਦਭੁਤ ਹੈ। ਉਸ ਕੋਲ ਇਤਿਹਾਸਕ ਸਥਾਨਾਂ ਤੇ ਨਾਮਵਰ ਹਸਤੀਆਂ ਦੀਆਂ ਅਜਿਹੀਆਂ ਟਿਕਟਾਂ ਹਨ, ਜੋ ਕਿਸੇ ਹੋਰ ਕੋਲ ਨਹੀ” ਮਿਲ ਸਕਦੀਆਂ।

ਇਸ ਤੋ ਇਲਾਵਾ ਉਸ ਕੋਲ ਪੰਜਾਬੀ ਸਭਿਆਚਾਰ ਦੀ ਜਿੰਦ-ਜਾਨ ਪੁਰਾਤਨ ਵਸਤਾਂ ਦੀ ਵਿਰਾਸਤ ਵੀ ਸਾਂਭੀ ਹੋਈ ਹੈ, ਜਿਨ੍ਹਾਂ ’ਚ ਪੁਰਾਣੀ ਗਾਗਰ, ਦਾਤ, ਘੜਵੰਜੀ, ਤਵੇ, ਟਿੰਡਾਂ,ਕਪਾਹ ਵੇਲਣੀ, ਹੱਥ ਪੱਖਾ-ਪੱਖੀ, ਮਧਾਣੀ, ਮੰਜੀ, ਪੁਰਾਤਨ ਘੜੀਆਂ, ਰੋਪੜੀ ਜਿੰਦੇ, ਅਸ਼ਟਾਮ ਪੇਪਰ, ਊਠ ਦੀ ਨਿਉਲ, ਨਾਲੇ ਬੁਣਨ ਵਾਲਾ ਅੱਡਾ, ਛਾਬਾ, ਸ਼ੇਰ ਵਾਲੇ ਵੱਟੇ, ਫਰਨਾਹੀ (ਆਰੀ), ਤਰਪਾਈ, ਰੇਡੀਓ ਦਾ ਲਾਇਸੈਂਸ, ਲਾਲਟਿਨ, ਦੀਵੇ, ਕੁੱਚ, ਸਾਈਕਲ ਦਾ ਲਾਇਸੈਂਸ ਤੇ ਟੋਕਨ, ਅਟੇਰਨਾ, ਪਣਖ, ਪੰਜਾ, ਕਾਂਟੇ ਟੰਗਣ ਅਲਮਾਰੀ, ਧੁੰਆਖਣੀ, ਪੁਰਾਤਨ ਭਾਂਡੇ, ਕਾਰਪੇਟਰਾਂ ਦੇ ਪੁਰਾਣੇ ਔਜਾਰ , ਡੱਬੀਆਂ, ਰਕਾਡਾਂ ਵਾਲੀ ਮਸ਼ੀਨ, ਨਲਕਾ, ਚਰਖਾ, ਊਠ ਦੀ ਕਾਠੀ, ਪੁਰਾਤਨ ਕਿਰਪਾਨਾਂ, ਕਲਮ, ਦਵਾਤਾਂ, ਬੱਤੀਆਂ ਵਾਲਾ ਸਟੋਪ, 100 ਸਾਲ ਪੁਰਾਣਾ ਕਲੰਡਰ ਆਦਿ ਵੀ ਸਾਂਭੇ ਹੋਏ ਹਨ। ਮੂਲ ਰੂਪ ਵਿਚ ਜਿਲ੍ਹਾਂ ਲੁਧਿਆਣਾ ਦੇ ਪਿੰਡ ਭੁੱਟਾ ਦੇ ਵਸਨੀਕ ਅਤੇ ਕੁੱਝ ਸਮਾਂ ਪਹਿਲਾ ਸ਼ਹਿਰ ਲੁਧਿਆਣਾ ਜਾ ਕੇ ਵੱਸੇ ਜਗਰੂਪ ਸਿੰਘ ਸਿਆਣ ਨੇ ਇਹ ਸਾਰੀਆਂ ਚੀਜ਼ਾਂ ਕੜੀ-ਮਿਹਨਤ ਤੇ ਲਗਨ ਨਾਲ ਪਿਛਲੇ 15-16 ਸਾਲਾਂ ਵਿਚ ਇਕੱਠੀਆਂ ਕੀਤੀਆਂ ਹਨ ਤੇ ਹੋਰ ਕਰ ਰਿਹਾ ਹੈ। ਉਹ ਇਹਨਾਂ ਪੁਰਾਤਨ ਚੀਜਾਂ ਨੂੰ ਪੁੱਤਰਾਂ ਵਾਂਗ ਆਪਣੇ ਸੀਨੇ ਨਾਲ ਲਾ ਕੇ ਰੱਖਦਾ ਹੈ। ਜਗਰੂਪ ਸਿੰਘ ਨੇ ਇਹ ਚੀਜ਼ਾਂ ਦੂਰ-ਦੁਰਾਡਿਓ ਇਕੱਤਰ ਕਰਦੇ ਸਮੇਪ ਕਦੇ ਵੀ ਥਕਾਨ ਮਹਿਸੂਸ ਨਹੀਂ ਕੀਤੀ। ਉਹ ਜਦੋਂਪ ਵੀ ਕਿਤੇ ਬਾਹਰ ਜਾਂਦਾ ਹੈ ਤਾਂ ਉਸ ਦੀ ਨਜ਼ਰ ਹਮੇਸ਼ਾਂ ਇਹੋ ਜਿਹੀਆਂ ਪੁਰਾਣੀਆਂ ਚੀਜਾਂ ’ਤ ਰਹਿੰਦੀ ਹੈ ਜੇ ਕਿਤੇ ਉਸਨੂੰ ਦੁਰਲੱਭ ਪੁਰਾਣੀ ਚੀਜ਼ ਦਿਸਦੀ ਹੈ ਤਾਂ ਉਹ ਉਸ ਨੂੰ ਝੱਟ ਜਾਇਜ਼ ਕੀਮਤ ਤੇ ਖਰੀਦ ਲੈਂਦਾ ਹੈ। ਉਹ ਸਕੂਲਾਂ, ਕਾਲਜਾਂ ਤੇ ਵੱਖ-ਵੱਖ ਸਭਿਆਚਾਰਕ ਮੇਲਿਆਂ ’ਤੇ ਇਨ੍ਹਾਂ ਚੀਜ਼ਾਂ ਦੀ ਪ੍ਰਦਰਸ਼ਨੀ ਵੀ ਲਗਾ ਚੁੱਕਾ ਹੈ ਤਾਂ ਕਿ ਲੋਕਾਂ ਨੂੰ ਆਪਣੇ ਪੰਜਾਬੀ ਵਿਰਸੇ/ਸਭਿਆਚਾਰ ਨਾਲ ਸਬੰਧਤ ਵਸਤਾਂ ਬਾਰੇ ਨਵੀ ਨੌਜੁਆਨ ਪੀੜ੍ਹੀ ਨੂੰ ਜਾਣਕਾਰੀ ਹੋ ਸਕੇ।



ਇਨ੍ਹਾਂ ਵਸਤਾਂ ਨੂੰ ਇਕੱਠੀਆਂ ਕਰਨ ਚਿ ਉਸ ਨੂੰ ਪਰਮਿੰਦਰ ਸਿੰਘ ਅਹਿਮਦਗੜ੍ਹ, ਸ਼ੇਖ਼ ਇਫ਼ਤਿਖ਼ਾਰ ਹੁਸੈਨ ਮਲੇਰਕੋਟਲਾ, ਕਰਨਦੀਪ ਸਿੰਘ ਸਟੇਸ਼ਨਰੀ ਸ਼ੋਪ ਲੁਧਿਆਣਾ ਅਤੇ ਸਮੁੱਚੇ ਪਰਿਵਾਰ ਦਾ ਬਹੁਤ ਸਹਿਯੋਗ ਹਾਸਲ ਹੈ।

ਪੁਰਾਤਨ ਵਸਤੂਆਂ ਨੂੰ ਸੰਭਾਲਣ ਦਾ ਯਤਨ ਕਰ ਰਹੇ ਇਸ ਉੱਦਮੀ ਇਨਸਾਨ ਨੂੰ ਸੱਭਿਆਚਾਰਕ ਕਲੱਬਾਂ ਅਤੇ ਸਰਕਾਰਾਂ ਨੂੰ ਸਨਮਾਨਿਤ ਕਰਨਾ ਚਾਹੀਦਾ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਉਸ ਵੱਲੋ ਸੰਭਾਲੀਆਂ ਵਸਤੂਆਂ ਨੂੰ ਵੇਖ ਸਕਣ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਚੰਡੀਗੜ੍ਹ ਵਿਖੇ 17ਵੀ ਅੰਤਰ ਰਾਸ਼ਟਰੀ ਕਵਿੱਤਰੀ ਕਾਨਫ਼ਰੰਸ

ਨਵੰਬਰ 9, 10 ਅਤੇ 11 ਨੂੰ ਚੰਡੀਗੜ੍ਹ ਵਿਖੇ AIPC, ਵਲੋਂ ਅੰਤਰਰਾਸ਼ਟਰੀ ਕਵਿੱਤਰੀ ਕਾਨਫ਼ਰੰਸ, ਆਰਗਨਾਇਜ਼ਰ ਏ.ਆਈ. ਪੀ. ਸੀ. ਸਿਮਰਤ ਸੁਮੇਰਾ, ਪੰਜਾਬ ਸਾਹਿਤ ਮਿਟਾਉਣ, ਸੋਸਾਇਟੀ ਵਿਚ ਬਰਾਬਰੀ ਦੇ ਅਧੀਕਾਰ ਨੂੰ ਪ੍ਰਾਪਤ ਕਰਨ ਅਤੇ ਨਾਰੀ ਸੰਨਮਾਨ ਲਈ ਜੂਜਣ ਲਈ ਪ੍ਰੇਰਦੀ ਹੈ। ਜਿੱਥੇ ਇਸ ਵਿਚ ਭਾਰਤ ਦੀਆਂ ਸਾਰੀਆਂ ਰਿਆਸਤਾਂ ਅਤੇ ਜ਼ੁਬਾਨਾਂ ਤੋਂ ਰਿਆਸਤ ਦੀਆਂ ਨਾਰੀ ਕਵਿੱਤਰੀਆਂ ਨੇ ਆਪੋ ਆਪਣੀ ਭਾਸ਼ਾ ਵਿਚ ਕਵਿਤਾਵਾਂ ਪੜੀਆਂ ਉੱਥੇ ਪੰਜਾਬੀ ਵਿਚ ਵੀ ਬਹੁਤ ਸਾਰੀਆਂ ਕਵਿਤਰੀਆਂ ਨੇ ਵੀ ਰਚਨਾਵਾਂ ਪੜੀਆਂ। ਇਕ ਵਿਸ਼ੇਸ਼ ਦਾ ਇਕ ਰੂਬਰੂ ਪੰਜਾਬ ਸਾਹਿਤ ਅਕੈਡਮੀ ਵਲੋਂ ਵੀ ਬੜੇ ਬਖ਼ੂਬੇ ਢੰਗ ਨਾਲ ਸਰਬਜੀਤ ਕੌਰ ਸੋਹਲ ਦੀ ਦੇਖ ਰੇਖ ਵਿਚ ਕਰਵਾਇਆ ਗਿਆ ਜਿਸ ਨੂੰ ਯੂ-ਟਿਊਬ ਤੇ ਵੇਖਿਆ ਜਾ ਸਕਦਾ










ਅਕੈਡਮੀ ਚੰਡੀਗੜ੍ਹ ਦੀ ਕਨਵੀਨਰ ਸਰਬਜੀਤ ਕੌਰ ਸੋਹਲ ਅਤੇ ਪੰਜਾਬ ਆਰਟਸ ਕੌਂਸਲ ਚੰਡੀਗੜ੍ਹ ਦੇ ਚੇਅਰਮੈਨ ਜਨਾਬ ਸੁਰਜੀਤ ਪਾਤਰ ਦੀ ਦੇਖ ਰੇਖ ਵਿਚ ਪ੍ਰਫੁਲਤਾ ਨਾਲ ਸੰਪਨ ਹੋਈ। ਇਸ ਸੰਸਥਾ ਦੇ ਨਿਰਮਾਤਾ ਡਾ ਲਾਰੀ ਆਜ਼ਾਦ ਨੇ ਅੱਜ ਤੋਂ ਅਠਾਰਾਂ ਵਰਸ਼ ਪਹਲਾਂ ਇਸ ਨਾਰੀ ਚੇਤਨਾ ਸੰਗਠਨ ਦਾ ਆਰੰਭ ਕੀਤਾ। ਇਸ ਦੁਆਰਾ ਨਾਰੀ ਜਾਤੀ ਨੂੰ ਮਰਦ-ਅਧੀਨਤਾ ਤੋਂ ਆਪਣੇ ਆਪ ਨੂੰ ਸੁਰਖਰੂ ਕਰਨ ਦੇ ਨਾਲ ਨਾਲ ਇਕਸਾਰਤਾ ਦਾ ਝੰਡਾ ਬੁਲੰਦ ਕਰਨ ਦੀ ਤਹਿਰੀਕ ਨੂੰ ਜਨਮ ਦਿੱਤਾ ਹੈ। ਇਹ ਸੰਸਥਾ ਇਕ ਘਰ ਵਿਚ ਪੁੱਤ ਅਤੇ ਧੀ ਵਿਚਲੇ ਅੰਤਰ ਨੂੰ ਨਾਰੀ ਡੈਲੀਗੇਟ ਸ਼ਾਮਲ ਹੋਏ, ਉੱਥੇ ਹੀ ਇੰਗਲੈਂਡ, ਕਨੈਡਾ, ਆਸਟ੍ਰੇਲੀਆ, ਮਾਰੇਸ਼ਸ, ਮਲੇਸ਼ੀਆ ਤੋਂ ਪੰਜਾਬੀ ਨਾਰੀ ਲੇਖਕਾਵਾਂ ਦੇ ਨਾਲ ਨਾਲ ਸੁਰਿੰਦਰ ਸੀਰਤ (ਯੂ ਐਸ ਏ), ਕ੍ਰਿਸ਼ਨ ਭਨੋਟ (ਕੈਨੇਡਾ) ਅਤੇ ਪਰਮਿੰਦਰ ਸੋਡੀ (ਜਾਪਾਨ) ਤੋਂ ਬਤੌਰ ਆਬਜ਼ਰਵਰ ਸੱਦੇ ਗਏ। ਇਸ ਦੇ ਆਰੰਭਿਕ ਸੈਸ਼ਨ ਵਿਚ ਕਾਂਗਰਸ ਦੇ ਨੇਤਾ ਜਨਾਬ ਨਵਜੋਤ ਸਿੰਘ ਸਿੱਧੂ ਨੇ ਇਸ ਦੀ ਸ਼ੋਭਾ ਨੂੰ ਚਾਰ ਚੰਨ ਲਾਏ ਅਤੇ ਜੁਰਜੀਤ ਪਾਤਰ ਦੇ ਪ੍ਰਧਾਨਗੀ ਮੰਡਲ ਵਿਚ ਉਹਨਾਂ ਦੇ ਨਾਲ ਸੁਰਿੰਦਰ ਸੀਰਤ ਅਤੇ ਕ੍ਰਿਸ਼ਨ ਭਨੋਟ ਨੇ ਵੀ ਸੰਗਤ ਕੀਤੀ। ਇਸ ਸਮਾਗਮ ਵਿਚ ਜਿੱਥੇ ਹਰ ਬੈਠਕ ਵਿਚ ਪਰਵਾਸੀ ਪੰਜਾਬੀ ਕਾਵਿਤਾ ਉੱਪਰ ਸੈਮੀਨਾਰ ਕੀਤਾ ਗਿਆ ਜਿਸ ਦਾ ਸੰਚਾਲਨ ਸੁਰਿੰਦਰ ਕੰਵਲ ਨੇ ਇਕ ਬਹੁਤ ਹੀ ਪ੍ਰਭਾਵਿਤ ਕਰਨ ਵਾਲੇ ਅਤੇ ਭਾਵਕ ਅੰਦਾਜ਼ ਵਿਚ ਕੀਤਾ। ਇਸ ਵਿਚ ਦਲਵੀਰ ਕੌਰ( ਇੰਗਲੈਂਡ), ਹਰਕੀ ਵਿਰਕ (ਆਸਟ੍ਰੇਲੀਆ), ਸੁਰਿੰਦਰ ਗੀਤ (ਕਨੇਡਾ), ਗੁਰਿੰਦਰ ਕੌਰ (ਮਲੇਸ਼ੀਆ), ਪਲਵਿੰਦਰ (ਮਾਰੇਸ਼ਸ), ਪਰਮਿੰਦਰ ਸੋਡੀ (ਜਾਪਾਨ), ਕ੍ਰਿਸ਼ਨ ਭਨੋਟ (ਕਨੇਡਾ), ਸੁਰਿੰਦਰ ਸੀਰਤ (ਯੂ ਐਸ ਏ) ਅਤੇ ਬਾਅਦ ਵਿਚ ਕੁਲਜੀਤ ਗ਼ਜ਼ਲ (ਆਸਟ੍ਰੇਲੀਆ) ਨੂੰ ਬੜੇ ਹੀ ਗੌਰ ਨਾਲ ਸੁਣਿਆ ਗਿਆ। ਇਹਨਾਂ ਸਾਰੇ ਲੇਖਕਾਂ ਹੈ। ਉਂਜ ਤਾਂ ਇਸ ਸਮਾਗਮ ਵਿਚ ਤਕਰੀਬਨ ਇਕ ਲੱਖ ਪੰਜੀ ਹਜ਼ਾਰ ਰੁਪੇ ਇਨਾਮਾਂ ਵਜੋਂ ਵੰਡੇ ਗਏ ਅਤੇਸਿਮਰਤ ਸੁਮੇਰਾ ਨੂੰ Miss AIPC India ਅਤੇ ਡਾ ਸਰਬਜੀਤ ਸੋਹਲ ਨੂੰ Miss AIPC Punjab ਅਵਾਰਡਾਂ ਨਾਲ ਨਿਵਾਜਿਆ ਗਿਆ ਉੱਥੇ ਹੀ ਸੁਰਿੰਦਰ ਗੀਤ (ਕਨੇਡਾ) ਨੂੰ ਅੰਮ੍ਰਿਤਾ ਪ੍ਰੀਤਮ ਐਵਾਰਡ, ਸੁਰਜੀਤ ਕਲਸੀ (ਕਨੇਡਾ) ਨੂੰ ਬਲਵੰਤ ਗਾਰਗੀ ਏਵਾਰਡ, ਸੁਰਿੰਦਰ ਸੀਰਤ (ਯੂ ਐਸ ਏ) ਨੂੰ ਸਾਹਿਰ ਲੁਧਿਆਣਵੀ ਐਵਾਰਡ ਅਤੇ ਕ੍ਰਿਸ਼ਨ ਭਨੋਟ (ਕਨੇਡਾ) ਨੂੰ ਮਿਰਜ਼ਾ ਗ਼ਾਲਿਬ ਐਵਾਰਡ ਨਾਲ ਵੀ ਨਿਵਾਜਿਆ ਗਿਆ।

# ਚੌਥਾ 'ਸ. ਪ੍ਰੀਤਮ ਸਿੰਘ ਬਾਸੀ ਯਾਦਗਾਰੀ ਪੁਰਸਕਾਰ' ਅਮਰੀਕਨ ਸ਼ਾਇਰ ਪ੍ਰੋ. ਸੁਖਵਿੰਦਰ ਕੰਬੋਜ ਨੂੰ

**ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਬੀ. ਸੀ. ਪੰਜਾਬੀ ਕਲਚਰਲ ਫਾਊਂਡੇਸ਼ਨ (ਰਜਿ.) ਵਲੋਂ ਆਪਣਾ ਵਾਰਸ਼ਿਕ ਸਮਾਗਮ 26 ਨੰਬਰ 2017 ਨੂੰ ਦੁਪਹਿਰ ਇਕ ਵਜੇ, ਬੰਬੇ ਬੈਂਕੁਇਟ ਹਾਲ, 7475-135 ਸਟਰੀਟ ਸਰੀ ਬੀ. ਸੀ. ਵਿਚ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਅਮਰੀਕਾ ਵਸਦੇ ਨਾਮਵਰ ਸ਼ਾਇਰ ਪ੍ਰੋ. ਸੁਖਵਿੰਦਰ ਕੰਬੋਜ ਨੂੰ, ਉਹਨਾਂ ਦੀਆਂ ਜੀਵਨ ਭਰ ਦੀਆਂ ਸਾਹਿਤਕ ਪ੍ਰਾਪਤੀਆਂ ਅਤੇ ਸਮਾਜਿਕ ਤੇ ਸੱਭਿਆਚਾਰਕ ਪਿੜ ਵਿਚ ਪਾਏ ਯੋਗਦਾਨ ਨੂੰ ਮੁਖ ਰਖਦਿਆਂ, ਮੰਗਾ ਸਿੰਘ ਬਾਸੀ ਵਲੋਂ ਆਪਣੇ ਪਿਤਾ ਦੀ ਯਾਦ ਵਿਚ ਸ਼ੁਰੂ ਕੀਤੇ ਗਏ 'ਸ. ਪ੍ਰੀਤਮ ਸਿੰਘ ਬਾਸੀ ਮੈਮੋਰੀਅਲ ਅਵਾਰਡ' ਨਾਲ ਸਨਮਾਨਤ ਕੀਤਾ ਜਾਵੇਗਾ। ਇਸ ਪੁਰਸਕਾਰ ਵਿਚ ਸਨਮਾਨ ਚਿੰਨ੍ਹ ਵਜੋਂ ਗਿਆਰਾਂ ਸੌ ਡਾਲਰ (ਕਨੇਡੀਅਨ), ਇਕ ਸ਼ਾਲ ਤੇ ਇਕ ਪਲੇਕ ਹੁੰਦੀ ਹੈ। ਇਸ ਤੋਂ ਪਹਿਲਾਂ ਇਹ ਪੁਰਸਕਾਰ ਇੰਡੀਅ ਰਹਿੰਦੇ ਨਾਮਵਰ ਕਵੀ ਸਰਵਣ ਰਾਹੀ, ਉਸਤਾਦ ਗ਼ਜ਼ਲਗੋ ਨਦੀਮ ਪਰਮਾਰ ਤੇ ਨਾਵਲਕਾਰ ਜਰਨੈਲ ਸਿੰਘ ਸੇਖਾ ਦੀ ਝੋਲ਼ੀ ਪੈ ਚੁੱਕਾ ਹੈ। ਪੰਜਾਬੀ ਸਾਹਿਤ ਦੇ ਨਾਮਵਰ ਚਿੰਤਕ ਡਾ. ਸਾਧੂ ਸਿੰਘ, ਮੈਗਜ਼ੀਨ ਸਿਰਜਣਾ' ਦੇ ਸੰਪਾਦਕ ਤੇ ਅਲੋਚਕ ਡਾ. ਰਘਬੀਰ ਸਿੰਘ, ਅਮਰੀਕਾ ਵਸਦੇ ਕਵੀ ਤੇ ਸਾਹਿਤਕ ਮੈਗਜ਼ੀਨ 'ਹੁਣ' ਦੇ ਸੰਪਾਦਕ ਸ੍ਰੀ ਰਵਿੰਦਰ ਸਹਿਰਾਅ ਅਤੇ ਹੋਰ ਬੁੱਧਜੀਵੀ ਇਸ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ। ਉਸ ਸਮੇਂ ਮੰਗਾ ਸਿੰਘ ਬਾਸੀ ਦੀਆਂ ਦੋ ਪੁਸਤਕਾਂ ਕਾਵਿ ਸੰਗ੍ਰਹਿ 'ਮਾਂ ਕਹਿੰਦੀ ਸੀ' ਤੇ 'ਮੰਗਾ ਬਾਸੀ ਕਾਵਿ, ਮੂਲਵਾਸ ਅਤੇ ਪਰਵਾਸ ਦਾ ਦਵੰਦ', ਸੰਪਾਦਕ ਡਾ. ਦਰਿਆ, ਵੀ ਰੀਲੀਜ਼ ਕੀਤੀਆਂ ਜਾਣਗੀਆਂ। ਸਮੂਹ ਸਾਹਿਤ ਪ੍ਰੇਮੀਆਂ ਨੂੰ ਇਸ ਸਮਾਗਮ ਵਿਚ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ ਹੈ। ਸੰਪਰਕ; ਮੰਗਾ ਸਿੰਘ ਬਾਸੀ, 604 240 1095, ਜਰਨੈਲ ਸਿੰਘ ਸੇਖਾ, 778 246 1087, ਨਦੀਮ ਪਰਮਾਰ, 604-298-2920



# ਬਾਬਾ ਚੂਹੜ ਸਿੰਘ ਬੱਜੋਂ ਨਹੀਂ ਰਹੇ!

## ਦੇਸ਼ ਭਗਤ ਕਮੇਟੀ ਨੇ ਕੀਤੀ ਸ਼ੋਕ ਸਭਾ

**ਜਲੰਧਰ–** ਦੇਸ਼ ਭਗਤ ਯਾਦਗਾਰ ਹਾਲ ਨਾਲ ਲੰਮਾ ਸਮਾਂ ਜੁੜਕੇ ਸੇਵਾਵਾਂ ਅਦਾ ਕਰਦੇ ਰਹੇ, ਕਮਿਊਨਿਸਟ ਇਨਕਲਾਬੀ ਅਤੇ ਇਨਕਲਾਬੀ ਜਮਹੂਰੀ ਲਹਿਰ ਦਾ ਪਰਚਮ ਬੁਲੰਦ ਰੱਖਣ ਵਾਲੇ ਬਾਬਾ ਚੂਹੜ ਸਿੰਘ ਬੱਜੋਂ ਸਦੀਵੀ ਵਿਛੋੜਾ ਦੇ ਗਏ।

ਉਹਨਾਂ ਨੇ ਬੰਗਾ ਦੇ ਹਸਪਤਾਲ ਵਿਚ ਬੀਤੀ ਰਾਤ ਵੱਡੇ ਤੜਕੇ ਆਖਰੀ ਸਾਹ ਲਏ। ਬੰਗਾ ਲਾਗੇ ਪਿੰਡ ਬੱਜੋਂ ਨਿਵਾਸੀ ਬਾਬਾ ਚੂਹੜ ਸਿੰਘ ਆਪਣੇ ਪਿੰਡ, ਇਲਾਕੇ ਅਤੇ ਸਮੂਹ ਇਨਕਲਾਬੀ-ਜਮਹੂਰੀ ਹਲਕਿਆਂ ਵਿੱਚ ਬਹੁਤ ਹੀ ਸਤਿਕਾਰ ਦੇ ਪਾਤਰ ਰਹੇ ਹਨ।

ਉਹਨਾਂ ਨੇ ਲੰਮਾ ਸਮਾਂ, ਸ਼ਹੀਦ ਗਿਆਨ ਸਿੰਘ ਸੰਘਾ ਦੇ ਮੋਢੇ ਸੰਗ ਮੋਢਾ ਜੋੜ ਕੇ ਮਜ਼ਦੂਰਾਂ, ਕਿਸਾਨਾਂ ਅਤੇ ਸਮੂਹ ਦੱਬੇ ਕੁਚਲੇ ਲੋਕਾਂ ਦੀ ਮੁਕਤੀ ਲਈ ਪੂਰੀ ਦ੍ਰਿੜਤਾ ਨਾਲ ਸੰਗਰਾਮ ਕੀਤਾ।



ਪਹਿਲ ਪ੍ਰਿਥਮੇ ਨਾਮਧਾਰੀ ਲਹਿਰ ਦੀਆਂ ਮਾਨਵਵਾਦੀ ਪਰੰਪਰਾਵਾਂ ਤੋਂ ਪ੍ਰਭਾਵਿਤ ਹੋ ਕੇ ਮਾਰਕਸੀ ਵਿਚਾਰਧਾਰਾ ਵੱਲ ਪੁਲਾਂਘ ਪੁੱਟਣ ਵਾਲੇ ਬਾਬਾ ਚੂਹੜ ਸਿੰਘ ਜਿਥੇ ਲੋਕਾਂ ਨੂੰ ਜੱਥੇਬੰਦ, ਚੇਤਨ ਕਰਨ ਅਤੇ ਸੰਘਰਸ਼ਾਂ ਦੇ ਰਾਹ ਤੋਰਨ ਦੇ ਅਣਥੱਕ ਕਾਮੇ ਸਨ, ਉਥੇ ਉਹ ਬਹੁਤ ਹੀ ਦੂਰ-ਅੰਦੇਸ਼ੀ ਨਾਲ ਸੋਚਦਿਆਂ ਰਚਨਾਵਾਂ ਵੀ ਲਿਖਿਆ ਕਰਦੇ।

'ਦੇਸ਼ ਭਗਤ ਯਾਦਗਾਰ ਹਾਲ ਦਾ ਸੰਖੇਪ ਇਤਿਹਾਸ' ਨਾਮੀਂ ਕਿਤਾਬਚੇ ਦੇ ਰਚੇਤਾ ਬਾਬਾ ਚੂਹੜ ਸਿੰਘ ਸਦਾ ਹੀ ਗ਼ਦਰੀ ਬਾਬਿਆਂ ਦੇ ਮੇਲੇ 'ਚ ਯੋਗਦਾਨ ਪਾਉਂਦੇ ਰਹੇ।

ਅੱਜ ਦੇਸ਼ ਭਗਤ ਯਾਦਗਾਰ ਹਾ ਅੰਦਰ ਹੋਈ ਸ਼ੋਕ ਸਭਾ ਵਿੱਚ ਬਾਬਾ ਚੂਹੜ ਸਿੰਘ ਦੀ ਲੋਕ-ਮੁਕਤੀ ਸੰਗਰਾਮ 'ਚ ਦੇਣ ਨੂੰ ਸਿਜਦਾ ਕਰਦਿਆਂ ਉਹਨਾਂ ਦੇ ਪਰਿਵਾਰ, ਸਾਕ-ਸਬੰਧੀਆਂ ਨਾਲ ਦੁੱਖ ਦਾ ਇਜ਼ਹਾਰ ਕੀਤਾ। ਸ਼ੋਕ ਸਭਾ 'ਚ ਦੱਸਿਆ ਕਿ ਚੂਹੜ ਸਿੰਘ ਦੇ ਬੇਟੇ ਜਦੋਂ ਪਰਦੇਸ ਤੋਂ ਆਏ ਉਸ ਵੇਲੇ ਹੀ ਪਿੰਡ ਬੱਜੋਂ ਚੂਹੜ ਸਿੰਘ ਦਾ ਅੰਤਿਮ ਸਸਕਾਰ ਕੀਤਾ ਜਾਏਗਾ। ਸ਼ੋਕ ਸਭਾ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਇਤਿਹਾਸ ਕਮੇਟੀ ਦੇ ਕਨਵੀਨਰ ਨੌਨਿਹਾਲ ਸਿੰਘ, ਸੀਤਲ ਸਿੰਘ ਸੰਘਾ, ਰਣਜੀਤ ਸਿੰਘ, ਚਰੰਜੀ ਲਾਲ ਕੰਗਣੀਵਾਲ ਅਤੇ ਦੇਵ ਰਾਜ ਨਯੀਅਰ ਹਾਜ਼ਰ ਸਨ।

# ਫਲਾਈ ਦੁਬੱਈ ਅਤੇ ਹੋਰ ਏਅਰਲਾਈਨਾਂ ਅੰਮ੍ਰਿਤਸਰ ਤੋਂ ਉਡਾਣਾਂ ਸ਼ੁਰੂ ਕਰਨ ਲਈ ਤਿਆਰ : ਗੁਮਟਾਲਾ

**ਡੇਟਨ (ਅਮਰੀਕਾ):** ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰ-ਰਾਸ਼ਟਰੀ ਹਵਾਈ ਅੱਡੇ ਤੋਂ ਬਹੁਤ ਸਾਰੀਆਂ ਅੰਤਰ-ਰਾਸ਼ਟਰੀ ਏਅਰਲਾਇਨਾਂ ਉਡਾਣਾਂ ਸ਼ੁਰੂ ਕਰਨੀਆਂ ਚਾਹੁੰਦੀਆਂ ਹਨ, ਜਿਨ੍ਹਾਂ ਵਿੱਚ ਦੁਬੱਈ ਦੀ ਫਲਾਈ ਦੁਬਈ ਹਵਾਈ ਕੰਪਨੀ ਵੀ ਸ਼ਾਮਲ ਹੈ। ਪ੍ਰੈਸ ਨੂੰ ਜਾਰੀ ਬਿਆਨ ਵਿੱਚ ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕਿਹਾ ਕਿ ਮੰਚ ਦੇ ਓਵਰਸੀਅਜ਼ ਸਕੱਤਰ ਸ. ਸਮੀਪ ਸਿੰਘ ਵੱਲੋਂ ਫਲਾਈ ਡੁਬਈ ਦੇ ਭਾਰਤ ਅਤੇ ਨੇਪਾਲ ਦੇ ਰੀਜ਼ਨਲ ਮੈਨੇਜਰ ਸ੍ਰੀ ਪ੍ਰਾਨ ਦਾਸਨ ਨੂੰ ਲਿਖੇ ਪੱਤਰ ਦੇ ਉਤਰ ਵਿੱਚ ਕਿਹਾ ਕਿ ਅੰਮ੍ਰਿਤਸਰ ਉਨ੍ਹਾਂ ਲਈ ਬਹੁਤ ਮਹੱਤਵਪੂਰਨ ਹੈ ਤੇ ਉਹ ਇੱਥੋਂ ਉਡਾਣਾਂ ਚਲਾਉਣੀਆਂ ਚਾਹੁੰਦੇ ਹਨ ਪਰ ਦੋਵਾਂ ਦੇਸ਼ਾਂ ਦੇ ਮੌਜੂਦਾ ਹਵਾਈ ਦੇ ਸਮਝੌਤਿਆਂ ਅਨੁਸਾਰ ਦੁੱਬਈ ਦੀਆਂ ਏਅਰਲਾਈਨਾਂ ਅੰਮ੍ਰਿਤਸਰ ਨਹੀਂ ਆ ਸਕਦੀਆਂ ਕਿਉਂਕਿ ਅੰਮ੍ਰਿਤਸਰ ਉਨ੍ਹਾਂ ਦੀ ਸੂਚੀ ਵਿਚ ਸ਼ਾਮਲ ਨਹੀਂ। ਇਹਨਾਂ ਸਮਝੋਤਿਆ ਵਿਚ ਸੋਧ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਦੋਵਾਂ ਮੁਲਕਾਂ ਦੀਆਂ ਸੀਟਾਂ ਦੀ ਸਮਰੱਥਾ ਵੀ ਖ਼ਤਮ ਹੋ ਚੁੱਕੀ ਹੈ।

ਇੱਥੇ ਦੱਸਣਯੋਗ ਹੈ ਕਿ ਕਿੰਨੀਆਂ ਸਵਾਰੀਆਂ ਇੱਕ ਮੁਲਕ ਤੋਂ ਦੂਜੇ ਮੁਲਕ ਜਾਣੀਆਂ ਹਨ, ਇਹ ਦੋਵਾਂ ਸਰਕਾਰਾਂ ਨਾਲ ਮੀਟਿੰਗ ਕਰਕੇ ਤੈਅ ਕੀਤਾ ਜਾਂਦਾ ਹੈ। ਇਸ ਸਮੇਂ ਯੂ.ਏ.ਈ. ਦੀਆਂ ਹਵਾਈ ਕੰਪਨੀਆਂ ਜਿਨ੍ਹਾਂ ਵਿੱਚ ਐਮੀਰੇਟਜ਼, ਫਲਾਈ ਡੁਬਈ ਤੇ ਇਤਹਾਦ ਸ਼ਾਮਲ ਹਨ, ਅੰਮ੍ਰਿਤਸਰ ਨਹੀਂ ਆ ਸਕਦੀਆਂ ਜਦ ਕਿ ਭਾਰਤ ਦੀਆਂ ਹਵਾਈ ਕੰਪਨੀਆਂ ਇਧਰ ਜਾ ਸਕਦੀਆਂ ਹਨ। ਤੁਰਕੀ ਦੀ ਟਰਕਿਸ਼ ਏਅਰਵੇਜ਼ ਵੀ ਅੰਮ੍ਰਿਤਸਰ ਆਉਣਾ ਚਾਹੁੰਦੀ ਹੈ ਪਰ ਭਾਰਤ ਸਰਕਾਰ ਉਸ ਨੂੰ ਆਗਿਆ ਨਹੀਂ ਦੇ ਰਹੀ। ਫਲਾਈ ਡੁਬਈ ਵਾਂਗ ਓਮਾਨ ਵੀ ਤਾਂ ਹੀ ਆ ਸਕਦੀ ਹੈ, ਜੇ ਭਾਰਤ ਸਰਕਾਰ ਉਸ ਨਾਲ ਸਮਝੌਤਾ ਕਰੇ। ਏਅਰ ਏਸ਼ੀਆ ਨੇ ਆਪਣੇ ਜੁਆਬ ਵਿੱਚ ਲਿਖਿਆ ਹੈ ਕਿ ਉਹ ਬੈਂਕਾਕ ਜਾਂ ਕੁਆਲਾਲੰਮਪੁਰ ਤੋਂ ਅੰਮ੍ਰਿਤਸਰ ਲਈ ਉਡਾਣਾਂ ਸ਼ੁਰੂ ਕਰਨ ਲਈ ਮੁਲੰਕਣ (ਇਵੈਲੂਏਟ) ਕਰ ਰਹੇ ਹਨ। ਬ੍ਰਿਟਿਸ਼ ਏਅਰਵੇਜ਼, ਵਰਜਿਨ ਐਟਲਾਂਟਿਕ ਤੇ ਏਅਰ ਕੈਨੇਡਾ ਨੇ ਲਿਖਿਆ ਹੈ ਕਿ ਉਨ੍ਹਾਂ ਨੂੰ ਵੱਡੀ ਗਿਣਤੀ ਵਿਚ ਵਿਦੇਸ਼ਾਂ ਤੋਂ ਪੰਜਾਬ ਆਉਂਦੇ ਯਾਤਰੂਆਂ ਬਾਰੇ ਗਿਆਨ ਹੈ ਪਰ ਇਸ ਸਮੇਂ ਉਹ ਭਾਰਤ ਲਈ ਹੋਰ ਉਡਾਣਾਂ ਸ਼ੁਰੂ ਨਹੀਂ ਕਰ ਰਹੇ। ਮੰਚ ਨੇ ਸ਼ਹਿਰੀ ਹਵਾਈ ਬਾਜ਼ੀ ਵਿਭਾਗ ਨੂੰ ਯੂ. ਏ. ਈ., ਓਮਾਨ, ਤੁਰਕੀ ਅਤੇ ਹੋਰ ਦੇਸ਼ਾਂ ਨਾਲ ਦੁਵੱਲੇ ਹਵਾਈ ਸਮਝੌਤਿਆਂ ਨੂੰ ਮੁੜ ਲਿਖਣ ਅਤੇ ਅੰਮ੍ਰਿਤਸਰ ਨੂੰ ਇਸ ਵਿੱਚ ਸ਼ਾਮਲ ਕਰਨ ਲਈ ਇੱਕ ਪੱਤਰ ਲਿਖਿਆ ਹੈ। ਇਨ੍ਹਾਂ ਮੁਲਕਾਂ ਤੋਂ ਉਡਾਣਾਂ ਸ਼ੁਰੂ ਹੋਣ ਨਾਲ ਪੰਜਾਬ ਤੋਂ ਅਮਰੀਕਾ, ਕੈਨੇਡਾ ਤੇ ਯੂਰਪ ਨੂੰ ਪੰਜਾਬੀ ਆ ਜਾ ਸਕਦੇ ਹਨ। ਅੰਮ੍ਰਿਤਸਰ ਤੋਂ ਡੁਬਈ ਵਾਸਤੇ, ਏਅਰ ਇੰਡੀਆ ਐਕਸਪ੍ਰੈਸ ਅਤੇ ਸਪਾਇਸ ਜੈਟ ਦੀਆਂ ਉਡਾਣਾਂ ਜਾਂਦੀਆਂ ਹਨ ਪਰ ਇਨ੍ਹਾਂ ਦਾ ਦੂਸਰੀਆਂ ਏਅਰਲਾਇਨਜ਼ ਨਾਲ ਕੋਡ ਸ਼ੇਅਰ ਨਾ ਹੋਣ ਕਰਕੇ ਯਾਤਰੂ ਅੱਗੇ ਕਿਸੇ ਹੋਰ ਮੁਲਕ ਨਹੀਂ ਜਾ ਸਕਦੇ। ਮੰਚ ਨੇ ਪੰਜਾਬ ਦੇ ਲੋਕ ਸਭਾ ਅਤੇ ਰਾਜ ਸਭਾ ਮੈਂਬਰਾਂ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸੈਰ ਸਪਾਟਾ ਮੰਤਰੀ ਸ. ਨਵਜੋਤ ਸਿੰਘ ਸਿੱਧੂ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਅਤੇ ਸੈਰ ਸਪਾਟਾ ਉਦਯੋਗ ਨੂੰ ਉਤਸ਼ਾਹ ਕਰਨ ਲਈ ਇਨ੍ਹਾਂ ਏਅਰਨਾਈਨਾਂ ਨੂੰ ਪਹੁੰਚ ਕਰਨ ਤੇ ਜਿਹੜੀਆਂ ਏਅਰਲਾਇਨਾਂ ਆਉਣਾਂ ਚਾਹੁੰਦੀਆਂ ਹਨ ਉਨ੍ਹਾਂ ਨੂੰ ਸ਼ਹਿਰੀ ਹਵਾਬਾਜੀ ਮੰਤਰੀ ਨੂੰ ਮਿਲ ਕੇ ਆਗਿਆ ਦਿਵਾਉਣ ਦੀ ਖੇਚਲ ਕਰਨ। ਜੈਟ ਏਅਰਵੇਜ਼ ਨੇ 2013 ਵਿੱਚ ਅੰਮ੍ਰਿਤਸਰ ਸਮੇਤ ਭਾਰਤ ਦੇ ਕਈ ਹੋਰ ਸ਼ਹਿਰਾਂ ਤੋਂ ਅਬੂਧਾਬੀ ਲਈ ਉਡਾਣਾਂ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ। ਉਸ ਨੇ 2015 ਵਿਚ ਅੰਮ੍ਰਿਤਸਰ ਨੂੰ ਛੱਡ ਕੇ ਬਾਕੀ ਸ਼ਹਿਰਾਂ ਤੋਂ ਉਡਾਣਾਂ ਸ਼ੁਰੂ ਕਰ ਦਿੱਤੀਆਂ ਸਨ। ਪੰਜਾਬ ਸਰਕਾਰ ਨੂੰ ਜੈਟ ਏਅਰਵੇਜ਼ ਪਾਸ ਵੀ ਅੰਮ੍ਰਿਤਸਰ ਤੋਂ ਅਬੂਧਾਬੀ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਵਾਉਣ ਲਈ ਪਹੁੰਚ ਕਰਨਾ ਚਾਹੀਦਾ ਹੈ।

# ਐੱਸ.ਸੀ. ਬੀ.ਸੀ. ਫੈੱਡਰੇਸ਼ਨ ਵਲੋਂ ਐੱਸ. ਡੀ. ਐੱਮ. ਗੜਸ਼ੰਕਰ ਨੂੰ ਮੰਗ ਪੱਤਰ

**ਹੁਸ਼ਿਆਰਪੁਰ–** ਪੰਜਾਬ ਦੇ ਸੂਬਾ ਚੇਅਰਮੈਨ ਸ. ਜਸਬੀਰ ਸਿੰਘ ਪਾਲ ਅਤੇ ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਬਲਾਕ ਪ੍ਰਧਾਨ ਗੜਸ਼ੰਕਰ ਰਣਜੀਤ ਸਿੰਘ, ਸੰਦੀਪ ਸਿੰਘ ਅਤੇ ਬ੍ਰਹਮਜੀਤ ਸਿੰਘ ਦੀ ਅਗਵਾਈ ਵਿਚ ਆਹੁਦੇਦਾਰਾਂ ਦਾ ਇੱਕ ਵਫਦ ਐੱਸ. ਡੀ. ਐੱਮ. ਸ਼੍ਰੀ ਹਰਦੀਪ ਸਿੰਘ ਧਾਲੀਵਾਲ ਨੂੰ ਭਾਵਪੂਰਤ ਢੰਗ ਨਾਲ ਮਿਲਿਆ ਅਤੇ ਫੈੱਡਰੇਸ਼ਨ ਦੀਆਂ ਸੰਵਿਧਾਨਕ ਮੰਗਾਂ ਸਬੰਧੀ ਮੁਖ ਮੰਤਰੀ ਪੰਜਾਬ ਸ. ਅਮਰਿੰਦਰ ਸਿੰਘ ਦੇ ਨਾਂ ਉਨ੍ਹਾਂ ਨੂੰ ਮੰਗ ਪੱਤਰ ਸੌਂਪਿਆ।ਇਸ ਸਮੇਂ ਫੈੱਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ, ਜਨਰਲ ਸਕੱਤਰ ਡਾ. ਜਸਵੰਤ ਰਾਏ ਅਤੇ ਮੀਤ ਪ੍ਰਧਾਨ ਲੈਕ. ਬਲਦੇਵ ਸਿੰਘ ਧੁੱਗਾ ਵੀ ਉਚੇਚੇ ਤੌਰ ਤੇ ਨਾਲ ਸ਼ਾਮਿਲ ਸਨ।ਮੰਗ ਪੱਤਰ ਸੌਂਪਦਿਆਂ ਫੈੱਡਰੇਸ਼ਨ ਦੇ ਆਗੂਆਂ ਨੇ ਕਿਹਾ ਕਿ 10-10-2014 ਦਾ ਗੈਰ ਸੰਵਿਧਾਨਕ ਪੱਤਰ ਰੱਦ ਕੀਤਾ ਜਾਵੇ, 85ਵੀਂ ਸੰਵਿਧਾਨਕ ਸੋਧ 1995 ਤੋਂ ਲਾਗੂ ਕੀਤੀ ਜਾਵੇ, ਅਬਾਦੀ ਅਨੁਸਾਰ ਰਾਖਵਾਂਕਰਨ ਦਿੱਤਾ ਜਾਵੇ, ਬੈਕਲਾਗ ਪੂਰਾ ਕੀਤਾ ਜਾਵੇ, ਨਿੱਜੀ ਖੇਤਰ ਵਿਚ ਰਾਖਵਾਂਕਰਨ ਦਿੱਤਾ ਜਾਵੇ, ਠੇਕੇ ਭਰਤੀ ਐੱਸ.ਐੱਸ. ਏ., ਰਮਸਾ, ਈ.ਜੀ.ਐੱਸ., ਸਿਖਿਆ ਵਲੰਟੀਅਰਜ਼, ਮਿੱਡ. ਡੇ-ਮੀਲ ਵਰਕਰ, ਆਂਗਨਵਾੜੀ ਤੇ ਆਸ਼ਾ ਵਰਕਰਾਂ ਨੂੰ ਪੱਕਾ ਕੀਤਾ ਜਾਵੇ, 22 ਲੱਖ ਸਕੂਲੀ ਵਿਦਿਆਰਥੀਆਂ ਨੂੰ ਵਜ਼ੀਫਾ ਨਿਯਮਤ ਰੂਪ ਵਿਚ ਦਿੱਤਾ ਜਾਵੇ, ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ ਅਤੇ ਬੇ ਘਰਿਆਂ ਨੂੰ ਪੱਕੇ ਮਕਾਨ ਬਣਾ ਕੇ ਦਿੱਤਾ ਜਾਣ।ਜੇਕਰ ਸਰਕਾਰ ਨੇ ਫੌਰੀ ਤੌਰ ਤੇ ਇਨ੍ਹਾਂ ਹੱਕੀ ਮੰਗਾਂ ਨੂੰ ਨਾ ਗੌਲ਼ਿਆ ਤਾਂ ਆਉਣ ਵਾਲੇ ਸਰਦ ਰੁੱਤ ਸੈਸ਼ਨ ਦੌਰਾਨ ਪੰਜਾਬ ਵਿਧਾਨ ਸਭਾ ਦਾ ਘਿਰਾਓ ਕੀਤਾ ਜਾਵੇਗਾ।ਇਸ ਮੌਕੇ ਕਰਨੈਲ ਸਿੰਘ ਖਾਨਪੁਰ, ਅਜੇ ਕੁਮਾਰ, ਸੁਭਾਸ਼ ਚੰਦਰ ਪੋਸੀ, ਸੁੱਚਾ ਰਾਮ, ਦਿਨੇਸ਼ ਕੁਮਾਰ, ਸੰਦੀਪ ਕੁਮਾਰ, ਬਲਵਿੰਦਰ ਸਿੰਘ, ਦਵਿੰਦਰ ਕਲਸੀਆ, ਸੁਰਜੀਤ ਸਿੰਘ, ਸੁਰਜੀਤ ਰਾਜਾ, ਮਨਜਿੰਦਰ ਸਿੰਘ ਆਦਿ ਸਾਥੀ ਹਾਜ਼ਰ ਸਨ।



**ਰਿਪੋਰਟ-:ਡਾ. ਜਸਵੰਤ ਰਾਏ** (9815825999)

# ਤੂੜੀ ਵਾਲੇ ਕੋਠੇ ਅੰਦਰਲੀ ਕੋਕ - ਪਰਸ਼ੋਤਮ ਲਾਲ ਸਰੋਏ



ਡਾ. ਦਵਿੰਦਰ ਮੰਡ
91-99145-65255

ਮੇਰੇ ਲਈ ਪਰਸ਼ੋਤਮ ਸਰੋਏ ਦਾ ਅਕਸ਼ ਇਹੋ ਜਿਹਾ ਹੈ ਜਿਵੇਂ ਮੈਂ ਪੱਕੀ ਹੋਈ ਮੱਕੀ ਦੇ ਖੇਤ ਵਿੱਚ ਵੜ ਗਿਆ ਹੋਵਾਂ। ਆਹ ਪੱਕੀ, ਆਹ ਕੱਚੀ ਦੇਖਦਾ ਹੋਇਆ ਛੱਲੀਆਂ ਦੇ ਉੱਪਰਲੇ ਵਾਲਾਂ ਦੇ ਝਾਟੇ ਵਿੱਚ 'ਉਲਝਣ' ਬਣ ਕੇ ਰਹਿ ਗਿਆ ਹੋਵਾਂ। ਅੰਦਰੋਂ ਸੱਚਾ ਸੁੱਚਾ, ਦੂਜੇ ਦੀ ਗੱਲ ਨਾ ਸੁਣਨ ਵਾਲਾ, ਰਚਨਾ ਦਾ ਖ਼ਿਲਾਰਾ ਪਾ ਕੇ ਬਹਿਣ ਵਾਲਾ। ਪਰਸ਼ੋਤਮ ਸਚਮੁਚ ਸਾਹਿਤ ਦਾ ਸ਼ੁਦਾਈ ਹੈ। ਜਦੋਂ ਤੁਸੀਂ ਉਹਦੇ ਚਿਹਰੇ ਵੱਲ ਜਾਂ ਉਹਦੀ ਰਚਨਾ ਵੱਲ ਝਾਤੀ ਮਾਰਦੇ ਹੋ ਤਾਂ ਇਕਦਮ ਤੁਸੀਂ ਉੱਤਰ ਦੱਖਣ ਦਿਸ਼ਾਵਾਂ ਦੀ ਕਲਪਨਾ ਕਰਨ ਲੱਗ ਪੈਂਦੇ ਹੋ। ਤੁਸੀਂ ਇਹ ਸੋਚ ਵੀ ਨਹੀਂ ਸਕਦੇ ਕਿ ਆਹ ਸਾਹਮਣੇ ਬੈਠੀ ਸ਼ਖ਼ਸੀਅਤ ਇਹੋ ਜਿਹੀ ਰਚਨਾ ਵੀ ਕਰ ਸਕਦੀ ਹੈ। ਦੇਸੀ ਜਿਹਾ ਸਾਫ਼-ਸੁਥਰਾ, ਸਤਰੰਗੀ ਹਾਸਾ ਹੱਸਣ ਵਾਲਾ ਤੇ ਦੂਜਿਆਂ ਦੇ ਕੰਮ ਆਉਂਣ ਵਾਲਾ ਪਰਸ਼ੋਤਮ ਤੁਹਾਨੂੰ ਇਹ ਕਦੇ ਨਹੀਂ ਚਿਤਾਰੇਗਾ ਕਿ ਮੈਂ ਤੁਹਾਡੇ ਲਈ ਆਹ ਕੀਤਾ, ਔਹ ਕੀਤਾ। ਤੁਸੀਂ ਉਹਨੂੰ ਕੋਈ ਕੰਮ ਕਹਿ ਦਿੱਤਾ ਤਾਂ ਉਹ ਇੱਕ ਧੁਨ ਦਾ ਪੱਕਾ ਤੁਹਾਡਾ ਕੰਮ ਕਰਕੇ ਹੀ ਸਾਹ ਲਵੇਗਾ। ਮੇਰੇ ਘਰ ਜਿੰਨੀ ਵਾਰ ਵੀ ਪਰਸ਼ੋਤਮ ਆਇਆ ਹੈ ਮੈਂ ਉਹਦੇ ਆਉਣ ਤੋਂ ਪਹਿਲਾਂ ਇਹੀ ਮਹਿਸੂਸ ਕਰਦਾ ਹਾਂ ਕਿ ਆਉਂਦਿਆਂ ਪਰਸ਼ੋਤਮ ਕਹੇਗਾ ਕਿ "ਮੰਡ ਸਾਹਬ! ਸਾਇਕਲ ਦੇ ਕੁੱਤੇ ਮਰ ਗਏ, ਚੈਨ ਉਤਰ ਗਈ ਸੀ। ਮੂਹਰੇ ਕੁੱਤਾ ਆ ਗਿਆ..... ਮੇਰੇ ਰਗੜਾਂ ਲੱਗ ਗਈਆਂ..... ਹੈਗਾ ਕੱਪੜੇ ਧੋਣ ਵਾਲਾ ਸਾਬਣ? ਹੱਥ ਲਿਬੜ ਗਏ ਸਾਰੇ....." ਜਦੋਂ ਮੈਂ ਉਹਨੂੰ ਕਹਿੰਦਾ ਹਾਂ ਕਿ "ਭੁੱਖ ਤਾਂਹਨੀਂ ਲੱਗੀ?"

"ਨਹੀਂ ਨਹੀਂ ਮੈਂ ਛੱਲੀਆਂ ਖਾ ਲਈਆਂ ਤਿੰਨ ਚਾਰ ਦੁਕਾਨ ਤੋਂ ਭੂਕਣੇ ਜਿਹੇ ਲੈ ਕੇ ਖਾ ਲਏ..... ਚਾਹ ਪੀ ਲਾਂਗੇ..... ਦੱਬ ਕੇ ਖੰਡ ਪਾ ਕੇ .....।" ਫਿਰ ਉਹ ਉਚੀ-ਉਚੀ ਹੱਸ ਪੈਂਦਾ ਹੈ। "ਤੁਹਾਡੇ ਪਿੰਡ ਦਾ ਮੰਤਰੀ ਕਿੱਦਾਂ?" ਜਦੋਂ ਪਿੰਡ ਦੇ ਮੰਤਰੀ ਬਾਰੇ ਪੁੱਛਦਾ ਹਾਂ ਤਾਂ ਤੋੜ ਕੇ ਕਹਿੰਦਾ ਹੈ ਕਿ "ਮੇਰੀ ਉਹਦੇ ਨਾਲ ਕਦੇ ਨਾ ਬਣੀ..... ਮੈਂ ਬਥੇਰਾ ਉਹਦੇ ਖਲਾਫ਼ ਲਿਖਦਾ ਰਿਹੈ..... ਮੈਨੂੰ ਦੇਖ ਕੇ ਡਰ ਜਾਂਦਾ ਸੀ ਉਹ ..... ਹੁਣ ਮੁੰਡਾ ਉਹਦਾ ..... ਉਹ ਹੈ ਤਾਂ ਚੰਗਾ ਪਰ ਸੁਸਤ ਆ .....।" ਪਰਸ਼ੋਤਮ ਦਾ ਜੱਦੀ ਪਿੰਡ ਜਲੰਧਰ ਜ਼ਿਲ੍ਹੇ ਵਿਚ ਧਾਲੀਵਾਲ ਕਾਦੀਆਂ ਆ। ਪਿਤਾ ਸ੍ਰੀ ਪ੍ਰੀਤਮ ਦਾਸ ਅਤੇ ਮਾਤਾ ਧੰਨ ਕੌਰ ਦੇ ਘਰ 1973 ਨੂੰ ਜਨਮਿਆਂ। ਡੀ. ਏ. ਵੀ ਕਾਲਜ ਜਲੰਧਰ ਤੋਂ ਬੀ. ਏ. ਦੀ ਪੜ੍ਹਾਈ ਕੀਤੀ। ਕੰਪਿਊਟਰ ਨਾਲ ਜੁੜਿਆ ਡਿਪਲੋਮਾ ਪੀ ਜੀ ਡੀ ਸੀ ਏ ਵੀ ਕੀਤਾ। ਫਿਰ ਡਿਪਲੋਮਾ ਇੰਨ ਕੰਪਿਊਟਰ ਇੰਨ ਆਫ਼ਿਸ ਮੈਨੇਜਮੈਂਟ (ਡੀ. ਸੀ. ਓ.) ਕੀਤਾ ਅਤੇ ਐਮ. ਸੀ. ਏ. ਦੀ ਪੜ੍ਹਾਈ ਵਿਚੋਂ ਹੀ ਛੱਡਣੀ ਪਈ। ਕਮਜ਼ੋਰ ਆਰਥਿਕ ਹਾਲਤ ਕਾਰਣ ਜੀਵਨ 'ਚ ਕਈ ਮੁਸੀਬਤਾਂ ਦਾ ਸਾਹਮਣਾ ਕਰਦਾ ਹੋਇਆ ਉਹ ਅੱਗੇ ਹੀ ਵਧਦਾ ਰਿਹਾ। ਚੌਦਾਂ ਪੰਦਰਾਂ ਪੁਸਤਕਾਂ ਦਾ ਰਚੇਤਾ ਪਰਸ਼ੋਤਮ ਇਨਸਾਨੀਅਤ ਨੂੰ ਆਪਣੀਆਂ ਰਚਨਾਵਾਂ ਦਾ ਕੇਂਦਰ ਬਿੰਦੂ ਸਮਝਦਾ ਹੈ। ਧਾਰਮਿਕ ਤੇ ਧਾਰਮਿਕ ਪ੍ਰਵਿਰਤੀ ਅਤੇ ਅਗਾਂਹ ਵਧੂ ਸੋਚ ਦੇ ਲੋਕਾਂ ਦਾ ਆਪ ਉੱਪਰ ਬੜਾ ਪ੍ਰਭਾਵ ਹੈ। ਡਾ. ਬੀ. ਆਰ. ਅੰਬੇਡਕਰ ਨੂੰ ਆਪਣਾ ਆਦਰਸ਼ ਮੰਨਣ ਵਾਲਾ ਪਰਸ਼ੋਤਮ ਝੱਟ ਹੀ ਮੂੰਹੋਂ ਆਪਣੇ ਨਾਲ ਹੋਈਆਂ ਧੱਕੇਸ਼ਾਹੀਆਂ ਦੀਆਂ ਗੱਲਾਂ ਉਗਲ ਦਿੰਦਾ ਹੈ। ਜਲੰਧਰ ਵਿਚ ਕਿਤੇ ਵੀ ਕਵੀ ਦਰਬਾਰ ਹੁੰਦਾ ਹੋਵੇ ਸਰੋਏ ਝੱਟ ਪਹੁੰਚ ਜਾਂਦਾ ਹੈ। ਭਾਵੇਂ ਉਹ ਉੱਥੇ ਕਵਿਤਾ ਬੋਲ ਕੇ ਆਇਆ ਹੋਵੇ ਕਈ ਵਾਰ ਕਵੀ ਦਰਬਾਰ ਦੀਆਂ ਗੱਲਾਂ ਸੁਣਾਉਂਦਾ ਕਹਿਣ ਲੱਗਦਾ ਹੈ, "ਹੀ.. ਹੀ.. ਹੀ.. ਮੰਡ ਸੈਹਬ! ਮੈਂ ਪਰਸੋਂ ਫਲਾਣੇ ਕਵੀ ਦਰਬਾਰ 'ਤੇ ਗਿਆ..... ਹੀ.. ਹੀ.. ਬਾਹਲੀ ਠੰਢ ਸੀ ..... ਪਤਾ ਕੀ ਹੋਇਆ? ਪਹੁੰਚਿਆ ਮੈਂ ਸਭ ਤੋਂ ਪਹਿਲਾਂ ਸਾਂ ਪਰ ਹੀ.. ਹੀ.. ਕਰਤਾ ਧਰਤਾ ਕਹਿਣ ਲੱਗਾ, "ਤੂੰ ਦਲਿਤ ਆਂ ਤੇਰੀ ਵਾਰੀ ਬਾਅਦ 'ਚ ਆਊ .....। ਪਰਸ਼ੋਤਮ ਇਹ ਗੱਲ ਹਾਸੇ 'ਚ ਤਾਂ ਕਹਿ ਗਿਆ ਪਰ ਮੇਰੇ ਅੰਦਰੋਂ ਜਿਵੇਂ ਕੁਝ ਟੁੱਟ ਗਿਆ ਹੋਵੇ, ਪਿਘਲ ਪਿਘਲ ਹੇਠਾਂ ਨੂੰ ਜਾ ਰਿਹਾ ਹੋਵੇ। "ਕੀ ਸੱਚੀ..... ਏਦਾਂ ਕਿਹਾ.....? " ਮੈਂ ਮਾਨਸਿਕ ਤੌਰ 'ਤੇ ਬੇਤਰਤੀਬਾ ਹੋ ਜਾਂਦਾ ਹਾਂ।

"ਐ ਇਡਾ ਧਾਰਮਿਕ ਬੰਦਾ..... ਸੱਚੀਂ ਗੰਭੀਰ ਸੀ ਉਹ.....।" ਮੈਂ ਹੋਰ ਗੰਭੀਰ ਹੋ ਗਿਆ ਸਾਂ।

"ਆਹੋ ਆਹੋ ਮੰਡ ਸੈਹਬ! ਉਹਨੂੰ ਇਹ ਗੱਲਾਂ ਸੋਭਦੀਆਂ..... ਪਰਸ਼ੋਤਮ ਚਾਹ ਦਾ ਕੱਪ ਚੁੱਕਦਾ ਕਹਿ ਜਾਂਦਾ ਹੈ। ਕੁਛ ਦੇਰ ਸ਼ਾਂਤ ਮਾਹੌਲ ਤੋਂ ਬਾਅਦ ਮਟਰੀ ਚੁੱਕਦਾ ਪਰਸ਼ੋਤਮ ਫਿਰ ਕਹਿੰਦਾ ਹੈ, "ਦੇਖੋ ਪ੍ਰੋਫ਼ੈਸਰ ਸੈਹਬ! ਮੈਂ ਤਾਂ ਕਿਸੇ ਨੂੰ ਕਦੇ ਕੁਸ਼ ਨਹੀਂ ਕਹਿੰਦਾ..... ਚੁੱਪਚਾਪ ਪਿੱਛੇ ਜਾ ਬਹਿੰਦਾ ਹਾਂ..... ਕਵੀ ਦਰਬਾਰਾਂ 'ਚ।" ਜਦੋਂ ਕਦੇ ਕੰਪਿਊਟਰ ਠੀਕ ਕਰਨਾ ਹੋਵੇ ਤਾਂ ਮੈਂ ਜਾਂਦਾ ਹਾਂ ਜੇ ..... ਰਚਨਾਵਾਂ ਟੈਪ ਕਰਨੀਆਂ ਹੋਣ ਤਾਂ ਮੈਂ .....

"ਸੇਵਾਫਲ ਕੋਈ ਦਿੰਦਾ?" ਜਦੋਂ ਮੈਂ ਪੁੱਛਦਾ ਹਾਂ ਤਾਂ ਹੱਸਦਾ ਪਰਸ਼ੋਤਮ ਕਹਿਣ ਲੱਗਦਾ ਗੱਲਾਂ 'ਚ ਹੀ ਰਜਾ ਦਿੰਦਾ..... ਇਕ ਦਿਨ ਦਿੱਤੇ ਸੀ ਵੀਹ ਰੁਪਏ..... ਲਫ਼ਾਫ਼ੇ 'ਚ ਪਾ ਕੇ....." ਫਿਰ ਸਰੋਏ ਠਹਾਕਾ ਮਾਰ ਕੇ ਹੱਸਦਾ ਹੈ।

"ਕਿਹੜੀ ਕਵਿਤਾ ਲਿਖੀ ਅੱਜਕੱਲ੍ਹ?" ਜਦੋਂ ਮੈਂ ਇਹ ਕਹਿੰਦਾ ਹਾਂ ਤਾਂ ਝੱਟ ਕਮੀਜ਼ ਦੀ ਮੂਹਰਲੀ ਜੇਬ੍ਹ 'ਚੋਂ ਕਾਗ਼ਜ਼ ਕੱਢ ਕਹਿਣ ਲੱਗਾ, "ਆਹ ਨਿਬੰਧ ਲਿਖਿਆ ਜੇ ਜਮੀਰ ਜਾਗ ਪੈਣ ਤਾਂ" ਫਿਰ ਉਹ ਇੱਕੋ ਸਾਹੇ ਪੜ੍ਹਨ ਲੱਗਦਾ ਹੈ। ਪਰਸ਼ੋਤਮ ਦੀਆਂ ਬਹੁਤ ਸਾਰੀਆਂ ਰਚਨਾਵਾਂ ਜ਼ਿੰਦਗੀ ਦਾ ਸੱਚ ਬਿਆਨਦੀਆਂ ਹਨ। ਇਸ ਦੀਆਂ ਕਈ ਸਤਰਾਂ ਜੀਵਨ 'ਚ ਰਾਹ ਦਸੇਰਾ ਸਾਬਤ ਹੁੰਦੀਆਂ ਹਨ। ਜਿਵੇਂ

ਕੂੜਾ ਬਣੇ ਜਿਸ ਘਰ ਦੀ ਸ਼ਾਨ,
ਜ਼ਿੰਦਗੀ ਘੜੀ ਪਲ ਦੀ ਮਹਿਮਾਨ।

ਜਾਂ

ਆਓ ਅਕਲਾਂ ਵਾਲਿਓ, ਆਓ ਕਲਮਾਂ ਵਾਲਿਓ,
ਕੁਝ ਐਸਾ ਲਿਖ ਦੇਈਏ ਤੇ ਬਦਲ ਦੇਈਏ ਇਤਿਹਾਸ,
ਚਿਰਾਂ ਤੋਂ ਲਾਈ ਬੈਠਾ ਸਾਰਾ ਮੁਲਕ ਸਾਡੇ 'ਤੇ ਆਸ।

ਜਾਂ

ਜੇ ਵੱਖਰਾ ਪੰਥ ਚਲਾਉਣ ਦੀ ਗੱਲ ਚੱਲੀ,
ਤਦ ਇਨਸਾਨੀਅਤ ਦਾ ਪੰਥ ਸੁਝਾਵਾਂਗਾ ਮੈਂ
...............................
ਬੰਦੇ ਬਣ ਜਾਓ ਸਮਾਜ ਦਿਓ ਲੁੱਟ ਖੋਰੋ,
ਪਹਿਲਾਂ ਪਿਆਰ ਨਾਲ ਗੱਲ ਸਮਝਾਵਾਂਗਾ ਮੈਂ,
ਜੇ ਫਿਰ ਵੀ ਵਿੰਗੇ ਰਹੇ ਕੁੱਤੇ ਦੀ ਪੂਛ ਵਾਂਗਰ,
ਜੁੱਤੀ ਕਲਮ ਨਾਲ ਬੜੀ ਹੀ ਬਾਹਵਾਂਗਾ ਮੈਂ।

ਜਾਂ

ਕਿਉਂ ਕਰ ਰਹੇ ਓ ਢੋਂਗ ਸ਼ਰਾਧਾਂ ਦਾ ਤੁਸੀਂ,
ਜੀਵਿਤਾਂ ਦੇ ਮੂੰਹ ਵਿੱਚ ਪਾਣੀ ਤਾਂ ਪਾ ਨਾ ਸਕੇ।

ਜਾਂ

ਗੱਲ ਕਰਾਂ ਯਾਰੋ ਮੈਂ ਤਾਂ, ਬੰਦੇ ਨੂੰ ਕੀਤੇ, ਬੰਦੇ ਦੇ ਮਖੌਲ ਦਾ,
ਜਿਉਂਦਿਆਂ ਦੇ ਡੰਗ ਮਾਰੇ, ਮਰਿਆਂ ਦੇ ਪਿੱਛੋਂ ਇਹੋ,
ਅਸਥੀਆਂ ਬਹਾਨੇ ਸਿਵਿਆਂ ਦੀ ਰਾਖ ਜਾ ਫਰੋਲਦਾ।

ਜਾਂ

ਸੌ ਤੱਕ ਭਾਅ ਪੁੱਜਿਆ ਪਿਆਜ ਦਾ,
ਭੁੱਲ ਗਿਆ ਚੇਤਾ ਬੰਦੇ ਦੇ ਲਿਹਾਜ ਦਾ।
...............................
ਦਾਲਾਂ ਵੀ ਤਾਂ ਰੰਗ ਆਪਣਾ ਦਿਖਾਉਂਦੀਆਂ,
ਲੈਣ ਗਏ ਬੰਦੇ ਦੇ ਕੱਪੜੇ ਲਹਾਉਂਦੀਆਂ।

ਵਿਦਵਾਨ ਮਿੱਤਰ ਡਾ. ਰਾਮ ਮੂਰਤੀ ਪਰਸ਼ੋਤਮ ਨੂੰ ਸਿਹਤਮੰਦ ਸਮਾਜ ਦੀ ਸਿਰਜਣਾ ਦਾ ਸੁਪਨਸਾਜ ਆਖਦਾ ਹੈ। ਢੇਰਾਂ ਦੇ ਢੇਰ ਵਿਸ਼ਿਆਂ 'ਤੇ ਲਿਖਣ ਵਾਲਾ ਪਰਸ਼ੋਤਮ ਕਾਫ਼ੀ ਪ੍ਰਤਿਭਾਸ਼ਾਲੀ ਹੈ। ਚਲੰਤ ਮਾਮਲਿਆਂ 'ਤੇ ਤੁਰੰਤ ਰਚਨਾ ਕਰਕੇ ਤੁਹਾਡੇ ਮੂਹਰੇ ਆ ਖੜ੍ਹਦਾ ਹੈ। ਗੁਰਬਤ ਮਾਰੇ ਲੋਕਾਂ ਦੀ ਗੁਰਬਤ ਦਾ ਪਰਸ਼ੋਤਮ ਨੂੰ ਨਿੱਜੀ ਅਨੁਭਵ ਹੈ। ਉਹਨਾਂ ਦੀਆਂ ਦੁੱਖ-ਤਕਲੀਫ਼ਾਂ 'ਤੇ ਖੁੱਲ੍ਹ ਕੇ ਲਿਖਣਾ, ਡੇਰਿਆਂ 'ਤੇ ਜਾ ਕੇ ਬਾਬਿਆਂ ਨੂੰ ਪੂਜਣਾ ਪਰਸ਼ੋਤਮ ਨੂੰ ਤੰਗ ਪ੍ਰੇਸ਼ਾਨ ਕਰਦਾ ਹੈ। ਅਕਸਰ ਕਹਿੰਦਾ ਹੈ, "ਇਹਨਾਂ ਗੁਰਬਤ ਦੇ ਮਾਰਿਆਂ ਨੇ ਇੰਝ ਹੀ ਰੁਲਦੇ ਰਹਿਣੈ ਜਦੋਂ ਤੱਕ ਹੱਥੀਂ ਕੰਮ ਨਹੀਂ ਕਰਦੇ.....।"

ਪਰਸ਼ੋਤਮ ਜਦੋਂ ਦੋਗਾਣਾ ਲਿਖ ਲੈਂਦਾ ਹੈ ਤਾਂ ਸਾਰੀ ਰਾਤ ਮੂੰਹ 'ਚ ਉਹਦੀਆਂ ਤਰਜਾਂ ਹੀ ਬਣਾਉਂਦਾ ਰਹਿੰਦਾ ਹੈ ਫਿਰ ਸਵਖ਼ਤੇ ਹੀ ਜਦੋਂ ਮੇਰੇ ਵਰਗਾ ਸੱਦ ਲੈਂਦਾ ਹੈ ਤਾਂ ਤੁਰੰਤ ਚਮਕੀਲੇ ਦੇ ਜਾਂ ਮੁਹੰਮਦ ਸਦੀਕ ਦੀ ਕਿਸੇ ਤਰਜ 'ਤੇ ਗਾਉਂਣ ਲੱਗਦਾ ਹੈ। ਉਹਦੇ ਗਲ ਦੀ ਘੰਡੀ ਕਦੇ ਉਪਰ ਹੁੰਦੀ ਹੈ ਤੇ ਕਦੇ ਥੱਲੇ ਨੂੰ। ਕਦੇ ਉਹ ਕੁੜੀਆਂ ਦੀ ਆਵਾਜ਼ 'ਚ ਹਨੀਪ੍ਰੀਤ ਦੀ ਭਾਵਨਾ ਪੇਸ਼ ਕਰਦਾ ਹੈ ਤੇ ਕਦੇ ਰਾਮ ਰਹੀਮ ਦੀ। ਬੇਸ਼ੱਕ ਮੈਂ ਅੱਗਿਓਂ ਹੱਸੀ ਜਾਨੈਂ ਪਰ ਸਰੋਏ ਨੂੰ ਇਸ ਦਾ ਕੋਈ ਫ਼ਰਕ ਨਹੀਂ ਪੈਂਦਾ ਉਹ ਤਾਂ ਆਪਣਾ ਗੀਤ ਪੂਰਾ ਕਰਕੇ ਹੀ ਸਾਹ ਲਵੇਗਾ। ਪਰਸ਼ੋਤਮ ਨੇ ਲਗਭਗ ਹਰ ਵਿਸ਼ੇ ਉੱਪਰ ਗੰਭੀਰਤਾ ਨਾਲ ਲਿਖਿਆ ਹੈ। ਭਰੂਣ ਹੱਤਿਆ, ਰਿਸ਼ਬਤਖੋਰੀ, ਆਰਥਿਕ ਲੁੱਟ-ਖਸੁੱਟ, ਡੇਰਾਵਾਦ ਅਤੇ ਕਿਸਾਨੀ ਜੀਵਨ ਦੀ ਤਰਾਸਦੀ ਆਦਿ ਵਿਸ਼ਿਆਂ ਉੱਪਰ ਉਸਨੇ ਬੜੀ ਸਿੱਦਤ ਨਾਲ ਲਿਖਿਆ ਹੈ। ਇਹਦੀਆਂ ਰਖੀਆਂ ਪੁਸਤਕਾਂ ਦਾ ਭਾਰ ਇਹਦੇ ਆਪਣੇ ਭਾਰ ਤੋਂ ਜ਼ਿਆਦਾ ਹੈ। ਮਾਤਾ - ਪਿਤਾ ਦੀ ਮੌਤ ਨੇ ਪਰਸ਼ੋਤਮ ਨੂੰ ਇਕੱਲਾ ਕਰ ਦਿੱਤਾ। ਭਾਵੇਂ ਹੋਰ ਵੀ ਇਹਦੇ ਭਰਾ ਹਨ ਪਰ ਆਪੋ ਆਪਣੇ ਘਰੀਂ ਵਿਆਹੇ ਵਰ੍ਹੇ। ਇੱਕ ਭਰਾ ਨਾਲ ਰਹਿੰਦਾ ਪਰਸ਼ੋਤਮ ਮੈਨੂੰ ਕਈ ਵਾਰ ਕਹਿ ਚੁੱਕਾ ਹੈ ਕਿ ਮੇਰੇ ਕੋਲ ਖੇਤ ਵੀ ਆ, ਮਿਹਨਤ ਨਾਲ ਪੈਸਾ ਧੇਲਾ ਵੀ ਕਮਾ ਲੈਂਦਾ..... ਹੁਣ ਇਕੱਲਤਾ ਤੋਂ ਉਕਤਾ ਗਿਐਂ..... ਦੇਖਿਓ ਕਿਤੇ ਰਿਸ਼ਤਾ ਲੋੜਵੰਦ ਹੋਵੇ ..... ਮੈਨੂੰ ਪਰਸ਼ੋਤਮ ਦੀ ਗੰਭੀਰਤਾ ਦੇਖ ਕੇ ਖੁੱਦ ਗੰਭੀਰ ਹੋਣਾ ਪੈਂਦਾ।

"ਦੇਖੂ ਕਿਤੇ ਮੈਂ ਫ਼ਿਕਰ ਨਾ ਕਰ" ਮੈਂ ਇਹ ਵਾਕ ਕਈ ਘਰ ਕਹਿ ਚੁੱਕਾ ਹਾਂ। ਮੈਨੂੰ ਇਹ ਵੀ ਪਤਾ ਪਰਸ਼ੋਤਮ ਨੇ ਪਤਾ ਨਹੀਂ ਮੇਰੇ ਲਾਰਿਆਂ 'ਤੇ ਕਦੋਂ ਕਾਵਿ ਰਚਨਾ ਕਰਕੇ ਕਿਸੇ ਪਰਚੇ 'ਚ ਛਪਾ ਦੇਣੀ।

ਮੇਰੀ ਪਰਸ਼ੋਤਮ ਨਾਲ ਕਈ ਸਾਲਾਂ ਤੋਂ ਸਾਂਝ ਹੈ। ਉਹ ਮੈਨੂੰ ਮੇਰਾ 'ਕਸ਼ਟ ਨਿਵਾਰਕ' ਲੱਗਦਾ। ਦਰਅਸਲ ਜਦੋਂ ਮੈਂ ਕੋਈ ਰਚਨਾ ਸਿਰਜਦਾ ਹਾਂ ਤਾਂ ਉਸ ਰਚਨਾ ਨੂੰ ਮੈਂ ਤੁਰੰਤ ਟਾਇਪ ਹੋਈ ਵੇਖਣੀ ਚਾਹੁੰਦਾ ਹਾਂ। ਤੁਰੰਤ ਪਰਸ਼ੋਤਮ ਨੂੰ ਈ-ਮੇਲ 'ਤੇ ਭੇਜ ਦਿੰਦਾ ਹਾਂ। ਘੰਟੇ ਅੱਧੇ ਘੰਟੇ ਤੱਕ ਉਹ ਰਚਨਾ ਟਾਇਪ ਹੋ ਮੇਰੇ ਕੋਲ ਪਹੁੰਚ ਜਾਂਦੀ ਹੈ। ਪਰੂਫ਼ ਆਦਿ ਪੜ੍ਹਨ ਤੋਂ ਬਾਅਦ ਇਕ ਦਮ ਸੁੰਦਰ ਢੰਗ ਨਾਲ ਕੀਤੀ ਟਾਇਪ ਰਚਨਾ ਪੜ੍ਹਦਿਆਂ ਮੈਨੂੰ ਬੜਾ ਸੁਆਦ ਆਉਂਦਾ ਹੈ।

ਬਚਪਨ ਦਾ ਮੈਨੂੰ ਉਹ ਸੁਆਦ ਕਦੇ ਨਹੀਂ ਭੁੱਲਦਾ ਜਦੋਂ ਕੁੱਕੜ ਪਿੰਡ ਮੇਰੀ ਮਾਸੀ ਦਾ ਵਿਆਹ ਸੀ। ਨਾਨਾ-ਨਾਨੀ, ਮਾਮਾ-ਮਾਮੀ ਇੰਗਲੈਂਡ ਵਿੱਚ, ਵਿਆਹ ਤਾਂ ਤਕੜਾ ਹੋਣਾ ਸੀ। ਹਵੇਲੀ 'ਚ ਤੂੜੀ ਵਾਲੇ ਕਮਰੇ 'ਚ ਕੋਕ ਦੀਆਂ ਬੋਤਲਾਂ ਦੇ ਕਈ ਡਾਲੇ ਲਿਆ ਰੱਖੇ ਸਨ। ਮੈਂ ਤੇ ਮਾਮੇ ਦੇ ਨੌਕਰ ਲੱਗੇ ਤਾਰੂ ਨੇ ਕਈ ਬੋਤਲਾਂ ਕੱਢ ਕੇ ਤੂੜੀ ਵਿਚ ਲੁਕੋ ਦਿੱਤੀਆਂ। ਵਿਆਹ ਤੋਂ ਬਾਅਦ ਤੂੜੀ ਵਿੱਚੋਂ ਕੱਢ-ਕੱਢ ਉਹ ਬੋਤਲਾਂ ਅਸੀਂ ਕਈ ਦਿਨ ਪੀਂਦੇ ਰਹੇ। ਭਾਵੇਂ ਤੱਤੀਆਂ ਹੀ ਹੁੰਦੀਆਂ ਸਨ ਪਰ ਜੋ ਸੁਆਦ ਆਉਂਦਾ ਸੀ ਉਹ ਕਦੇ ਨਾ ਭੁੱਲਦਾ। ਆਪਣੀ ਸਿਰਜਨਾ ਤੇ ਉੱਤੋਂ ਪਰਸ਼ੋਤਮ ਵੱਲੋਂ ਸੁਲਝੇ ਢੰਗ ਨਾਲ ਕੀਤੀ ਟਾਇਪ ਸੱਚਮੁਚ ਪੜ੍ਹਨ 'ਤੇ ਉਹੋ ਜਿਹਾ ਸੁਆਦ ਦਿੰਦੀ ਰਹੀ ਹੈ। ਦੇਰ ਤੋਂ ਗੱਲਾਂ ਕਰਦਿਆਂ ਅਚਾਨਕ ਪਰਸ਼ੋਤਮ ਚੌਂਕ ਪੈਂਦਾ ਹੈ, "ਚੰਗਾ ਮੈਂ ਚੱਲਦਾ ਜਨਤਾ ਸੰਸਾਰ ਵਾਲਾ ਵਿਗ ਮੈਨੂੰ ਯਾਦ ਕਰਦਾ..... ।" ਫਿਰ ਉਹ ਬਾਹਰੋਂ ਆਪਣੇ ਸਾਇਕਲ ਨਾਲ ਟੰਗੇ ਆਪਣੇ ਪੁਸਤਕਾਂ ਦਾ ਰੰਗ-ਬਿਰੰਗਾ ਕੈਲੰਡਰ ਮੈਨੂੰ ਦੇ ਕੇ ਔਹ ਜਾਂਦਾ ਹੈ।



## ਪੰਜਾਬੀ ਡਿਊਟ ਗੀਤ
## ਸੁਣਿਆਂ ਮੈਂ ਕੁੜੀਏ ਤੂੰ ਵਰ ਭਾਲਦੀ

ਮੁੰਡਾ:- ਸੁਣਿਆ ਮੈਂ ਕੁੜੀਏ ਤੂੰ ਵਰ ਭਾਲਦੀ,
ਏਥੇ ਸਾਨੂੰ ਵੀ ਤਾਂ ਰਿਸ਼ਤੇ ਦੀ ਲੋੜ,
ਘਰ ਵਿੱਚ ਘਾਟ (ਤੋਟ) ਨਹੀਂਓ ਕਿਸੇ ਗੱਲ ਦੀ,
ਬਸ ਇੱਕ ਤੇਰੀ ਚੰਨੀਏ ਨੀ ਥੋੜ..
ਸੁਣਿਆਂ ਮੈਂ ਕੁੜੀਏ ਤੂੰ ਵਰ ਭਾਲਦੀ......।

ਕੁੜੀ:- ਦੱਸ ਦੇ ਤੂੰ ਆਪਣੀ ਕਮਾਈ ਮੁੰਡਿਆ,
ਕੁਝ ਵੀ ਨਾ ਮੈਥੋਂ ਤੂੰ ਲੁਕਾਈਂ ਮੁੰਡਿਆ..
ਬੈਂਕ ਵਾਲਾ ਖ਼ਾਤਾ ਤੇਰਾ ਭਰਿਆ ਜੇ ਹੋਊ,
ਤਦ ਬਣੂ ਚੰਨਾਂ ਆਪਣਾ ਵੇ ਜੋੜ..
ਛਿੱਲੜਾਂ ਦੇ ਵਾਲਾ ਮੈਂ ਤਾਂ ਵਰ ਭਾਲਦੀ,
ਹੋਵੇ ਗੁੰਡਾ ਜਾਂ ਮਵਾਲੀ ਭਾਵੇਂ ਚੋਰ..

ਮੁੰਡਾ:- ਸੁਣਿਆ ਮੈਂ ਕੁੜੀਏ ਤੂੰ ਵਰ ਭਾਲਦੀ,
ਚੰਨੋਂ ਸਾਨੂੰ ਵੀ ਤਾਂ ਰਿਸ਼ਤੇ ਦੀ ਲੋੜ।
ਮਿਹਨਤ ਮੈਂ ਕਰਾਂ ਹੱਡ ਭੰਨ ਚੰਨੀਏ,
ਝੂਠ ਨਾ ਕੋਈ ਆਖਾਂ ਸੱਚ ਮੰਨ ਚੰਨੀਏ,
ਦਸਾਂ ਨਹੁੰਆਂ ਵਾਲੀ ਮੈਂ ਤਾਂ ਕਰਦਾ ਕਿਰਤ,
ਰਿਹਾ ਵਿਹਲਾ ਨਾ, ਮੈਂ ਲਾਈ ਰੱਖਾਂ ਦੌੜ..
ਸੁਣਿਆਂ ਮੈਂ ਕੁੜੀਏ ਤੂੰ ਵਰ ਭਾਲਦੀ......।

ਕੁੜੀ:- ਮੁੰਡਿਆ ਵਿਦੇਸ਼ੀ ਮੈਂ ਤਾਂ ਲੱਭਦੀ ਹਾਂ ਲਾੜਾ,
ਜਹਾਜ਼ ਵਾਲੇ ਝੂਟਿਆਂ ਦਾ ਵੱਖਰਾ ਨਜ਼ਾਰਾ,
ਏਜ ਦਾ ਫ਼ਰਕ ਵੀ ਨਾ ਦੇਖਣਾ ਮੈਂ ਕੋਈ,
ਭਾਵੇਂ ਜਵਾਨ ਭਾਵੇਂ ਹੋਵੇ ਬੁੱਢਾ ਠੋਰ।
ਛਿੱਲੜਾਂ ਦੇ ਵਾਲਾ ਮੈਂ ਤਾਂ ਵਰ ਭਾਲਦੀ,
ਹੋਵੇ ਗੁੰਡਾ ਜਾਂ ਮਵਾਲੀ ਭਾਵੇਂ ਚੋਰ..

ਮੁੰਡਾ:- ਪਰਸ਼ੋਤਮ ਹੈ ਲੱਭਦਾ, ਸੁਚੱਜੀ ਕੋਈ ਨਾਰ ਨੀ,
ਚਾਹੀਦੀ ਨਾ ਉਹਨੂੰ, ਕੋਈ ਮਨ ਤੋਂ ਬੀਮਾਰ ਨੀ,
ਕਰੇ ਜੋ ਇੱਜ਼ਤ ਜੋ ਪਛਾਣੇ ਸੱਚ ਤਾਈਂ,
ਨਹੀਂਓ ਚਾਹੀਦੀ ਜੋ ਕਰੇ ਝੁੱਗਾ ਚੌੜ..
ਸੁਣਿਆਂ ਮੈਂ ਕੁੜੀਏ ਤੂੰ ਵਰ ਭਾਲਦੀ......।

ਕੁੜੀ:- 80 ਸਾਲਾ ਮੁੰਡਾ ਇੰਗਲੈਂਡ ਵਿੱਚੋਂ ਆਇਆ,
ਲੈ ਜੂੰ ਇੰਗਲੈਂਡ, ਇਹ ਸੁਨੇਹਾ ਵੀ ਘਲਾਇਆ,
ਲੈ ਕੇ ਲਾਵਾਂ ਉਸ ਇੰਗਲੈਂਡ ਵਾਲੇ ਮੁੰਡੇ ਨਾਲ,
ਜਾਣਾ ਇੰਗਲੈਂਡ ਵੱਲ ਦੌੜ।
ਛਿੱਲੜਾਂ ਦੇ ਵਾਲਾ ਮੈਂ ਤਾਂ ਵਰ ਭਾਲਦੀ,
ਹੋਵੇ ਗੁੰਡਾ ਜਾਂ ਮਵਾਲੀ ਭਾਵੇਂ ਚੋਰ..

ਮੁੰਡਾ:-ਵਿਦੇਸ਼ ਲਾੜੇ ਅੱਧ ਵਿਚਕਾਰ ਛੱਡ ਜਾਂਦੇ ਨੇ,
ਦੇ ਕੇ ਉਹ ਤਲਾਕ, ਦੂਜਾ ਵਿਆਹ ਕਰਵਾਉਂਦੇ ਨੇ,
ਨਿੱਤ ਅਖ਼ਬਾਰਾਂ ਵਿੱਚ ਸੁਰਖੀ (ਖ਼ਬਰ) ਇਹ ਲੱਗੀ,
ਕਰ ਏਸ ਗੱਲ ਉੱਤੇ ਜਰਾ ਗੌਰ..
ਸੁਣਿਆਂ ਮੈਂ ਕੁੜੀਏ ਤੂੰ ਵਰ ਭਾਲਦੀ......।

ਕੁੜੀ:- ਤੇਰੇ ਨਾਲ ਸਰੋਏ ਮੇਰੀ ਗਲਣੀ ਨਹੀਂ ਦਾਲ ਵੇ,
ਧਾਲੀਵਾਲ ਡਾਲਰਾਂ 'ਤੇ ਸੁੱਟਦੀ ਮੈਂ ਲਾਲ ਵੇ,
ਖਾਣ ਦੀ ਰੀਝ ਵੇ ਕਨੇਡਾ ਵਾਲਾ ਖਾਣਾ,
ਚਾਹੇ ਲੱਗ ਜਾਣ ਮੱਖਣਾ ਮਰੋੜ..
ਛਿੱਲੜਾਂ ਦੇ ਵਾਲਾ ਮੈਂ ਤਾਂ ਵਰ ਭਾਲਦੀ,
ਹੋਵੇ ਗੁੰਡਾ ਜਾਂ ਮਵਾਲੀ ਭਾਵੇਂ ਚੋਰ..

**- ਪਰਸ਼ੋਤਮ ਲਾਲ ਸਰੋਏ (91-92175-)44348**

## ਬਾਬਾ ਜੀ ਸੱਸ ਕੁਪੱਤੀ - *ਡਿਊਟ ਗੀਤ*

ਔਰਤ :-ਜਾਦੂਗਰਨੀ ਖਸਮਾਂਖਾਣੀ, ਬੋਲੇ ਬਿਨਾਂ ਨਾ ਗਾਲ਼,
ਬਾਬਾ ਜੀ ਸੱਸ ਕੁਪੱਤੀ, ਜੋ ਨਿੱਤ ਲੜਦੀ ਮੇਰੇ ਨਾਲ..
ਬਾਬਾ :-ਢਾਅ ਨਾ ਹੌਸਲਾ ਰੱਖ ਦਲੇਰੀ (2) ਉਸਦੀ ਕੀ ਮਜਾਲ,
ਨੱਕ ਨਾਲ ਲਕੀਰਾਂ ਕੱਢੂ ਉਹ, ਤੂੰ ਰਲ ਜਾ ਮੇਰੇ ਨਾਲ।
ਉਹ ਨੱਕ ਨਾਲ ਲਕੀਰਾਂ ਕੱਢੂ, ਤੂੰ ਰਲ ਜਾ ਮੇਰੇ ਨਾਲ।
ਔਰਤ:- ਮੂੰਹ ਵਿੱਚ ਰਹਿੰਦੀ ਬੁੜ-ਬੁੜ ਕਰਦੀ, ਅਵਾ-ਤਵਾ ਉਹ ਕਹਿੰਦੀ,
ਹਰ ਵੇਲੇ ਉਹ ਲੜਨ ਨੂੰ ਪੈਂਦੀ, ਖਾਜ ਜ਼ੀਭ 'ਤੇ ਰਹਿੰਦੀ,
ਨਾ ਪਾਈਆ ਨਾ ਕਿੱਲੋ ਵਿੱਚ, ਕੁਇੰਟਲ ਵਿੱਚ ਦੇਵੇ ਗਾਲ।
ਬਾਬਾ ਜੀ ਸੱਸ ਕੁਪੱਤੀ, ਜੋ ਨਿੱਤ ਲੜਦੀ ਮੇਰੇ ਨਾਲ..
ਬਾਬਾ:- ਕਰ ਦਉਂ ਇਹਦਾ ਉਪਾਏ, ਬੀਬੀ ਪੰਜ ਚੌਂਕੀਆਂ ਭਰ ਨੀ,
ਪਰਸ਼ੋਤਮ ਬੜਾ ਈ ਕਰਨੀ ਵਾਲਾ, ਚਰਨ ਇਹਦੇ ਆ ਫੜ੍ਹ ਨੀ,
ਖੀਰ ਦੇ ਵਾਂਗਰ ਮਿੱਠੀ ਹੋ, ਉਹ ਰਹੂਗੀ ਤੇਰੇ ਨਾਲ।
ਨੱਕ ਨਾਲ ਲਕੀਰਾਂ ਕੱਢੂ ਉਹ, ਤੂੰ ਰਲ ਜਾ ਮੇਰੇ ਨਾਲ..
ਔਰਤ:- ਸਰੋਏ ਮੈਂ ਤੇਰੀ ਚੇਲੀ ਬਣਕੇ, ਵਿੱਚ ਡੇਰੇ ਦੇ ਰਹਿਣਾ,
ਹੁਣ ਬੁੜੀ ਦਾ ਬਾਬਾ ਜੀ, ਮੈਂ ਰੋਹਬ ਰਤਾ ਨੀ ਸਹਿਣਾ,
ਜਿੱਥੇ ਜਾਣ ਨੂੰ ਕਹੋਗੇ ਬਾਬਾ, ਰਹੂੰਗੀ ਤੇਰੇ ਨਾਲ।
ਬਾਬਾ ਜੀ ਸੱਸ ਕੁਪੱਤੀ, ਜੋ ਨਿੱਤ ਲੜਦੀ ਮੇਰੇ ਨਾਲ..
ਬਾਬਾ:- ਤੈਨੂੰ ਆਪਣੇ ਡੇਰੇ ਦੀ, ਮੈਂ ਰੱਖੂ ਬਣਾ ਕੇ ਰਾਣੀ,
ਸੱਸ ਤੇਰੀ 'ਤੇ ਛੱਡੂਗਾ, ਕੋਈ ਮੋਹਣੀ ਅਤੇ ਮਸਾਣੀ,
ਫ਼ਿਕਰ ਕਰੀਂ ਨਾ ਉਹਦਾ ਬੜਾ, ਮੈਂ ਕਰ ਦਊਂ ਮੰਦੜਾ ਹਾਲ।
ਨੱਕ ਨਾਲ ਲਕੀਰਾਂ ਕੱਢੂ ਉਹ, ਤੂੰ ਰਲ ਮੇਰੇ ਨਾਲ..
ਔਰਤ:- ਘਰਵਾਲਾ ਮੇਰਾ ਚਾਰ ਸਾਲਾਂ ਦੇ, ਬਾਅਦ ਸੀ ਬਾਹਰੋਂ ਆਇਆ,
ਝੂਠੀਆਂ ਲੂਤੀਆਂ ਕੇ, ਉਸਨੂੰ ਮੇਰੇ ਨਾਲ ਲੜਾਇਆ,
ਉਸਨੂੰ ਆਪਣੇ ਵੱਸ 'ਚ ਕੀਤਾ, ਬੁਣ ਕੋਈ ਉਲਟਾ ਜਾਲ।
ਬਾਬਾ ਜੀ ਸੱਸ ਕੁਪੱਤੀ, ਜੋ ਨਿੱਤ ਲੜਦੀ ਮੇਰੇ ਨਾਲ..
ਬਾਬਾ:- ਧਾਲੀਵਾਲ 'ਤੇ ਰੱਖ ਭਰੋਸਾ, ਕਸ਼ਟ ਤੇਰੇ ਉਹ ਕੱਟੂ,
ਐਸਾ ਮੰਤਰ ਮਾਰੂ ਬੁੜੀ 'ਤੇ, ਪੈਰ ਤੇਰੇ ਉਹ ਚੱਟੂ,
ਜੇ ਤੂੰ ਚੇਲੀ ਬਣ ਜਾਏਂ, ਤੈਨੂੰ ਕਰ ਦੇਊਂ ਨਦਰ ਨਿਹਾਲ।
ਨੱਕ ਨਾਲ ਲਕੀਰਾਂ ਕੱਢੂ ਉਹ, ਤੂੰ ਰਲ ਮੇਰੇ ਨਾਲ।
ਔਰਤ:- ਬਾਬਾ ਜੀ ਸੱਸ ਕੁਪੱਤੀ, ਜੋ ਨਿੱਤ ਲੜਦੀ ਮੇਰੇ ਨਾਲ..
ਬਾਬਾ:- ਨੱਕ ਨਾਲ ਲਕੀਰਾਂ ਕੱਢੂ ਉਹ, ਤੂੰ ਰਲ ਜਾ ਮੇਰੇ ਨਾਲ..
ਔਰਤ:- ਬਾਬਾ ਜੀ ਸੱਸ ਕੁਪੱਤੀ, ਜੋ ਨਿੱਤ ਲੜਦੀ ਮੇਰੇ ਨਾਲ..
ਬਾਬਾ:- ਨੱਕ ਨਾਲ ਲਕੀਰਾਂ ਕੱਢੂ ਉਹ, ਤੂੰ ਰਲ ਜਾ ਮੇਰੇ ਨਾਲ..

**- ਪਰਸ਼ੋਤਮ ਲਾਲ ਸਰੋਏ (91-92175-44348)**

## 16 ਨਵੰਬਰ 13 ਸ਼ਹੀਦਾਂ ਦਾ ਦਿਹਾੜਾ

# ਅਤੀਤ, ਅੱਜ ਅਤੇ ਭਲਕ ਬਾਰੇ ਵਿਚਾਰਨ ਦਾ ਦਿਹਾੜਾ











**ਅਮੋਲਕ ਸਿੰਘ**

ਕੇਂਦਰੀ ਜੇਲ੍ਹ ਲਾਹੌਰ ਅੰਦਰ 16 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ ਸੁਰ ਸਿੰਘ, ਬਖਸ਼ੀਸ਼ ਸਿੰਘ ਗਿੱਲਵਾਲੀ, ਸੁਰੈਣ ਸਿੰਘ ਵੱਡਾ ਗਿੱਲਵਾਲੀ, ਸੁਰੈਣ ਸਿੰਘ ਛੋਟਾ ਗਿੱਲਵਾਲੀ ਅਤੇ ਹਰਨਾਮ ਸਿੰਘ ਸਿਆਲਕੋਟੀ ਆਪਣੇ ਪਿਆਰੇ ਵਤਨ ਦੀ ਆਜ਼ਾਦੀ ਲਈ ਸੰਗਰਾਮ ਕਰਦੇ ਹੋਏ ਹੱਸਦਿਆਂ, ਫਾਂਸੀ ਦੇ ਰੱਸੇ ਚੁੰਮ ਗਏ।

ਬਰਮਾਂ ਸਾਜ਼ਸ਼ ਕੇਸ ਤਹਿਤ 14 ਨਵੰਬਰ ਨੂੰ ਹਰਨਾਮ ਸਿੰਘ ਸਾਹਰੀ (ਹੁਸ਼ਿਆਰਪੁਰ), ਨਰਾਇਣ ਸਿੰਘ ਬੱਲੋਂ (ਪਟਿਆਲਾ), 15 ਨਵੰਬਰ ਨੂੰ ਚਾਲੀਆ ਰਾਮ ਸਾਹਨੇਵਾਲ (ਲੁਧਿਆਣਾ), ਵਿਸਾਵਾ ਸਿੰਘ ਬਾੜਾ (ਹੁਸ਼ਿਆਰਪੁਰ) ਅਤੇ 16 ਨਵੰਬਰ ਨਿਰੰਜਣ ਸਿੰਘ ਸੰਗਤਪੁਰਾ, ਪਾਲਾ ਸਿੰਘ ਸ਼ੇਰਪੁਰ ਲੁਧਿਆਣਾ ਨੂੰ ਫਾਂਸੀ ਦੇ ਤਖ਼ਤੇ 'ਤੇ ਲਟਕਾਇਆ ਗਿਆ।

ਬਰਤਾਨਵੀ ਸਾਮਰਾਜ ਨੇ ਉਹਨਾਂ ਸਭਨਾਂ ਦੇਸ਼ ਭਗਤ, ਇਨਕਲਾਬੀ ਲਹਿਰਾਂ ਅਤੇ ਉਹਨਾਂ ਦੇ ਸੰਗਰਾਮੀਆਂ ਨੂੰ ਫਾਂਸੀ, ਕਾਲੇ ਪਾਣੀ, ਜੇਲ੍ਹਾਂ, ਗੋਲੀਆਂ, ਜੂਹ ਬੰਦੀਆਂ ਅਤੇ ਜ਼ਾਬਰਾਨਾ ਛਮਕਾਂ ਨਾਲ ਨਿਵਾਜ਼ਿਆ ਜਿਹਨਾਂ ਦਾ ਉੱਚਾ-ਸੁੱਚਾ ਅਤੇ ਮਹਾਨ ਆਦਰਸ਼, ਆਪਣੇ ਦੇਸ਼ ਨੂੰ ਦੇਸੀ-ਬਦੇਸ਼ੀ ਹਰ ਵੰਨਗੀ ਦੀ ਗ਼ੁਲਾਮੀ, ਦਾਬੇ, ਵਿਤਕਰੇ ਅਤੇ ਜ਼ਬਰ ਸਿਤਮ ਤੋਂ ਮੁਕੰਮਲ ਮੁਕਤ ਕਰਾਉਣਾ ਸੀ। ਜਿਨ੍ਹਾਂ ਦਾ ਸਾਫ਼ ਅਤੇ ਸਪੱਸ਼ਟ ਨਿਸ਼ਾਨਾ ਸੰਪੂਰਣ ਆਜ਼ਾਦੀ, ਜਮਹੂਰੀਅਤ, ਸਾਂਝੀਵਾਲਤਾ ਦਾ ਲੋਕ-ਪੁੱਗਤ ਵਾਲਾ ਨਿਜ਼ਾਮ ਸਿਰਜਣਾ ਸੀ।



16 ਨਵੰਬਰ ਨੂੰ ਇਕੋ ਤਖ਼ਤੇ ਨਾਲ ਲਟਕਾਏ ਗਏ, ਸੱਤ ਮਹਾਨ ਦੇਸ਼ ਭਗਤਾਂ ਅਤੇ ਬਰ੍ਹਮਾਂ ਸਾਜ਼ਸ਼ ਕੇਸ ਦੇ 6 ਆਜ਼ਾਦੀ ਘੁਲਾਟੀਏ, ਜਿਸ ਤਰ੍ਹਾਂ ਦਾ ਆਜ਼ਾਦੀ ਉਪਰੰਤ ਸਾਡੇ ਮੁਲਕ ਦਾ ਨਕਸ਼ਾ ਚਿਤਵਦੇ ਸਨ ਉਸਦਾ ਨਾਮੋ ਨਿਸ਼ਾਨ ਮਿਟਾਉਣ ਲਈ ਇਹਨਾਂ ਦੇ ਜਿਸਮਾਂ ਨੂੰ ਨਹੀਂ ਅਸਲ 'ਚ ਇਹਨਾਂ ਦੀ ਸੋਚ ਨੂੰ ਫਾਹੇ ਲਾਉਣ ਦੇ ਕਾਲੇ ਮਨਸੂਬੇ ਘੜੇ ਗਏ ਸਨ।

ਕਿਸੇ ਹੱਦ ਤੱਕ ਬਰਤਾਨਵੀ ਸਾਮਰਾਜੀਏ ਅਤੇ ਉਹਨਾਂ ਦੇ ਜੀ ਹਜ਼ੂਰੀਏ ਸਫ਼ਲ ਵੀ ਹੋਏ ਹਨ ਪਰ ਇਹ ਵਕਤੀ ਵਰਤਾਰਾ ਸੀ। ਲੋਕ-ਮੁਕਤੀ ਨੂੰ ਪ੍ਰਨਾਏ ਵਿਚਾਰਾਂ ਦੀ ਕਦੇ ਹੱਤਿਆ ਨਹੀਂ ਹੁੰਦੀ।

ਅੱਜ ਜਿਸ ਤਰ੍ਹਾਂ ਦੀ ਚੌਪਾਸੀ ਮਾਰ ਸਾਡੇ ਮੁਲਕ ਦੇ ਲੋਕ ਝੱਲ ਰਹੇ ਹਨ, ਇਸ ਦੀ ਆਧਾਰਸ਼ਿਲਾ ਉਸ ਵੇਲੇ ਹੀ ਰੱਖ ਦਿੱਤੀ ਗਈ ਸੀ ਜਦੋਂ ਮੁਲਕ ਦੇ ਟੋਟੇ ਕਰਕੇ, ਜਾਗੀਰਦਾਰਾ, ਰਜਵਾੜਿਆਂ, ਬਦੇਸ਼ੀ ਅਤੇ ਦੇਸੀ ਪੂੰਜੀ ਨੂੰ ਸਲਾਮਤ ਰੱਖਣ ਦੇ ਕੌਲ-ਕਰਾਰ ਕੀਤੇ ਗਏ। ਨਿੱਕੜੀ ਉਮਰ ਦੇ ਕਰਤਾਰ ਸਿੰਘ ਸਰਾਭੇ ਵਰਗੇ ਉੱਚੀ ਪਰਵਾਜ਼ ਭਰਨ ਵਾਲੇ ਇਨਕਲਾਬੀ ਜ਼ਿੰਦਗੀ ਦੇ ਆਖਰੀ ਦਮ ਤੱਕ ਕਹਿੰਦੇ ਰਹੇ ਕਿ ਆਜ਼ਾਦੀ ਦੇ ਅਸਲੀ ਤੈਰਾਨੇ ਦੀ ਸਰਗਮ ਜੋ ਅਸੀਂ ਸੋਚੀ ਸੀ ਇਹ ਉਹ ਨਹੀਂ। ਅਜੇ ਕਾਲੀ ਬੋਲੀ ਰਾਤ ਦਾ ਪੈਂਡਾ ਲੰਮੇਰਾ ਹੈ। ਅਜੇ ਉਹ ਸੁਬਹ ਨਹੀਂ ਆਈ।

ਦਮ-ਘੁਟਵੇਂ ਅਜੋਕੇ ਸਮਾਜ ਅੰਦਰ, ਆਰਥਕ-ਸਮਾਜਕ, ਰਾਜਨੀਤਕ ਦਾਬੇ ਦੇ ਝੰਬੇ ਲੋਕ ਭੁੱਖ, ਨੰਗ, ਗਰੀਬੀ, ਕਰਜ਼ੇ, ਮੰਦਹਾਲੀ, ਖੁਦਕੁਸ਼ੀਆਂ, ਫ਼ਿਰਕਾਪ੍ਰਸਤੀ, ਜਾਤ-ਪਾਤ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਪਾਬੰਦੀਆਂ, ਕਤਲੋਗਾਰਦ, ਉਜਾੜੇ, ਬੇਪਤੀਆਂ ਅਤੇ ਕੁੱਟਾਂ ਮਾਰਾਂ ਦੇ ਜੋ ਝੱਖੜ ਆਪਣੇ ਪਿੰਡੇ 'ਤੇ ਝੱਲ ਰਹੇ ਹਨ। ਇਸ ਹਨੇਰੀ ਰਾਤ ਅੰਦਰ ਆਜ਼ਾਦੀ ਸੰਗਰਾਮ ਦੇ ਸੂਰਮੇ ਸ਼ਹੀਦ ਚਾਨਣ ਦੀ ਇੱਕ ਲੀਕ ਦੀ ਮਾਣਮੱਤੀ ਇਤਿਹਾਸਕ ਭੂਮਿਕਾ ਅਦਾ ਕਰ ਰਹੇ ਹਨ।

ਉਹ ਭੁੱਲੀ-ਭਟਕੀ ਜੁਆਨੀ ਲਈ ਚਾਨਣ ਮੁਨਾਰਾ ਹਨ। ਸਾਡੇ ਸਮਿਆਂ ਅੰਦਰ ਕੀ ਕਰਨਾ ਲੋੜੀਏ ਇਸ ਦੀਆਂ ਇਤਿਹਾਸਕ ਪੈੜਾਂ, ਆਜ਼ਾਦੀ ਸੰਗਰਾਮ ਦੇ ਮਘਦੇ ਰਹੇ ਪਿੜਾਂ ਤੋਂ ਲੈ ਕੇ 13 ਸਾਥੀਆਂ ਦੇ ਫਾਂਸੀ ਦੇ ਫੰਦੇ ਤੱਕ ਦੀ ਪ੍ਰੇਰਨਾਦਾਇਕ ਦਾਸਤਾਂ ਸੁਣਾ ਰਹੀਆਂ ਹਨ।

ਅਜੇਹੀ ਇਤਿਹਾਸਕ ਗਾਥਾ ਪੇਸ਼ ਕਰਦਾ ਹੈ ਹਰ ਵਾਰ ਦੇਸ਼ ਭਗਤ ਯਾਦਗਾਰ ਹਾਲ ਅੰਦਰ ਲੱਗਦਾ 'ਮੇਲਾ ਗ਼ਦਰੀ ਬਾਬਿਆਂ ਦਾ'।

ਮੇਲੇ ਉਪਰੰਤ 16 ਨਵੰਬਰ ਨੂੰ ਇਹਨਾਂ ਸੱਤਾਂ ਸਾਥੀਆਂ ਦੇ ਸ਼ਹੀਦੀ ਦਿਨ ਮੌਕੇ ਬਰਮਾਂ ਸਾਜ਼ਿਸ਼ ਕੇਸ ਸਬੰਧੀ ਮਾਂਡਲੇ ਜੇਲ੍ਹ ਵਿੱਚ ਜੋ ਫਾਂਸੀ ਲੱਗੇ ਉਹਨਾਂ ਦੀ ਅਦੁੱਤੀ ਦੇਣ ਨੂੰ ਵੀ ਨਤਮਸਤਕ ਹੋਣ ਦਾ ਦਿਨ ਹੈ।

ਇਹਨਾਂ ਸਭਨਾਂ ਨੂੰ ਯਾਦ ਕਰਨ ਲਈ 16 ਨਵੰਬਰ ਦਿਨ ਵੇਲੇ, ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਵਿਚਾਰ-ਚਰਚਾ ਕੀਤੀ ਜਾ ਰਹੀ ਹੈ ਤਾਂ ਜੋ ਉਹਨਾਂ ਦੀਆਂ ਅਮਿੱਟ ਪੈੜਾਂ ਨੂੰ ਸਮਝਦਿਆਂ, ਸਾਡੇ ਅੱਜ ਅਤੇ ਆਉਣ ਵਾਲੇ ਕੱਲ੍ਹ ਦਾ ਮੁੱਖੜਾ ਨਿਹਾਰਨ ਲਈ ਨਵੇਂ ਮਾਰਗ ਤਲਾਸ਼ਣ ਵੱਲ ਸਾਰਥਕ ਕਦਮ ਚੁੱਕਣ ਵਾਲੇ ਸਾਰਥਕ ਉਪਰਾਲੇ ਕੀਤੇ ਜਾ ਸਕਣ।

**# ਕਨਵੀਨਰ, ਸਭਿਆਚਾਰਕ ਵਿੰਗ**
**94170 76735**

# ਮੇਲਾ ਗ਼ਦਰੀ ਬਾਬਿਆਂ ਦਾ: ਨਾਟਕਾਂ ਭਰੀ ਰਾਤ ਨੇ ਇਨਕਲਾਬੀ ਚੇਤਨਾ ਦੇ ਚਾਨਣ ਦਾ ਦਿੱਤਾ ਛੱਟਾ





**ਜਲੰਧਰ-** ਤਿੰਨ ਰੋਜ਼ਾ ਗ਼ਦਰੀ ਬਾਬਿਆਂ ਦੇ ਮੇਲੇ ਦੀ ਸਿਖਰਲੀ ਰਾਤ ਨਾਟਕਾਂ ਅਤੇ ਗੀਤ-ਸੰਗੀਤ ਦਾ ਹਜ਼ਾਰਾਂ ਲੋਕਾਂ ਉਪਰ ਜਾਦੂਮਈ ਅਸਰ ਹੋਇਆ। ਪੰਜਾਬੀ ਇਨਕਲਾਬੀ ਰੰਗ ਮੰਚ ਨੇ ਗ਼ਦਰੀ ਬਾਬਿਆਂ ਦੇ ਮੇਲੇ ਦੇ 26ਵੇਂ ਵਰ੍ਹੇ 'ਤੇ ਆ ਕੇ ਮਿਆਰੀ ਅਤੇ ਉਚੇਰੀ ਪਰਵਾਜ਼ ਭਰੀ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈਸ ਨੂੰ ਮੇਲੇ ਦੇ ਸਿਖ਼ਰਲੇ ਸਮਾਗਮਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੂਸੀ ਸਮਾਜਵਾਦੀ ਇਨਕਲਾਬ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਤ 26ਵੇਂ ਮੇਲੇ ਨੇ ਪਿਛਲੇ ਮੇਲਿਆਂ ਦੇ ਕਸ਼ੀਦੇ ਤਜ਼ਰਬਿਆਂ ਸਦਕਾ ਇਸ ਵਾਰ ਹੋਰ ਵੀ ਨਵੀਂ ਪੁਲਾਂਘ ਪੁੱਟੀ ਹੈ। ਮੇਲੇ ਦੀ ਰਾਤ ਦਾ ਆਗਾਜ਼, ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਵੱਲੋਂ ਮੇਲਾ-ਪ੍ਰੇਮੀਆਂ ਨੂੰ ਮੇਲੇ ਦੇ ਉਦੇਸ਼ ਦੀ ਪੂਰਤੀ ਲਈ ਸਥਾਨਕ ਪੱਧਰ 'ਤੇ ਅਜੇਹੇ ਮੇਲੇ ਲਾਉਣ ਦੀ ਅਪੀਲ ਨਾਲ ਹੋਇਆ। ਉਹਨਾਂ ਨੇ ਤਿੰਨ ਰੋਜ਼ਾ ਮੇਲੇ ਨੂੰ ਲੋਕਾਂ ਵੱਲੋਂ ਭਰੇ ਹੁੰਗਾਰੇ ਤੇ ਮੁਬਾਰਕਬਾਦ ਦਿੱਤੀ।

ਪ੍ਰੋ. ਸਾਈ ਬਾਬਾ ਨੂੰ ਬਿਨ੍ਹਾਂ ਸ਼ਰਤ ਤੁਰੰਤ ਰਿਹਾ ਕਰਨ, ਅਪੰਗ ਸਿਆਸੀ ਕੈਦੀ ਨੂੰ ਤੰਗ ਪਰੇਸ਼ਾਨ ਕਰਨਾ ਬੰਦ ਕਰਨ, ਝੂਠੇ ਕੇਸਾਂ ਤਹਿਤ ਲੋਕਾਂ ਦੇ ਬੁੱਧੀਜੀਵੀਆਂ ਨੂੰ ਜੇਲ੍ਹੀ ਧੱਕਣ ਦਾ ਵਿਰੋਧ ਕਰਨ ਬਾਰੇ ਮਤਾ ਦੇਸ਼ ਭਗਤ ਯਾਦਗਾਰ ਕਮੇਟੀ ਦੀ ਤਰਫ਼ੋਂ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਪੇਸ਼ ਕੀਤਾ ਜੋ ਪੰਡਾਲ 'ਚ ਹਾਜ਼ਰ ਲੋਕਾਂ ਨੇ ਹੱਥ ਖੜ੍ਹੇ ਕਰਕੇ ਪਾਸ ਕੀਤਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਨਾਟਕਾਂ ਅਤੇ ਗੀਤਾਂ ਭਰੀ ਰਾਤ ਦਾ ਮੰਚ ਸੰਚਾਲਨ ਕਰਦਿਆਂ ਕਿਹਾ ਕਿ ਗ਼ਦਰੀ ਬਾਬਿਆਂ ਦਾ ਮੇਲਾ ਰਵਾਇਤੀ, ਵਪਾਰਕ ਅਤੇ ਲੋਕ-ਦੋਖੀ ਰਾਜਨੀਤਕ ਰੰਗ 'ਚ ਰੰਗੇ ਮੇਲਿਆਂ ਨਾਲੋਂ ਸਿਫ਼ਤੀ ਅਤੇ ਕਲਾਤਮਕ ਪੱਖੋਂ ਲਾਜਵਾਬ ਹੈ।

ਖਚਾ ਖਚ ਭਰੇ ਪੰਡਾਲ ਨੇ ਖੜ੍ਹੇ ਹੋ ਕੇ ਰੂਸੀ ਸਮਾਜਵਾਦੀ ਕਰਾਂਤੀ, ਗ਼ਦਰ ਪਾਰਟੀ ਅਤੇ ਨਾਮਵਰ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਨੂੰ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਅਰਪਣ ਕੀਤੀ। ਇਸ ਮੌਕੇ ਉਹਨਾਂ ਦੀ ਸੰਗਰਾਮਣ ਸਾਥਣ ਮਨਜੀਤ ਔਲਖ, ਬੇਟਾ ਸੁਭਾਸ਼ ਬਿੱਟੂ ਅਤੇ ਬੇਟੀ ਅਜ਼ਮੀਤ ਹਾਜ਼ਰ ਸਨ।

ਪ੍ਰੋ. ਅਜਮੇਰ ਸਿੰਘ ਔਲਖ ਦੀ ਜੀਵਨ-ਸਾਥਣ ਅਤੇ ਜਾਣੀ-ਪਹਿਚਾਣੀ ਰੰਗ ਕਰਮੀ ਮਨਜੀਤ ਔਲਖ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਜ਼ਮੀਨ ਨਾਲ ਜੁੜੇ ਰੰਗ ਮੰਚ ਨੂੰ ਗ਼ਦਰੀ ਬਾਬਿਆਂ ਦੇ ਮੇਲੇ ਨੇ ਨਵੀਂ ਉਡਾਰੀ ਭਰਾਈ ਹੈ। ਉਹਨਾਂ ਨੇ ਕਲਾ, ਕਲਮ, ਰੰਗ ਮੰਚ ਅਤੇ ਲੋਕ-ਸੰਗਰਾਮ ਦੀ ਸਾਂਝ ਗੂੜ੍ਹੀ ਕਰਨ 'ਤੇ ਜ਼ੋਰ ਦਿੱਤਾ।

ਗੁਰਸ਼ਰਨ ਸਿੰਘ ਦੀ ਧੀ ਡਾ. ਨਵਸ਼ਰਨ ਨੇ ਕਿਹਾ ਕਿ ਪੰਜਾਬ ਸੂਬੇ ਨੂੰ ਕਲਾ ਪੱਖੋਂ ਊਣੇਂ ਰਹਿਣ ਦਾ ਕਿਸੇ ਵੇਲੇ ਮਾਰਿਆ ਜਾਂਦਾ ਮਿਹਣਾ, ਪੰਜਾਬ ਦੇ ਰੰਗ ਕਰਮੀਆਂ ਨੇ ਧੋ ਕੇ ਰੱਖ ਦਿੱਤਾ ਹੈ। ਪੂਰੇ ਮੁਲਕ 'ਚ ਪੰਜਾਬੀ ਇਨਕਲਾਬੀ ਰੰਗ ਮੰਚ ਦਾ ਕੋਈ ਸਾਨੀ ਨਹੀਂ।

ਪ੍ਰੋ. ਅਜਮੇਰ ਸਿੰਘ ਔਲਖ ਦਾ ਲਿਖਿਆ, ਕੇਵਲ ਧਾਲੀਵਾਲ ਵੱਲੋਂ ਨਿਰਦੇਸ਼ਤ ਮੰਚ ਰੰਗ ਮੰਚ ਵੱਲੋਂ ਖੇਡਿਆ ਨਾਟਕ 'ਭੱਠ ਖੇੜਿਆਂ ਦਾ ਰਹਿਣਾ' ਲੋਕ ਹੱਕਾਂ ਲਈ ਜੂਝਣ ਵਾਲਿਆਂ ਦੇ ਝੂਠੇ ਪੁਲਸ ਮੁਕਾਬਲਿਆਂ ਦੀ ਘੜੀ ਜਾਂਦੀ ਕਹਾਣੀ ਦਾ ਪਰਦਾਫਾਸ਼ ਕਰ ਗਿਆ।

ਅਮੋਲਕ ਸਿੰਘ ਦੁਆਰਾ ਲਿਖਿਆ ਕਾਵਿ-ਨਾਟ ਰੂਪੀ 'ਝੰਡੇ ਦਾ ਗੀਤ' 'ਨਵੇਂ ਸੂਰਜ ਦਾ ਗੀਤ' 100 ਤੋਂ ਵੱਧ ਕਲਾਕਾਰਾਂ ਵੱਲੋਂ ਦਰਜਣਾਂ ਟੀਮਾਂ ਦੀ ਸ਼ਮੂਲੀਅਤ ਨਾਲ ਹਰਵਿੰਦਰ ਦੀਵਾਨਾ ਦੀ ਮੁੱਖ ਨਿਰਦੇਸ਼ਨਾ ਅਤੇ ਸਮੂਹ ਟੀਮਾਂ ਦੇ ਪ੍ਰਤੀਨਿਧਾਂ ਦੀ ਨਿਰਦੇਸ਼ਨਾ 'ਚ ਰਾਤ ਨੂੰ ਦੁਬਾਰਾ ਪੇਸ਼ ਕੀਤਾ ਗਿਆ। ਗੀਤ ਲੋਕਾਂ ਦੇ ਮਨ ਦੀ ਡਾਇਰੀ 'ਤੇ ਅਮਿੱਟ ਪ੍ਰਭਾਵ ਛੱਡ ਗਿਆ।

ਉਘੇ ਕਹਾਣੀਕਾਰ ਗੁਰਮੀਤ ਕੜਿਆਲਵੀ ਦੁਆਰਾ ਲਿਖਿਆ ਕੀਰਤੀ ਕਿਰਪਾਲ ਦੁਆਰਾ ਨਿਰਦੇਸ਼ਤ ਨਾਟਕ 'ਤੂੰ ਜਾਹ ਡੈਡੀ' ਨਸ਼ਿਆਂ ਦੇ ਪ੍ਰਕੋਪ ਦੀ ਭੰਨੀ, ਹਨੇਰੀ ਰਾਤ ਵਿੱਚ ਚਾਨਣ ਦੀ ਲੀਕ ਭਾਲਦੀ ਜੁਆਨੀ ਦੀ ਦਾਸਤਾਂ ਬਿਆਨ ਕਰ ਗਿਆ। ਜਿਹੜੀ ਜੁਆਨੀ ਅੰਦਰ ਧੁਖ਼ਦੀ ਅੱਗ ਸਮਾਜਕ ਤਬਦੀਲੀ ਲਈ ਲਟ ਲਟ ਬਣਨਾ ਅਹੁਲਦੀ ਹੈ।

ਅਲੰਕਾਰ ਥੀਏਟਰ ਵੱਲੋਂ ਚਕਰੇਸ਼ ਕੁਮਾਰ ਦੀ ਨਿਰਦੇਸ਼ਨਾ 'ਚ 'ਪਹਿਲਾ ਅਧਿਆਪਕ' ਨਾਟਕ ਰੂਸੀ ਸਮਾਜਵਾਦੀ ਇਨਕਲਾਬ ਦੁਆਰਾ ਸਿੱਖਿਆ ਖੇਤਰ 'ਚ ਆਈਆਂ ਇਨਕਲਾਬੀ ਤਬਦੀਲੀਆਂ, ਔਰਤ ਦੇ ਹਰ ਖੇਤਰ ਅੰਦਰ ਸਨਮਾਨਤ ਰੁਤਬੇ ਲਈ ਲੋਕ-ਸੰਗਰਾਮ ਦੀ ਖ਼ੂਬਸੂਰਤ ਕਹਾਣੀ ਪੇਸ਼ ਕਰ ਗਿਆ।

ਦਰਸ਼ਕਾਂ ਵਿੱਚ ਜ਼ੋਰਦਾਰ ਚਰਚਾ ਪਾਈ ਗਈ ਕਿ ਰਾਤ ਨੂੰ ਪੇਸ਼ ਸਮੂਹ ਨਾਟਕ, ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਅਤੇ ਵਿਨੈ ਅਹਿਮਦਾਬਾਦ (ਗੁਜਰਾਤ) ਦੇ ਗੀਤਾਂ ਦੀ ਯਾਦ ਸਦਾ ਅਭੁਲ ਰਹੇਗੀ।

ਮੇਲੇ ਦੀ ਸਮਾਪਤੀ ਮੌਕੇ ਆਪਣੇ ਘਰਾਂ ਨੂੰ ਪਰਤਦੇ ਹੋਏ ਲੋਕ ਆਪਣੇ ਨਾਲ ਸਾਹਿਤ ਦੇ ਭਰੇ ਝੋਲੇ ਇਉਂ ਲੈ ਕੇ ਜਾ ਰਹੇ ਸਨ ਜਿਵੇਂ ਉਹ ਮੇਲੇ ਤੋਂ ਮਠਿਆਈਆਂ ਲੈ ਕੇ ਜਾ ਰਹੇ ਹੋਣ। ਮੇਲੇ 'ਚ ਲੱਗੀਆਂ 102 ਬੁੱਕ ਸਟਾਲਾਂ ਤੋਂ ਪਿਛਲੇ ਸਾਰੇ ਰਿਕਾਰਡਾਂ ਨੂੰ ਮਾਤ ਪਾਉਂਦਿਆਂ ਮੇਲਾ-ਪ੍ਰੇਮੀ ਵੱਖ-ਵੱਖ ਵਿਕਰੇਤਾਵਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਤਕਰੀਬਨ 15 ਲੱਖ ਦੀਆਂ ਪੁਸਤਕਾਂ ਲੈ ਕੇ ਗਏ। ਇਉਂ ਮੇਲੇ ਨੇ ਆਪਣੇ ਕਲਾਵੇ ਵਿੱਚ ਇੱਕ ਹੋਰ ਪੁਸਤਕ ਮੇਲੇ ਦਾ ਰੌਸ਼ਨ ਮੀਨਾਰ ਉਸਾਰਨ ਦੀ ਸਫ਼ਲ ਪ੍ਰਾਪਤੀ ਦਾ ਪ੍ਰਮਾਣ ਦਿੱਤਾ ਹੈ।

# ਭਖ਼ਦੇ ਸੁਆਲਾਂ ਬਾਰੇ ਗ਼ਦਰੀ ਮੇਲੇ ਨੇ ਦਿੱਤੀ ਦਸਤਕ - ਗੰਧਰਵ ਸੇਨ ਕੋਛੜ ਅਤੇ ਰਾਣਾ ਆਯੂਬ ਨੇ ਦਿੱਤੀਆਂ ਭਾਵਪੂਰਤ ਤਕਰੀਰਾਂ

**ਜਲੰਧਰ-** ਗ਼ਦਰੀ ਬਾਬਿਆਂ ਦੇ 26ਵੇਂ ਮੇਲੇ ਦੇ ਸਿਖਰਲੇ ਦਿਨ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਗੰਧਰਵ ਸੇਨ ਕੋਛੜ ਨੇ ਕੀਤੀ। ਉਨ੍ਹਾਂ ਦੇ ਨਾਲ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਸੀਨੀਅਰ ਟਰੱਸਟੀ ਨੌਨਿਹਾਲ ਸਿੰਘ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ, ਹਰਵਿੰਦਰ ਭੰਡਾਲ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਹਰਬੀਰ ਕੌਰ ਬੰਨੋਆਣਾ, ਬਲਬੀਰ ਕੌਰ ਬੁੰਡਾਲਾ, ਚਰੰਜੀ ਲਾਲ ਕੰਗਣੀਵਾਲ, ਦੇਵ ਰਾਜ ਨਯੀਅਰ, ਕੁਲਬੀਰ ਸਿੰਘ ਸੰਘੇੜਾ, ਸੁਰਿੰਦਰ ਜਲਾਲਦੀਵਾਲ, ਡਾ. ਕਰਮਜੀਤ ਕੌਰ, ਡਾ. ਰਘਬੀਰ ਕੌਰ, ਭਗਤ ਸਿੰਘ ਝੂੰ-ਗੀਆਂ, ਮਨਜੀਤ ਅਤੇ ਰਮਿੰਦਰ ਪਟਿਆਲਾ ਮੰਚ 'ਤੇ ਹਾਜ਼ਰ ਸਨ। ਐਸ.ਆਰ.ਟੀ.ਡੀ.ਏ.ਵੀ. ਸਕੂਲ ਬਿਲਗਾ ਦੇ ਵਿਦਿਆਰਥੀਆਂ ਦੀ ਬੈਂਡ ਟੀਮ ਵੱਲੋਂ ਸੰਗੀਤਕ ਧੁੰਨਾਂ ਨਾਲ ਆਜ਼ਾਦੀ ਸੰਗਰਾਮੀਆਂ ਨੂੰ ਸਲਾਮ ਕੀਤੀ।

ਮੇਲੇ ਵਿੱਚ ਹਾਜ਼ਰੀਨ ਨੂੰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਜੀ ਆਇਆਂ ਆਖਦਿਆਂ ਇਸ ਨੂੰ ਸਫ਼ਲ ਕਰਨ ਲਈ ਦਿੱਤੇ ਸਹਿਯੋਗ ਦਾ ਧੰਨਵਾਦ ਕੀਤਾ। ਗੰਧਰਵ ਸੇਨ ਕੋਛੜ ਨੇ ਆਪਣੇ ਕੁੰਜੀਵਤ ਭਾਸ਼ਣ ਵਿੱਚ ਕਾਰਪੋਰੇਟ ਜਗਤ ਵੱਲੋਂ ਲੋਕਾਂ ਉਪਰ ਬੋਲੇ ਚੌਤਰਫੇ ਹੱਲੇ ਦਾ ਜ਼ਿਕਰ ਕਰਦਿਆਂ ਇਸ ਖਿਲਾਫ਼ ਬੇਖੌਫ਼ ਹੋ ਕੇ ਜਨਤਕ ਆਵਾਜ਼ ਉਠਾਉਣ ਦਾ ਸੱਦਾ ਦਿੱਤਾ। ਉਨ੍ਹਾਂ ਨੇ ਇਤਿਹਾਸ ਦੀਆਂ ਅਮੁੱਲੀਆਂ ਕਦਰਾਂ-ਕੀਮਤਾਂ ਨੂੰ ਅੱਗੇ ਤੋਰਨ ਲਈ ਇੱਕ-ਜੁੱਟ ਅਤੇ ਚੇਤਨ ਹੋ ਕੇ ਜਨਤਕ ਸੰਘਰਸ਼ ਕਰਨ ਲਈ ਅਪੀਲ ਕਰਦਿਆਂ ਕਿਹਾ ਕਿ ਵਿਵਸਥਾ ਬਦਲੇ ਬਗੈਰ ਮਿਹਨਤਕਸ਼ ਲੋਕਾਂ ਨੂੰ ਮੁਕਤੀ ਹਾਸਲ ਨਹੀਂ ਹੋ ਸਕਦੀ।

ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਵੱਲੋਂ ਲਿਖਿਆ ਕਾਵਿ-ਨਾਟ ਰੂਪ ਵਿੱਚ ਝੰਡੇ ਦਾ ਗੀਤ ਜੋ ਕਿ 100 ਤੋਂ ਵੱਧ ਲੜਕੇ-ਲੜਕੀਆਂ ਵੱਲੋਂ ਪੇਸ਼ ਕੀਤਾ ਗਿਆ। ਉਸਨੇ ਜਿਥੇ ਰੂਸੀ ਕ੍ਰਾਂਤੀ, ਗ਼ਦਰ ਲਹਿਰ ਅਤੇ ਇਨਕਲਾਬੀ ਲਹਿਰਾਂ ਨੂੰ ਆਪਣੇ ਕਲਾਵੇ ਵਿੱਚ ਲਿਆ, ਉਥੇ ਅਜੋਕੇ ਸਮੇਂ ਦੇ ਭਖ਼ਦੇ ਸਭਨਾਂ ਮਸਲਿਆਂ ਉਪਰ ਵਿਗਿਆਨਕ ਚੇਤਨਾ ਦੀ ਰੌਸ਼ਨੀ ਪਾਈ ਅਤੇ ਨਵਾਂ-ਨਰੋਆ ਲੋਕਾਂ ਦੀ ਸਰਦਾਰੀ ਵਾਲਾ ਸਮਾਜ ਸਿਰਜਣ ਦਾ ਸਫ਼ਲਤਾ ਪੂਰਵਕ ਸੁਨੇਹਾ ਦਿੱਤਾ। ਮੁੱਖ ਨਿਰਦੇਸ਼ਕ ਹਰਵਿੰਦਰ ਦੀਵਾਨਾ ਤੋਂ ਇਲਾਵਾ ਪੰਜਾਬ ਦੀਆਂ ਦਰਜਣਾਂ ਰੰਗ-ਟੋਲੀਆਂ ਦੇ ਸਹਿ-ਨਿਰਦੇਸ਼ਕਾਂ ਅਤੇ ਕਲਾਕਾਰਾਂ ਵੱਲੋਂ ਤਿਆਰ ਇਸ ਗੀਤ ਨੇ ਇਤਿਹਾਸ, ਰੰਗਮੰਚ, ਸੰਗੀਤ ਅਤੇ ਨ੍ਰਿਤ ਦਾ ਖ਼ੂਬਸੂਰਤ ਸੰਗਮ ਪੇਸ਼ ਕੀਤਾ।

ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਨੇ ਆਪਣੇ ਸੰਬੋਧਨ ਵਿੱਚ ਇਨਕਲਾਬੀ ਵਿਰਸੇ ਨੂੰ ਅਗੇ ਤੋਰਨ ਉਪਰ ਜ਼ੋਰ ਦਿੱਤਾ। ਇਸ ਮੌਕੇ ਵਿਰਸਾ, ਸੋਵੀਨਰ ਅਤੇ 'ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ' ਕਿਤਾਬ ਲੋਕ ਅਰਪਣ ਕੀਤੀਆਂ ਗਈਆਂ। **(ਬਾਕੀ ਸਫਾ 18 ਤੇ)**

# ਸ਼ਹਿਰੀਆਂ ਨੂੰ ਮੁੱਢਲੀਆਂ ਸਹੂਲਤਾਂ ਦੇਣ ਤੋਂ ਵੀ ਆਤੁਰ ਹਨ ਸ਼ਹਿਰੀ ਸਥਾਨਕ ਸਰਕਾਰਾਂ

**ਸਥਾਨਕ ਸਰਕਾਰਾਂ ਦੀ ਕਿਉਂਕਿ ਆਪਣੀ ਸਿਹਤ ਚੰਗੀ ਨਹੀਂ, ਉਸ ਵਲੋਂ ਆਪਣੇ ਸਥਾਨਕ ਸ਼ਹਿਰੀਆਂ ਨੂੰ ਸਿਹਤ ਸਹੂਲਤ ਵੀ ਨਹੀਂ ਦਿੱਤੀ ਜਾ ਰਹੀ। ਕੁਝ ਕੁ ਹੀ ਡਿਸਪੈਂਸਰੀਆਂ ਹੋਣਗੀਆਂ ਮਿਊਂਸਪਲ ਕੌਂਸਲਾਂ, ਕਾਰਪੋਰੇਸ਼ਨਾਂ ਦੀਆਂ ਜਿਹੜੀਆਂ ਉਹਨਾ ਵਲੋਂ ਚਲਾਈਆਂ ਜਾ ਰਹੀਆਂ ਹੋਣਗੀਆਂ। ਸ਼ਹਿਰਾਂ 'ਚ ਹਸਪਤਾਲ ਜਾਂ ਡਿਸਪੈਂਸਰੀਆਂ ਤਾਂ ਸਰਕਾਰ ਦਾ ਸਿਹਤ ਵਿਭਾਗ ਚਲਾਉਂਦਾ ਹੈ, ਜਿਸ 'ਚ ਡਾਕਟਰ ਅਤੇ ਹੋਰ ਅਮਲੇ ਸਮੇਤ ਦਵਾਈਆਂ ਦੀ ਸਦਾ ਘਾਟ ਰਹਿੰਦੀ ਹੈ। ਟਰਾਂਸਪੋਰਟ ਦਾ ਪ੍ਰਬੰਧ ਪਹਿਲਾਂ ਹੀ ਸੂਬਾ ਸਰਕਾਰ ਕਰਦੀ ਹੈ, ਸਥਾਨਕ ਸਰਕਾਰਾਂ ਦਾ ਉਸ ਵਿੱਚ ਰੋਲ ਹੀ ਨਹੀਂ ਹੈ। ਹਾਂ ਕੁਝ ਕਾਰ-ਪੋਰੇਸ਼ਨਾਂ ਵਲੋਂ ਇਹ ਸਹੂਲਤ ਸ਼ੁਰੂ ਕੀਤੀ ਗਈ ਹੈ। ਸਕੂਲ, ਵਿਦਿਅਕ ਸੰਸਥਾਵਾਂ, ਲਾਇਬ੍ਰੇਰੀਆਂ ਚਲਾਉਣਾ ਇਹਨਾਂ ਸਥਾਨਕ ਸਰਕਾਰਾਂ ਜ਼ੁੰਮੇ ਕੰਮ ਹੋ ਸਕਦਾ ਹੈ, ਪਰ ਕੁਝ ਥਾਂ ਲਾਇਬ੍ਰੇਰੀ ਖੋਲ੍ਹਣ ਤੋਂ ਬਿਨ੍ਹਾਂ ਸਕੂਲਾਂ, ਕਾਲਜ ਖੋਲ੍ਹਣ ਦਾ ਤਾਂ ਕਿਸੇ ਸਥਾਨਕ ਸਰਕਾਰ ਨੇ ਕਦੇ ਸੁਫਨਾ ਵੀ ਨਹੀਂ ਲਿਆ।**



ਗੁਰਮੀਤ ਸਿੰਘ ਪਲਾਹੀ
91-98158-02070

ਧੁੰਦ ਅਤੇ ਧੂੰਏਂ ਦੇ ਗੁਬਾਰ ਤੋਂ ਪੰਜਾਬ ਪੀੜਤ ਹੈ। ਇਸਦਾ ਵਾਤਾਵਰਨ ਦੂਸ਼ਿਤ ਹੈ। ਪੰਜਾਬ ਦੇ ਸ਼ਹਿਰ, ਗੰਦਗੀ ਦੇ ਢੇਰ ਢਿੱਡ 'ਚ ਸਮੋਈ, ਇੱਕ ਅਜ਼ੀਬੋ-ਗਰੀਬ ਨਜ਼ਾਰਾ ਪੇਸ਼ ਕਰਦੇ ਹਨ। ਗੰਦੇ ਪਾਣੀ ਦੇ ਨਿਕਾਸ ਦੀ ਘਾਟ, ਖਾਸ ਕਰਕੇ ਸਲੱਮ ਖੇਤਰ 'ਚ ਉੱਘੜ-ਦੁਗੜੇ ਕੱਚੇ ਮਕਾਨ ਅਤੇ ਝੁੱਗੀਆਂ, ਸਾਫ-ਸੁਥਰੇ ਪਾਣੀ ਦਾ ਨਾ ਮਿਲਣਾ, ਗਲੀਆਂ-ਮਹੁੱਲਿਆਂ 'ਚ ਸਫਾਈ ਦਾ ਨਾ ਹੋਣਾ, ਮੱਖੀਆਂ, ਮੱਛਰਾਂ ਦੀ ਭਰਮਾਰ ਕਾਰਨ ਡੇਂਗੂ ਦਾ ਫੈਲਣਾ, ਪੰਜਾਬ ਦੇ ਸ਼ਹਿਰਾਂ 'ਚ ਫੈਲੀ ਗੰਦਗੀ ਅਤੇ ਭੈੜੇ ਵਾਤਾਵਰਨ ਦੀ ਉਦਾਹਰਨ ਪੇਸ਼ ਕਰਨ ਲਈ ਕਾਫੀ ਹਨ। ਦੇਸ਼ ਭਰ 'ਚ ਸਵੱਛ ਭਾਰਤ ਅਭਿਆਨ 'ਚ 100 ਇਹੋ ਜਿਹੇ ਸ਼ਹਿਰਾਂ ਦੀ ਚੋਣ ਹੋਣੀ ਹੈ, ਜਿਹੜੇ ਮੁਕਾਬਲਤਨ ਸਾਫ-ਸੁਥਰੇ ਹਨ, ਪੰਜਾਬ ਦਾ ਕੋਈ ਵੀ ਸ਼ਹਿਰ ਇਸ ਲਿਸਟ ਵਿੱਚ ਕਿਧਰੇ ਵੀ ਦਿਖਾਈ ਨਹੀਂ ਦਿੰਦਾ।

ਕਹਿਣ ਨੂੰ ਤਾਂ ਸ਼ਹਿਰਾਂ ਦੇ ਵਿਕਾਸ ਅਤੇ ਇਨ੍ਹਾਂ ਦੀ ਸਾਫ-ਸਫਾਈ ਲਈ ਸਥਾਨਕ ਸਰਕਾਰਾਂ ਕਾਇਮ ਹਨ, ਕੁਲ ਮਿਲਾਕੇ 10 ਕਾਰਪੋਰੇਸ਼ਨਾਂ, 96 ਕੌਂਸਲਾਂ 59 ਨਗਰ ਪੰਚਾਇਤਾਂ ਇਸ ਕਾਰਜ ਵਿੱਚ ਲੱਗੀਆਂ ਹੋਈਆਂ ਹਨ। ਪਰ ਇਹਨਾਂ ਵਿਚੋਂ ਬਹੁਤੀਆਂ ਦੀ ਹਾਲਤ ਆਰਥਕ ਪੱਖ ਤੋਂ ਇੰਨੀ ਨਾਜਕ ਹੈ ਕਿ ਉਹ ਆਪਣੇ ਕਰਮਚਾਰੀਆਂ ਨੂੰ ਤਨਖਾਹਾਂ ਦੇਣ ਤੋਂ ਵੀ ਔਖੀਆਂ ਹਨ।

ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਦੀ ਸ਼ਹਿਰੀ ਆਬਾਦੀ 1.04 ਕਰੋੜ ਹੈ। ਸਾਲ 2001 ਤੋਂ 2011 ਤੱਕ ਸ਼ਹਿਰੀ ਆਬਾਦੀ ਵਿੱਚ 25.9 ਫੀਸਦੀ ਦਾ ਵਾਧਾ ਹੋਇਆ ਹੈ, ਜਦਕਿ ਇਸ ਸਮੇਂ ਦੌਰਾਨ ਸਮੁੱਚੀ ਪੇਂਡੂ ਸ਼ਹਿਰੀ ਆਬਾਦੀ 'ਚ 13.9 ਫੀਸਦੀ ਦਾ ਵਾਧਾ ਹੋਇਆ। ਪੰਜਾਬ ਦਾ ਹਰ ਤੀਜਾ ਵਸ਼ਿੰਦਾ ਸ਼ਹਿਰੀ ਹੈ। ਅਤੇ ਦੇਸ਼ ਦੇ ਪੰਜ ਵੱਡੇ ਸ਼ਹਿਰੀ ਸੂਬਿਆਂ ਤਾਮਿਲਨਾਡੂ, ਮਹਾਰਾਸ਼ਟਰ, ਗੁਜਰਾਤ, ਕਰਨਾਟਕ ਤੋਂ ਬਾਅਦ ਪੰਜਾਬ ਦਾ ਨੰਬਰ ਹੈ। ਅਸਲ ਵਿੱਚ ਪੇਂਡੂ ਪੰਜਾਬ ਵਿਚੋਂ ਸ਼ਹਿਰੀ ਪੰਜਾਬ ਵੱਲ ਲੋਕਾਂ ਦੀ ਹਿਜ਼ਰਤ ਇਸ ਵਾਧੇ ਦਾ ਵੱਡਾ ਕਾਰਨ ਹੈ। ਮਰਦਮ ਸ਼ੁਮਾਰੀ ਤੋਂ ਬਾਅਦ ਪੰਜਾਬ ਵਿੱਚ 25 ਨਵੇਂ ਸ਼ਹਿਰ ਨੋਟੀਫਾਈ ਕੀਤੇ ਗਏ ਹਨ। ਹਾਲਾਂਕਿ ਮਰਦਮ ਸ਼ੁਮਾਰੀ 'ਚ 74 ਨਵੇਂ ਸੈਨਸਿਜ ਟਾਊਨ (ਮਰਦਮਸ਼ੁਮਾਰੀ ਅਨੁਸਾਰ ਸ਼ਹਿਰ) ਮਿਥੇ ਗਏ ਸਨ। ਇਸ ਤਰ੍ਹਾਂ ਕੁਲ ਮਿਲਾਕੇ ਪੰਜਾਬ 'ਚ 237 ਆਬਾਦੀਆਂ ਸ਼ਹਿਰੀ ਗਿਣੀਆਂ ਗਈਆਂ ਸਨ। ਭਾਰਤ ਸਰਕਾਰ ਨੇ ਲੁਧਿਆਣਾ, ਅਮ੍ਰਿਤਸਰ, ਜਲੰਧਰ ਨੂੰ ਸਮਾਰਟ ਸਿਟੀ ਵਜੋਂ ਵਿਕਾਸ ਕਰਨ ਲਈ ਚੁਣਿਆ ਹੈ।

ਸ਼ਹਿਰੀ ਸਥਾਨਕ ਸਰਕਾਰਾਂ ਦਾ ਮੁੱਖ ਕੰਮ ਸ਼ਹਿਰੀ ਆਬਾਦੀ ਨੂੰ 100 ਫੀਸਦੀ ਸਾਫ-ਸੁਥਰਾ ਪਾਣੀ ਮੁਹੱਈਆ ਕਰਨਾ, ਸੀਵਰੇਜ ਦਾ ਪ੍ਰਬੰਧ ਕਰਨਾ, 100 ਫੀਸਦੀ ਗੰਦੇ ਕੂੜੇ ਕਰਕਟ ਦੀ ਆਬਾਦੀਆਂ ਵਿਚੋਂ ਲਿਫਟਿੰਗ ਕਰਕੇ ਸਹੀ ਥਾਂ ਰੀਸਾਈਕਲਿੰਗ ਦਾ ਪ੍ਰਬੰਧ ਕਰਨਾ, ਵੱਡੀਆਂ ਛੋਟੀਆਂ ਸੜਕਾਂ ਦਾ ਨਿਰਮਾਣ ਕਰਨਾ, ਅਤੇ ਲੋੜੀਂਦੀ ਆਵਾਜਾਈ ਸੇਵਾ ਦਾ ਪ੍ਰਬੰਧ ਕਰਨ ਮਿਥਿਆ ਗਿਆ ਹੈ। ਪੰਜਾਬ ਮਿਊਂਸਪਲ ਐਕਟ (ਪੀ ਐਮ ਏ) 1911 ਅਤੇ "ਦੀ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ (ਪੀ ਐਮ ਸੀ ਏ) 1976 ਅਤੇ 1994 'ਚ ਸੋਧੇ ਕਾਨੂੰਨ ਅਨੁਸਾਰ ਅਤੇ ਭਾਰਤੀ ਸੰਵਿਧਾਨ ਦੀ 74 ਵੀਂ ਸੋਧ ਐਕਟ 1992 (ਪੀ ਸੀ ਏ) ਅਨੁਸਾਰ ਮਿਊਂਸਪਲ ਕਾਰਪੋਰੇਸ਼ਨ ਕੌਂਸਲਾਂ ਨੂੰ ਸਥਾਨਕ ਸਰਕਾਰਾਂ ਵਜੋਂ ਕੰਮ ਕਰਨ ਦਾ ਅਧਿਕਾਰ ਹੈ। ਇਹਨਾ ਸੰਸਥਾਵਾਂ ਨੂੰ ਸਟੇਟ ਵਿੱਤ ਕਮਿਸ਼ਨ ਰਾਹੀਂ ਫੰਡ, ਗ੍ਰਾਂਟਾਂ, ਸਹਾਇਤਾ ਮਿਲਦੀ ਹੈ। ਗ੍ਰਾਂਟਾਂ ਨੂੰ ਕੰਟਰੋਲ ਆਦਿ ਕਰਨ ਵਿੱਚ ਜ਼ਿਲਾ ਪਲਾਨਿੰਗ ਕਮੇਟੀਆਂ ਦਾ ਵੱਡਾ ਰੋਲ ਹੈ। ਇਹਨਾ ਸੰਸਥਾਵਾਂ ਦੀਆਂ ਚੋਣਾਂ ਪੰਜ ਸਾਲ ਲਈ ਹੁੰਦੀਆਂ ਹਨ। ਪਰ ਬਾਵਜੂਦ ਵਿਆਪਕ ਅਧਿਕਾਰਾਂ ਦੇ ਇਹ ਸੰਸਥਾਵਾਂ ਨੂੰ ਅਜ਼ਾਦਾਨਾ ਤੌਰ 'ਤੇ ਕੰਮ ਨਹੀਂ ਕਰਨ ਦਿੱਤਾ ਜਾਂਦਾ ਅਤੇ ਇਹ ਸਰਕਾਰੀ ਅਫਸਰਾਂ ਅਤੇ ਮੌਕੇ ਦੀ ਹਾਕਮ ਜਮਾਤ ਦਾ ਦੁੰਮ-ਛੱਲਾ ਬਣਕੇ ਰਹਿ ਜਾਂਦੀਆਂ ਹਨ। ਤਦੇ ਸ਼ਹਿਰਾਂ ਦਾ ਸਿਰਫ ਉਸ ਖੇਤਰ ਦਾ ਹੀ ਵਿਕਾਸ ਹੁੰਦਾ ਹੈ, ਜਾਂ ਗ੍ਰਾਂਟਾਂ ਉਸ ਵਾਰਡ/ਖੇਤਰ ਵਿੱਚ ਹੀ ਖਰਚੀਆਂ ਜਾਂਦੀਆਂ ਹਨ, ਜਿਥੇ ਹਾਕਮ ਜਮਾਤ ਦੇ ਵਿਧਾਇਕ ਚਾਹੁੰਦੇ ਹਨ, ਜਿਹੜੇ ਸਰਕਾਰੀ ਅਫਸਰਸ਼ਾਹੀ ਦੇ ਰਾਹੀਂ ਚੁਣੇ ਹੋਏ ਮੈਂਬਰਾਂ ਦੀ ਕੋਈ ਵੁੱਕਤ ਨਹੀਂ ਰਹਿਣ ਦਿੰਦੇ, ਅਤੇ ਆਪਣੀ ਮਰਜ਼ੀ ਨਾਲ ਕੰਮ ਚਲਾਉਂਦੇ ਹਨ। ਇਥੇ ਹੀ ਬੱਸ ਨਹੀਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ,ਸਟੇਟ ਅਰਬਨ ਡਿਵੈਲਪਮੈਂਟ ਏਜੰਸੀ ਅਤੇ ਇਮਪਰੂਵਮੈਂਟ ਟਰੱਸਟਾਂ ਦਾ ਇਹਨਾਂ ਸਥਾਨਕ ਸਰਕਾਰਾਂ ਦੇ ਕੰਮ ਅਤੇ ਅਧਿਕਾਰਾਂ ਵਿੱਚ ਦਖਲ ਇਹਨਾਂ ਸਥਾਨਕ ਸਰਕਾਰਾਂ ਨੂੰ ਕਮਜ਼ੋਰ ਕਰ ਰਿਹਾ ਹੈ। ਉਂਜ ਵੀ ਕਿਉਂਕਿ ਮਿਊਂਸਪਲ ਸੰਸਥਾਵਾਂ ਕੋਲ ਜਾਇਦਾਦ ਟੈਕਸ, ਪਾਣੀ ਸੀਵਰੇਜ ਦੇ ਬਿੱਲਾਂ, ਨਕਸ਼ਾ ਪਾਸ ਕਰਨ ਆਦਿ ਦੇ ਟੈਕਸਾਂ ਤੋਂ ਬਿਨਾਂ ਆਮਦਨ ਦਾ ਕੋਈ ਵੱਡਾ ਸਾਧਨ ਨਹੀਂ ਹੈ, ਇਸ ਕਰਕੇ ਇਹ ਸੰਸਥਾਵਾਂ ਸੂਬਾ ਸਰਕਾਰ ਦੇ ਰਹਿਮੋ-ਕਰਮ 'ਹੇਠ ਹੀ ਕੰਮ ਕਰਦੀਆਂ ਹਨ।

ਤਦੇ ਸ਼ਹਿਰਾਂ ਦੇ ਵਿਕਾਸ 'ਚ ਇਹਨਾ ਸੰਸਥਾਵਾਂ ਦੀ ਭੂਮਿਕਾ ਦਿਨੋ-ਦਿਨ ਘਟਦੀ ਜਾ ਰਹੀ ਹੈ ਅਤੇ ਸਰਕਾਰੀ ਕੇਂਦਰੀ ਸੂਬਾਈ ਪ੍ਰਾਜੈਕਟਾਂ ਨੂੰ ਅਧਿਕਾਰੀਆਂ ਰਾਹੀਂ ਲਾਗੂ ਕਰਨਾ, ਕਰਾਉਣਾ ਹੀ ਇਹਨੇ ਜ਼ਿੰਮੇ ਕਾਰਜ਼ ਰਹਿ ਗਿਆ ਹੈ। ਇਹੋ ਹੀ ਕਾਰਨ ਹੈ ਕਿ ਸ਼ਹਿਰ ਦੀਆਂ, ਸਥਾਨਕ ਲੋੜਾਂ ਵਾਲੀਆਂ ਬੁਨਿਆਦੀ ਸਹੂਲਤਾਂ ਲਾਗੂ ਨਹੀਂ ਹੋ ਰਹੀਆਂ।

ਸ਼ਹਿਰਾਂ ਵਿੱਚ ਸੀਵਰੇਜ ਦਾ ਪ੍ਰਬੰਧ ਵੱਡੇ ਪੱਧਰ ਉਤੇ ਕਰਨ ਦੀ ਲੋੜ ਹੈ, ਪਰ ਸਮੁੱਚੇ ਪੰਜਾਬ ਦੇ ਸ਼ਹਿਰਾਂ ਦੀ ਅੱਧੀ ਅਬਾਦੀ 'ਚ ਸੀਵਰੇਜ ਦਾ ਪ੍ਰਬੰਧ ਨਹੀਂ ਹੈ। ਪੀਣ ਵਾਲੇ ਸਾਫ-ਸੁਥਰੇ ਪਾਣੀ ਦੀ ਉਪਲੱਭਤਾ ਮਸਾਂ ਅੱਧੀ ਅਬਾਦੀ ਤੱਕ ਪੁੱਜੀ ਹੈ। ਸ਼ਹਿਰਾਂ 'ਚ ਸਫਾਈ ਸੇਵਕਾਂ ਦੀ ਕਮੀ ਹੈ, ਅਤੇ ਕੂੜੇ ਦਾ ਪ੍ਰਬੰਧਨ ਜੋ ਸੂਬੇ 'ਚ ਕਿਸੇ ਵੀ ਕਾਰਪੋਰੇਸ਼ਨ, ਕੌਂਸਲ ਵਲੋਂ ਯੋਗ ਪ੍ਰਬੰਧ ਨਹੀਂ ਹੋ ਸਕਿਆ। ਸਾਲਡ ਵੇਸਟ ਮੈਨਜਮੈਂਟ ਦਾ ਕੋਈ ਵੀ ਪ੍ਰਾਜੈਕਟ ਹਾਲੇ ਤੱਕ ਪੂਰੇ ਪੰਜਾਬ ਦੇ ਕਿਸੇ ਸ਼ਹਿਰ 'ਚ ਨਹੀਂ ਬਣ ਸਕਿਆ। ਗੰਦੇ ਪਾਣੀ ਨੂੰ ਸਾਫ ਕਰਕੇ ਖੇਤਾਂ ਤੱਕ ਪਹੁੰਚਾਉਣ ਦੇ ਕੁਝ ਉਪਰਾਲੇ ਪੰਜਾਬ ਪੋਲਿਊਸ਼ਨ ਕੰਟਰੋਲ ਬੋਰਡ ਰਾਹੀਂ ਹੋਏ ਹਨ, ਪਰ ਇਹ ਆਟੇ ਵਿੱਚ ਲੂਣ ਬਰਾਬਰ ਹੈ। ਸਿੱਟਾ ਪੰਜਾਬ ਵਿੱਚ ਵੱਡੀ ਗੰਦਗੀ ਕਾਰਨ ਡੇਂਗੂ ਦਾ ਪਸਾਰਾ ਹੈ। ਕੈਂਸਰ ਵਰਗੀਆਂ ਗੰਭੀਰ ਬੀਮਾਰੀਆਂ ਨੇ ਪੰਜਾਬ ਦਾ ਲੱਕ ਤੋੜਿਆ ਹੋਇਆ ਹੈ। ਮਿਊਂਸਪਲ ਸੰਸਥਾਵਾਂ ਵਲੋਂ ਆਮ ਤੌਰ 'ਤੇ ਸ਼ਹਿਰ ਦੀ ਗੰਦਗੀ ਪਿੰਡਾਂ ਵੱਲ ਲੈ ਜਾ ਕੇ ਸੁੱਟਣ ਨਾਲ ਉਸ ਖੇਤਰ ਵਿੱਚ ਗੰਦਗੀ ਫੈਲਦੀ ਹੈ। ਪੰਜਾਬ ਦਾ 1250 ਮਿਲੀਅਨ ਲਿਟਰ ਗੰਦੇ ਸੀਵਰੇਜ ਪਾਣੀ ਵਿਚੋਂ 60 ਫੀਸਦੀ ਬਿਨ੍ਹਾਂ ਟਰੀਟ ਕਰਨ ਤੋਂ ਗੰਦੇ ਨਾਲਿਆਂ ਰਾਹੀਂ ਦਰਿਆਵਾਂ ਵਿੱਚ ਪੈਂਦਾ ਹੈ, ਜੋ ਸਮੁੱਚੇ ਸੂਬੇ ਦੇ ਵਾਤਾਵਰਨ ਲਈ ਵੱਡਾ ਖਤਰਾ ਪੈਦਾ ਕਰ ਰਿਹਾ ਹੈ। ਲੁਧਿਆਣੇ ਦਾ ਬੁੱਢਾ ਨਾਲਾ, ਰੋਪੜ ਥਰਮਲ ਪਲਾਂਟ ਦਾ ਗੰਦਾ ਪਾਣੀ, ਮੰਡੀ ਗੋਬਿੰਦਗੜ੍ਹ ਦੇ ਸਟੀਲ ਉਦਯੋਗ ਦਾ ਗੰਦਾ ਪਾਣੀ ਦਰਿਆ ਸਤਲੁਜ ਦੇ ਪਾਣੀ ਨੂੰ ਦੂਸ਼ਿਤ ਕਰਨ ਦਾ ਵੱਡਾ ਕਾਰਨ ਹੈ, ਜੋ ਸ਼ਹਿਰੀ ਆਬਾਦੀ ਲਈ ਵੱਡੀਆਂ ਸਮੱਸਿਆਵਾਂ ਪੈਦਾ ਕਰ ਰਿਹਾ ਹੈ।

ਸਥਾਨਕ ਸਰਕਾਰਾਂ ਦੀ ਕਿਉਂਕਿ ਆਪਣੀ ਸਿਹਤ ਚੰਗੀ ਨਹੀਂ, ਉਸ ਵਲੋਂ ਆਪਣੇ ਸਥਾਨਕ ਸ਼ਹਿਰੀਆਂ ਨੂੰ ਸਿਹਤ ਸਹੂਲਤ ਵੀ ਨਹੀਂ ਦਿੱਤੀ ਜਾ ਰਹੀ। ਕੁਝ ਕੁ ਹੀ ਡਿਸਪੈਂਸਰੀਆਂ ਹੋਣਗੀਆਂ ਮਿਊਂਸਪਲ ਕੌਂਸਲਾਂ, ਕਾਰਪੋਰੇਸ਼ਨਾਂ ਦੀਆਂ ਜਿਹੜੀਆਂ ਉਹਨਾ ਵਲੋਂ ਚਲਾਈਆਂ ਜਾ ਰਹੀਆਂ ਹੋਣਗੀਆਂ। ਸ਼ਹਿਰਾਂ 'ਚ ਹਸਪਤਾਲ ਜਾਂ ਡਿਸਪੈਂਸਰੀਆਂ ਤਾਂ ਸਰਕਾਰ ਦਾ ਸਿਹਤ ਵਿਭਾਗ ਚਲਾਉਂਦਾ ਹੈ, ਜਿਸ 'ਚ ਡਾਕਟਰ ਅਤੇ ਹੋਰ ਅਮਲੇ ਸਮੇਤ ਦਵਾਈਆਂ ਦੀ ਸਦਾ ਘਾਟ ਰਹਿੰਦੀ ਹੈ। ਟਰਾਂਸਪੋਰਟ ਦਾ ਪ੍ਰਬੰਧ ਪਹਿਲਾਂ ਹੀ ਸੂਬਾ ਸਰਕਾਰ ਕਰਦੀ ਹੈ, ਸਥਾਨਕ ਸਰਕਾਰਾਂ ਦਾ ਉਸ ਵਿੱਚ ਰੋਲ ਹੀ ਨਹੀਂ ਹੈ। ਹਾਂ ਕੁਝ ਕਾਰਪੋਰੇਸ਼ਨਾਂ ਵਲੋਂ ਇਹ ਸਹੂਲਤ ਸ਼ੁਰੂ ਕੀਤੀ ਗਈ ਹੈ। ਸਕੂਲ, ਵਿਦਿਅਕ ਸੰਸਥਾਵਾਂ, ਲਾਇਬ੍ਰੇਰੀਆਂ ਚਲਾਉਣਾ ਇਹਨਾਂ ਸਥਾਨਕ ਸਰਕ-ਾਰਾਂ ਜ਼ੁੰਮੇ ਕੰਮ ਹੋ ਸਕਦਾ ਹੈ, ਪਰ ਕੁਝ ਥਾਂ ਲਾਇਬ੍ਰੇਰੀ ਖੋਲ੍ਹਣ ਤੋਂ ਬਿਨ੍ਹਾਂ ਸਕੂਲਾਂ, ਕਾਲਜ ਖੋਲ੍ਹਣ ਦਾ ਤਾਂ ਕਿਸੇ ਸਥਾਨਕ ਸਰਕਾਰ ਨੇ ਕਦੇ ਸੁਫਨਾ ਵੀ ਨਹੀਂ ਲਿਆ।

ਅਸਲ ਵਿੱਚ ਤਾਂ ਸਥਾਨਕ ਸਰਕਾਰਾਂ ਨੂੰ ਸਰਕਾਰੀ ਅਧਿਕਾਰੀਆਂ ਨੇ ਅਧਮੋਇਆ ਕੀਤਾ ਹੋਇਆ ਹੈ। ਜਿਸ ਕਿਸਮ ਦੇ ਅਧਿਕਾਰ ਇਹਨਾ ਸਥਾਨਕ ਸਰਕਾਰਾਂ ਨੂੰ ਕਾਨੂੰਨ ਅਨੁਸਾਰ ਮਿਲੇ ਹੋਏ ਹਨ, ਉਹਨਾ ਦੀ ਵਰਤੋਂ ਦੇ ਅਧਿਕਾਰ ਚੁਣੇ ਹੋਏ ਨੁਮਾਇੰਦਿਆਂ ਤੋਂ ਅਧਿਕਾਰੀਆਂ ਨੇ ਖੋਹੇ ਹੋਏ ਹਨ। ਸਿੱਟੇ ਵਜੋਂ ਪੰਜਾਬ 'ਚ ਇਹ ਸਥਾਨਕ ਸਰਕਾਰਾਂ, ਸਥਾਨਕ ਲੋਕਾਂ ਨੂੰ ਮੁਢੱਲੀਆਂ ਸਹੂਲਤਾਂ, ਬਾਵਜੂਦ ਆਪਣੀਆਂ ਕੋਸ਼ਿਸ਼ਾਂ ਦੇ, ਦੇਣ ਤੋਂ ਆਤੁਰ ਹੋਈਆਂ ਪਈਆਂ ਹਨ।

ਲੋਕ ਨਕਸ਼ੇ ਪਾਸ ਕਰਾਉਣ ਲਈ ਮਹੀਨਿਆਂ ਬੱਧੀ ਕਤਾਰਾਂ 'ਚ ਰਹਿੰਦੇ ਹਨ, ਸੀਵਰੇਜ ਪਾਣੀ ਦਾ ਕੁਨੈਕਸ਼ਨ ਮਨਜ਼ੂਰ ਕਰਾਉਣ ਲਈ ਭਾਰੀ ਭਰਕਮ ਫਾਈਲਾਂ ਆੜੇ ਆਉਂਦੀਆਂ ਹਨ, ਜਨਮ ਮੌਤ ਸਰਟੀਫੀਕੇਟ ਲੈਣ ਦੇਣ ਲਈ ਭ੍ਰਿਸ਼ਟਾਚਾਰ ਦੀ ਤੰਦ ਉਣੀ ਜਾਂਦੀ ਹੈ, ਜਾਇਦਾਦ ਟੈਕਸ ਅਤੇ ਹੋਰ ਕੰਮਾਂ ਲਈ ਮਹੀਨਿਆਂ ਬੱਧੀ ਇੰਤਜਾਰ ਕਰਨਾ ਪੈਂਦਾ ਹੈ। ਉਹ ਸਹੂਲਤਾਂ ਜਿਹਨਾ ਲਈ ਸਥਾਨਕ ਲੋਕ ਟੈਕਸ ਦਿੰਦੇ ਹਨ, ਉਹ ਉਹਨਾ ਨੂੰ ਮਿਲਦੀਆਂ ਹੀ ਨਹੀਂ, ਸਗੋਂ ਸਫਾਈ ਕਰਮਚਾਰੀਆਂ ਨੂੰ ਆਪਣੀ ਜੇਬ ਵਿਚੋਂ ਪੈਸੇ ਖਰਚਕੇ ਕੂੜਾ ਚੁਕਾਉਣਾ ਪੈਂਦਾ ਹੈ। ਸਟਰੀਟ ਲਾਈਟਾਂ ਦੀ ਸਹੂਲਤ ਤਾਂ ਦੂਰ ਦੀ ਗੱਲ ਹੈ, ਕਿਧਰੇ ਸਥਾਨਕ ਸੜਕ ਉਤੇ ਮੁਰੰਮਤ ਦੀ ਲੋੜ ਪੈ ਜਾਏ, ਸੀਵਰੇਜ ਜਾਮ ਹੋ ਜਾਏ ਤਾਂ ਹਫਤਿਆਂ ਬੱਧੀ ਸਥਾਨਕ ਸਰਕਾਰਾਂ ਦੇ ਅਧਿਕਾਰੀਆਂ ਦੇ ਤਰਲੇ ਕਰਨੇ ਪੈਂਦੇ ਹਨ, ਭਾਵੇਂ ਕਿ ਕਹਿਣ ਨੂੰ ਆਨ-ਲਾਈਨ ਸ਼ਕਾਇਤ ਦਰਜ਼ ਕਰਨ ਦੀ ਸੁਵਿਧਾ ਸਰਕਾਰ ਵਲੋਂ ਕਾਗਜ਼ੀਂ-ਪੱਤਰੀਂ ਦਿੱਤੀ ਗਈ ਹੈ।

ਲੋਕਾਂ ਦੇ ਭਲੇ ਲਈ ਬਣਾਈਆਂ ਇਹ ਸਥਾਨਕ ਸਰਕਾਰਾਂ ਉਦੋਂ ਤੱਕ ਸਹੀ ਢੰਗ ਨਾਲ ਕੰਮ ਕਰਨ ਦੇ ਯੋਗ ਨਹੀਂ ਹੋਣਗੀਆਂ, ਜਦੋਂ ਤੱਕ ਇਹਨਾ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਅਜ਼ਾਦਾਨਾ ਕੰਮ ਕਰਨ ਦਾ ਮੌਕਾ ਨਹੀਂ ਦਿੱਤਾ ਜਾਂਦਾ, ਅਤੇ ਇਹਨਾ ਦੀ ਆਰਥਿਕ ਹਾਲਤ ਸੁਧਾਰਨ ਦੇ ਨਾਲ-ਨਾਲ ਵਿਕਾਸ ਸੰਸਥਾਵਾਂ ਅਤੇ ਸੂਬਾ ਸਰਕਾਰ ਦਾ ਸਿੱਧਾ ਦਖਲ ਇਹਨਾ ਵਿੱਚ ਬੰਦ ਨਹੀਂ ਕੀਤਾ ਜਾਂਦਾ।

# ਸਾਹਿਤ ਸਿਰਜਣਾ ਮੰਚ ਅਮਰਗੜ੍ਹ ਦੀ 'ਸਾਹਿਤਕ ਮਿਲਣੀ'

**ਅਮਰਗੜ੍ਹ-** ਸਾਹਿਤ ਸਿਰਜਣਾ ਮੰਚ ਅਮਰਗੜ੍ਹ ਵੱਲੋਂ ਪ੍ਰੋ. ਹਰਿੰਦਰ ਸਿੰਘ ਮਹਿਬੂਬ ਮੈਮੋਰੀਅਲ ਲਾਇਬ੍ਰੇਰੀ ਝੂੰਦਾ ਵਿਖੇ 'ਇਕ ਸਾਹਿਤਕ ਮਿਲਣੀ' ਦਾ ਆਯੋਜਨ ਕੀਤਾ ਗਿਆ। ਮੰਚ ਦੇ ਪ੍ਰਧਾਨ ਕਹਾਣੀਕਾਰ ਜਤਿੰਦਰ ਹਾਂਸ ਤੇ ਜਨਰਲ ਸਕੱਤਰ ਕਹਾਣੀਕਾਰ ਜਸਵੀਰ ਰਾਣਾ ਦੀ ਅਗਵਾਈ ਵਿਚ ਕਰਵਾਈ ਗਈ। ਇਸ ਸਾਹਿਤਕ ਮਿਲਣੀ ਦੇ ਪ੍ਰਧਾਨਗੀ ਮੰਡਲ ਵਿਚ ਸਾਬਕਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਸ. ਰਛਪਾਲ ਸਿੰਘ ਗਿੱਲ, ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾ, ਪ੍ਰੋ. ਰਵਿੰਦਰ ਭੱਲ, ਡਾ. ਮਲਕੀਤ ਸਿੰਘ ਤੇ ਪ੍ਰੋ. ਸੁਰਿੰਦਰ ਕੌਰ ਭੱਲ ਸ਼ਾਮਲ ਹੋਏ। ਸਮਾਗਮ ਦੀ ਸ਼ੁਰੂਆਤ ਜਗਸੀਰ ਗਿੱਲ ਨੇ ਤਰੰਨਮ ਵਿਚ ਇਕ ਗੀਤ ਗਾ ਕੇ ਕੀਤੀ। ਇਸ ਤੋਂ ਇਲਾਵਾ ਸਾਹਿਤ, ਸਿਰਜਣਾ, ਕਿਤਾਬਾਂ, ਲਾਇਬ੍ਰੇਰੀ, ਪ੍ਰੋ. ਹਰਿੰਦਰ ਮਹਿਬੂਬ ਦੀ ਸ਼ਾਇਰੀ, ਸਮਾਜ ਵਿਚ ਸਾਹਿਤ ਤੇ ਲੇਖਕ ਦੀ ਭੂਮਿਕਾ ਬਾਰੇ ਇਕ ਗੰਭੀਰ ਕਿਸਮ ਦਾ ਸੰਵਾਦ ਰਚਾਇਆ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼



ਉਤਸਵ 'ਤੇ ਆਯੋਜਿਤ ਇਹ ਸਾਹਿਤਕ ਮਿਲਣੀ ਕਵਿਤਾਵਾਂ, ਗੀਤਾਂ, ਗਜ਼ਲਾਂ, ਨਜ਼ਮਾਂ, ਕਹਾਣੀਆਂ, ਵਾਰਤਾਲਾਪਾਂ ਤੇ ਸਾਹਿਤਕ ਵੰਨਗੀਆਂ ਦਾ ਇਕ ਖ਼ੂਬਸੂਰਤ ਗੁਲਦਸਤਾ ਹੋ ਨਿੱਬੜਦੀ। ਬਹੁਤ ਹੀ ਮੁੱਲਵਾਨ ਤੇ ਗੰਭੀਰ ਕਿਸਮ ਦੀਆਂ ਰਚਨਾਵਾਂ ਪੇਸ਼ ਕਰਨ ਵਾਲੇ ਵਿਦਵਾਨ ਲੇਖਕਾਂ ਵਿਚ ਸੰਦੀਪ ਬੰਦੇਸ਼ਾ, ਕਰਮਜੀਤ ਨੌਂਧਰਾਣੀ, ਰਸ਼ੀਦ ਅੱਬਾਸ, ਰਾਜੇਸ਼ ਰਿਖੀ, ਬੀਰ ਇੰਦਰ ਬਨਭੌਰੀ, ਕਾਲਾ ਪਾਇਲ ਵਾਲਾ, ਰਣਧੀਰ ਬਾਗੜੀਆਂ, ਕੋਮਲਪ੍ਰੀਤ ਕੌਰ, ਸੁਖਵਿੰਦਰ ਕੌਰ ਸਿੱਧੂ, ਰੁਪਿੰਦਰ ਕੌਰ, ਮਲਕੀਤ ਬਿਲਿੰਗ, ਰਜਿੰਦਰਜੀਤ ਕਾਲਾਬੂਲਾ, ਚਰਨਜੀਤ ਕੌਰ, ਕੁਲਵੰਤ ਖਨੌਰੀ, ਮੇਜਰ ਸਿੰਘ, ਲਾਲ ਸਿੰਘ, ਡਾ. ਪਵਿੱਤਰ ਸਿੰਘ, ਸੁਖਜਿੰਦਰ ਸਿੰਘ ਝੱਲ, ਸੁਖਵਿੰਦਰ ਸਿੰਘ ਅਟਵਾਲ, ਅਵਤਾਰ ਧਮੋਟ, ਰਣਜੀਤ ਨੋਨਾ, ਗੁਰਤਰਨ ਬੰਟੀ, ਸੁਖਵੀਰ ਸੁੱਖੀ ਸ਼ਾਮਲ ਸਨ। ਅਖੀਰ ਵਿਚ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਹਸਤੀਆਂ ਨੇ ਜਨ ਸਧਾਰਨ ਨੂੰ ਸਾਹਿਤ, ਕਲਾ, ਕਿਤਾਬਾਂ, ਲਾਇਬ੍ਰੇਰੀ ਤੇ ਸਿਰਜਣਾ ਨਾਲ ਜੁੜਨ ਲਈ ਵਿਸ਼ੇਸ਼ ਜ਼ੋਰ ਦੇ ਕੇ ਕਿਹਾ ਸਾਹਿਤ ਰਾਹੀਂ ਸਮਾਜ ਨੂੰ ਸਮਝਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਸਮੁੱਚੇ ਸਮਾਗਮ ਦਾ ਮੰਚ ਸੰਚਾਲਨ ਕਹਾਣੀਕਾਰ ਜਸਵੀਰ ਰਾਣਾ ਨੇ ਬਹੁਤ ਹੀ ਸ਼ਾਨਦਾਰ ਅੰਦਾਜ਼ ਵਿਚ ਕੀਤਾ।

# ਡੀ.ਐਮ. ਕਾਲਜ ਦੇ ਐਥਲੀਟ ਹਰਪ੍ਰੀਤ ਸਿੰਘ ਘੱਲ ਕਲਾਂ ਨੇ ਸੋਨੇ ਦਾ ਤਮਗਾ ਜਿੱਤਿਆ

**ਮੋਗਾ-** ਡੀ. ਐਮ. ਕਾਲਜ ਮੋਗਾ ਦੇ ਐਥਲੀਟ ਹਰਪ੍ਰੀਤ ਸਿੰਘ ਘੱਲ ਕਲਾਂ ਨੇ 70ਵੀਆਂ ਪੰਜਾਬ ਵਰਸਿਟੀ ਅੰਤਰ ਕਾਲਜ ਖੇਡਾਂ ਵਿਚ ਸੋਨੇ ਦਾ ਤਮਗਾ ਹਾਸਲ ਕਰਨ ਸਮੇਤ ਨਵਾਂ ਰਿਕਾਰਡ ਵੀ ਸਥਾਪਤ ਕੀਤਾ। ਇਹ ਖੁਸ਼ੀ ਸਾਂਝੀ ਕਰਦਿਆਂ ਕਾਲਜ ਦੀ ਪ੍ਰਬੰਧਕ ਕਮੇਟੀ ਅਤੇ ਪ੍ਰਿੰਸੀਪਲ ਐਸ. ਕੇ. ਸ਼ਰਮਾ ਨੇ ਦੱਸਿਆ ਕਿ ਕਾਲਜ ਦੇ ਹੋਣਹਾਰ ਖਿਡਾਰੀ ਹਰਪ੍ਰੀਤ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਪਿੰਡ ਘੱਲ ਕਲਾਂ ਨੇ ਪੰਜਾਬ ਯੂਨੀਵਰਸਿਟੀ ਅੰਤਰ ਕਾਲਜ ਖੇਡ ਕੁੱਦ ਮੁਕਾਬਲੇ 200 ਮੀਟਰ ਦੌੜ ਵਿਚ ਪਹਿਲੇ ਸਥਾਨ ਤੇ ਆ ਕੇ ਸੋਨ ਤਮਗਾ ਜਿੱਤਿਆ ਅਤੇ ਪੰਜਾਬ ਵਰਸਿਟੀ ਦੌੜ ਦਾ ਪਿਛਲੇ 13 ਸਾਲਾਂ ਦਾ 21.93 ਸਕਿੰਟ ਦਾ ਰਿਕਾਰਡ ਤੋੜ ਕੇ ਨਵਾਂ 21.75 ਸਕਿੰਟਾਂ ਦਾ ਰਿਕਾਰਡ ਕਾਇਮ ਕਰਕੇ ਨਾਮ ਹਾਸਲ ਕੀਤਾ ਹੈ। ਉਹਨਾਂ ਦੱਸਿਆ ਕਿ ਹਰਪ੍ਰੀਤ ਸਿੰਘ 200 ਮੀਟਰ ਦੌੜ ਅਤੇ 400 ਮੀਟਰ ਰਿਲੇਅ ਦੌੜ ਵਿਚ ਆਲ ਇੰਡੀਆ ਇੰਟਰ ਵਰਸਿਟੀ ਖੇਡ ਮੁਕਾਬਲਿਆਂ ਵਿਚ ਪੰਜਾਬ ਯੂਨੀਵਰਸਿਟੀ



ਦਾ ਨੁਮਾਇੰਦਾ ਬਣੇਗਾ। ਇਸ ਮਾਣਮੱਤੀ ਪ੍ਰਾਪਤੀ ਤੇ ਕਾਲਜ ਕੈਂਪਸ ਵਿਚ ਜੇਤੂ ਐਥਲੀਟ ਹਰਪ੍ਰੀਤ ਸਿੰਘ ਘੱਲ ਕਲਾਂ ਦਾ ਸਨਮਾਨ ਡੀ. ਐਮ. ਕਾਲਜ ਪ੍ਰਬੰਧਕ ਕਮੇਟੀ ਦੇ ਉਪ ਪ੍ਰਧਾਨ ਸੀਨੀਅਰ ਐਡਵੋਕੇਟ ਕ੍ਰਿਸ਼ਨ ਗੋਪਾਲ, ਨਰਿੰਦਰ ਸੂਦ ਪ੍ਰਧਾਨ ਆਰੀਆ ਸਮਾਜ, ਵਿਜੈ ਕੁਮਾਰ ਸਾਥੀ ਸਾਬਕਾ ਵਿਧਾਇਕ ਤੇ ਐਗਜ਼ੈਕਟਿਵ ਮੈਂਬਰ ਕਾਲਜ, ਪ੍ਰਿੰਸੀਪਲ ਐਸ. ਕੇ. ਸ਼ਰਮਾ, ਪ੍ਰੋ. ਜਤਿੰਦਰ ਸ਼ਰਮਾ, ਪ੍ਰੋ. ਲਵਪ੍ਰੀਤ ਕੌਰ, ਚਰਨ ਸਿੰਘ ਘਾਲੀ ਬਲਾਕ ਕਮੇਟੀ ਮੈਂਬਰ ਡੀ. ਐਸ. ਐਸ. ਜਗਤਾਰ ਸਿੰਘ ਘੱਲ ਕਲਾਂ ਨੇ ਕੀਤਾ। ਇਸ ਮੌਕੇ ਤੇ ਉਕਤ ਸ਼ਖਸੀਅਤਾਂ ਨੇ ਐਥਲੀਟ ਨੂੰ ਵਧਾਈ ਦਿੱਤੀ।

**ਰਿਪੋਰਟ- ਡਾ. ਬਲਰਾਜ ਸਿੰਘ (ਘੱਲ ਕਲਾਂ)**

# Guru Nanak Dev Ji's Prakash Utsav celebrated at Shri Guru Ravidass Temple Pittsburg










548th. Prakash Utsav of Shri Guru Nanak Dev Ji Maharaj, the founder of Sikh religion was celebrated at Shri Guru Ravidass Temple, Pittsburg on November 5th, 2017 with a spirit of great dedication and enthusiasm. A large number of devotees graced this important festival with their presence. Three days Akhand Path and Langar Sewa was hosted with Tan, Man, Dhan by dedicated family of Mr Verinder Kumar Sudhir who was also honored with a Siropa by Guru Ghar Managing Committee.

Besides melodious Kirtan by Bhai Om Pal Singh and Bhai Gurnam Singh head Granthi of the temple, the celebrations were adorned with the participation of talented Kirtan Jathas of Bhai Suveg Singh and Bhai Harjinder Singh Rasia. Prominent speakers well versed with the life and spiritual teachings of Guru Nanak Dev Ji included Mr Dilbagh Singh, General Secretary and Mr O.P. Balley, founder member of the temple who addressed the Sangat reflecting on the spiritual and social transformations of Guru Nanak Dev Ji who illuminated the entire world with his simple message of spiritual wisdom and universal brotherhood. Mr. Kashmiri Bhatia, president of Guru Ghar also thanked the Sangat for their devotional presence on the occasion.

**Sangat Sewadar, O.P. Balley**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸੁਖਮਨੀ ਸਾਹਿਬ ਜੀ ਦੇ ਜਾਪ ਕੀਤੇ ਗਏ








**ਯੂਬਾ ਸਿਟੀ (ਬਿਊਰੋ)** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 12 ਨਵੰਬਰ ਦਿਨ ਐਤਵਾਰ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕੀਤੇ ਗਏ, ਜਿਸ ਵਿਚ ਐਤਵਾਰ ਸਵੇਰੇ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਬੀਬੀ ਅਲੋਚਨਾ ਰਾਏ ਜੀ, ਜੋਗਿੰਦਰ ਸਿੰਘ ਜੀ ਸ਼ੌਂਕੀ, ਭਾਈ ਬ੍ਰਹਮਜੋਤ ਸਿੰਘ ਜੀ ਦੇ ਜਥਿਆਂ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਭਾਈ ਬ੍ਰਹਮਜੋਤ ਸਿੰਘ ਜੀ ਜਿਹਨਾਂ ਨੇ ਪਹਿਲੀ ਵਾਰ ਗੁਰੂ ਘਰ ਵਿਖੇ ਕੀਰਤਨ ਦੀ ਹਾਜ਼ਰੀ ਭਰੀ, ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

**ਨਵੇਂ ਸਾਲ ਨੂੰ ਜੀ ਆਇਆਂ ਕਹਿਣ ਲਈ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ**

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 31 ਦਸੰਬਰ ਦਿਨ ਐਤਵਾਰ ਨੂੰ ਨਵੇਂ ਸਾਲ ਨੂੰ ਜੀ ਆਇਆਂ ਕਹਿਣ ਲਈ ਗੁਰੂ ਘਰ ਵਿਖੇ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ। ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰ-ਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ, ਉਹ ਗੁਰੂ ਘਰ ਦੇ ਕਮੇਟੀ ਮੈਂਬਰ ਸਾਹਿਬਾਨਾਂ ਨਾਲ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦਾ ਹੈ:

ਚੇਅਰਮੈਨ ਸ੍ਰੀ ਮਹਿੰਦਰ ਰੱਤੂ 530-790-5985
ਵਾਈਸ ਚੇਅਰਮੈਨ ਸ੍ਰੀ ਪ੍ਰਸ਼ੋਤਮ ਸੂਦ 530-844-4508
ਪ੍ਰਧਾਨ ਸ੍ਰੀ ਸ਼ਿਗਾਰਾ ਸਿੰਘ ਰੱਲ੍ਹ 530-713-1823
ਵਾਈਸ ਪ੍ਰਧਾਨ ਜਥੇਦਾਰ ਗੁਰਨਾਮ ਸਿੰਘ ਭੰਡਾਲ 530-218-4468
ਜਨਰਲ ਸਕੱਤਰ ਸ੍ਰੀ ਸਤਨਾਮ ਸਿੰਘ 530-682-3962
ਸ੍ਰੀ ਰਾਮ ਸੇਵਕ ਭਾਟੀਆ 530-415-6717
ਸ੍ਰੀ ਦਲਵਿੰਦਰ ਰੱਲ੍ਹ 530-933-3938
ਸ੍ਰੀ ਭੁਪਿੰਦਰ ਸਿੰਘ ਭੰਡਾਲ 530-301-2518
ਗੁਰੂ ਘਰ 530-674-2564

**ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਨਵੰਬਰ ਅਤੇ ਦਸੰਬਰ ਮਹੀਨੇ ਦੇ ਹੋਣ ਵਾਲੇ ਪ੍ਰੋਗਰਾਮ**

ਮਿਤੀ 17, 18, 19 ਨਵੰਬਰ ਦਿਨ ਸ਼ੁੱਕਰਵਾਰ, ਸ਼ਨੀਵਾਰ, ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੀ ਰੀਮਾਡਲਿੰਗ ਦੀ ਖੁਸ਼ੀ ਵਿਚ।

ਮਿਤੀ 24, 25, 26 ਨਵੰਬਰ ਦਿਨ ਸ਼ੁੱਕਰਵਾਰ, ਸ਼ਨੀਵਾਰ, ਐਤਵਾਰ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ।

ਮਿਤੀ 1, 2, 3 ਦਸੰਬਰ ਦਿਨ ਸ਼ੁੱਕਰਵਾਰ, ਸ਼ਨੀਵਾਰ, ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਸਤਿਗੁਰੂ ਸੈਣ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਦੀ ਖੁਸ਼ੀ ਵਿਚ।

ਮਿਤੀ 8, 9, 10 ਦਸੰਬਰ ਦਿਨ ਸ਼ੁੱਕਰਵਾਰ, ਸ਼ਨੀਵਾਰ, ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਦੀ ਖੁਸ਼ੀ ਵਿਚ।

ਮਿਤੀ 15, 16, 17 ਦਸੰਬਰ ਦਿਨ ਸ਼ੁੱਕਰਵਾਰ, ਸ਼ਨੀਵਾਰ, ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਸਤਿਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ।

ਮਿਤੀ 22, 23, 24 ਦਸੰਬਰ ਦਿਨ ਸ਼ੁੱਕਰਵਾਰ, ਸ਼ਨੀਵਾਰ, ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਦੀ ਖੁਸ਼ੀ ਵਿਚ।

# ਯੂਬਾ ਸਿਟੀ ਦੇ 38ਵੇਂ ਮਹਾਨ ਨਗਰ ਕੀਰਤਨ ਸਬੰਧਤ 3 ਨਵੰਬਰ ਦੇ ਸਮਾਗਮ ਦੀਆਂ ਕੁਝ ਝਲਕੀਆਂ







All pictures by Prem Chumber Desh Doaba




























# ਯੂਬਾ ਸਿਟੀ ਦੇ 38ਵੇਂ ਮਹਾਨ ਨਗਰ ਕੀਰਤਨ ਸਬੰਧਤ 4 ਨਵੰਬਰ ਦੇ ਸਮਾਗਮ ਦੀਆਂ ਕੁਝ ਝਲਕੀਆਂ




















All pictures by Prem Chumber Desh Doaba








ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ
ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਸਾਂਭ-ਸੰਭਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ
We will make your trucking business paperless and Free of DOT hassels.
Steer your business, from hiring to management all from a computer
ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ
ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ
ASK FOR LOAD MANAGEMENT: Easy dispatch by Phone App, Quick POD, Auto Billing, Payroll etc.
DRIVER HIRING
ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ
INSPECTION RECORD
ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ
DRIVING REVIEW
ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ
ACCIDENT REPORTS
ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ
TRUCK MAINTENANCE
ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੇ ਤਿਆਰ
eLog Book Integration COMING SOON
WE HANDLE DOT AUDITS
ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ
Tel: 800.936.4011 • 209.636.0880
GLOBAL SOLUTION FOR TRANSPORTATION
(A PAPERLESS SOLUTION FOR TRUCKING)
RAJINDER SINGH
LAKHVIR SINGH
email: info@etruckingsolution.com • www.etruckingsolution.com


ਹਰਦੀਪ ਸਿੰਘ ਦੇ ਮੇਅਰ ਬਣਨ ਤੇ ਅਤੇ
ਜਗਜੀਤ ਰੈਸਲਿੰਗ ਅਕੈਡਮੀ ਦੀ ਖੁਸ਼ੀ ਵਿੱਚ ਸਵਾਗਤ
ਮਿਤੀ 19 ਨਵੰਬਰ 2017
ਸ਼ਾਮ 4 ਵਜੇ ਤੋਂ ਰਾਤ 10 ਵਜੇ ਤੱਕ
ਸਥਾਨ : ਰਾਇਲ ਇੰਡੀਅਨ ਕੁਜ਼ਨ
7610 ਪੈਸਫਿਕ ਐਵਨਿਓ
ਸਟੋਕਟਨ, ਸੀ.ਏ. 95207
R.S.V.P.
Hola Mohalla Wrestling Club
CA, USA, (209) 992 - 8345


TANDOOR
Indian Restaurant
27167 Mission Blvd. Hayward, CA 95544
TANDOOR Indian Restaurant
Lunch & Buffet
OPEN 7 DAYS A WEEK (510) 885-1212
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
Contact Us:
We are open seven days 11 AM to 10 PM
Ph. 510-885-1212
Fax. 510-885-1532


L.A. MERCHANDISE
Whole Sale +Retail
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।
* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।
* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।
LOOSE FABRICS, GROCERIES, BLANKETS, VEGETABLES
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax
500 N. Palora Ave. Yuba City, CA 95991
Baksho Kaur Bisla Hardev Singh Bisla
530-671-0439, Fax 530-822-0439 Cell- 530-844-3250

# ਪੰਜਾਬ ਦੇ ਪਿੰਡਾਂ ਨੂੰ ਖੋਲ਼ੇ ਬਣਨ ਤੋਂ ਬਚਾਇਆ ਜਾਵੇ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
011-609-721-0950

ਬੇਬੇ ਗੁਰਨਾਮ ਕੌਰ ਮੈਮਐਰੀਅਲ ਐਜੂਕੇਸ਼ਨ ਸੈਂਟਰ, ਈਸੜੂ, ਲੁਧਿਆਣਾ ਵੱਲੋਂ ਸਪਾਂਸਰ ਕੀਤੇ ਗਏ ਇੱਕ ਖੋਜ ਪ੍ਰਾਜੈਕਟ "ਪੰਜਾਬ ਦੇ ਦਿਹਾਤੀ ਇਲਾਕਿਆਂ ਵਿੱਚ ਮਜ਼ਦੂਰ ਔਰਤ ਪਰਿਵਾਰਾਂ ਦਾ ਆਰਥਿਕ, ਸਮਾਜਿਕ ਅਤੇ ਰਾਜਸੀ ਵਿਸਲੇਸ਼ਣ" ਲਈ ਮਾਝਾ, ਦੋਆਬਾ ਅਤੇ ਮਾਲਵਾ ਖੇਤਰਾਂ ਦੇ ਪਿੰਡਾਂ ਦੇ ਸਾਲ 2016-17 ਵਿੱਚ ਕੀਤੇ ਗਏ ਇੱਕ ਸਰਵੇਖਣ ਤੋਂ ਇਹ ਸਾਹਮਣੇ ਆਇਆ ਹੈ ਕਿ ਸਰਕਾਰ ਅਤੇ ਸਮਾਜ ਦੀ ਪਿੰਡਾਂ ਅਤੇ ਇਹਨਾਂ ਵਿੱਚ ਰਹਿਣ ਵਾਲੇ ਲੋਕਾਂ ਪ੍ਰਤੀ ਬੇਰੁਖੀ ਅਤੇ ਅਣਗਹਿਲੀ ਦੁਆਰਾ ਪੰਜਾਬ ਦੇ ਪਿੰਡਾਂ ਨੂੰ ਖੋਲ਼ੇ ਬਣਾਇਆ ਜਾ ਰਿਹਾ ਹੈ। ਪੰਜਾਬ ਦੇ ਪਿੰਡਾਂ ਨੂੰ ਖੋਲ਼ੇ ਬਣਾਉਣ ਸੰਬੰਧੀ ਤੱਥ ਦੀ ਪੁਸ਼ਟੀ ਸਹਿਜ ਹੀ ਪਿੰਡਾਂ ਦੇ ਘਰਾਂ, ਸਕੂਲਾਂ, ਹਸਪਤਾਲਾਂ ਅਤੇ ਹੋਰ ਸਾਂਝੀਆਂ ਥਾਵਾਂ ਤੋਂ ਹੋ ਜਾਂਦੀ ਹੈ।

ਪੰਜਾਬ ਦੇ ਮਾਝਾ, ਦੋਆਬਾ ਅਤੇ ਮਾਲਵਾ ਦੇ ਪਿੰਡਾਂ ਵਿੱਚ ਕੁਝ ਘਰਾਂ ਨੂੰ ਅਕਸਰ ਜਿੰਦੇ ਲੱਗੇ ਨਜ਼ਰ ਆਉਂਦੇ ਹਨ। ਇਸ ਤੋਂ ਬਿਨਾਂ ਕੁਝ ਹੋਰ ਘਰਾਂ ਵਿੱਚ ਕੋਈ ਬਜ਼ੁਰਗ ਜਾਂ ਨੌਕਰ ਜਾਂ ਕੋਈ ਪਿੰਡ ਜਾਂ ਰਿਸ਼ਤੇਦਾਰੀਆਂ ਵਿੱਚੋਂ ਲੋੜਵੰਦ ਪਰਿਵਾਰ ਰਹਿ ਰਹੇ ਹਨ। ਇਹਨਾਂ ਘਰਾਂ ਵਿੱਚ ਰਹਿਣ ਵਾਲੇ ਮਾਲਕ ਜਾਂ ਤਾਂ ਆਪਣੇ ਬੱਚਿਆਂ ਦੀ ਪੜ੍ਹਾਈ ਜਾਂ ਆਪਣੀਆਂ ਨੌਕਰੀਆਂ/ਕਾਰੋਬਾਰਾਂ ਲਈ ਸ਼ਹਿਰਾਂ ਵਿੱਚ ਚਲੇ ਗਏ ਜਾਂ ਉਹ ਆਪਣੀ ਰੋਜ਼ੀ-ਰੋਟੀ ਲਈ ਵਿਦੇਸ਼ਾਂ ਵਿੱਚ ਪਰਵਾਸ ਕਰ ਗਏ ਹਨ। ਕਿਸੇ ਮੌਕੇ ਪੰਜਾਬ ਦੇ ਪਿੰਡਾਂ ਦੇ ਸਕੂਲਾਂ ਦੇ ਹਰ ਤਰ੍ਹਾਂ ਦੇ ਵਿਕਾਸ ਲਈ ਸਾਰੇ ਪੇਂਡੂ ਲੋਕ ਆਪਣੀ ਸਮਰੱਥਾ ਅਨੁਸਾਰ ਯੋਗਦਾਨ ਪਾਉਂਦੇ ਸਨ ਅਤੇ ਜੇਕਰ ਇਹਨਾਂ ਸਕੂਲਾਂ ਦੇ ਵਿਕਾਸ ਦੇ ਸੰਬੰਧ ਵਿੱਚ ਕੋਈ ਵੀ ਅੜਿੱਕਾ ਬਣਦਾ ਸੀ ਤਾਂ ਇਹ ਲੋਕ ਆਪਣਾ ਬਣਦਾ ਵਿਰੋਧ ਵੀ ਦਰਜ ਕਰਾਉਂਦੇ ਸੀ ਜਿਸ ਦੇ ਨਤੀਜੇ ਵਜੋਂ ਮੁੜ ਤੋਂ ਇਹਨਾਂ ਸਕੂਲਾਂ ਦਾ ਵਿਕਾਸ ਆਪਣੇ ਰਾਹ ਉੱਤੇ ਆ ਜਾਂਦਾ ਸੀ। ਪੇਂਡੂ ਸਕੂਲਾਂ ਦੇ ਵਿਕਾਸ ਸਦਕਾ ਇਹਨਾਂ ਸਕੂਲਾਂ ਵਿੱਚੋਂ ਪੜ੍ਹੇ ਹੋਏ ਵਿਦਿਆਰਥੀ ਦੇਸ਼ ਅਤੇ ਵਿਦੇਸ਼ਾਂ ਵਿੱਚ ਅਨੇਕਾਂ ਸਤਿਕਾਰਯੋਗ ਅਹੁਦਿਆਂ ਉੱਤੇ ਬਿਰਾਜਮਾਨ ਰਹੇ। ਹੁਣ ਇਹ ਸਕੂਲ ਵੀ ਖੋਲ਼ੇ ਬਣੇ ਹੋ ਨਜ਼ਰ ਆ ਰਹੇ ਹਨ ਕਿਉਂਕਿ ਇਹਨਾਂ ਸਰਕਾਰੀ ਸਕੂਲਾਂ ਵਿੱਚ ਪੇਂਡੂ ਮਜ਼ਦੂਰਾਂ ਅਤੇ ਹੋਰ ਗ਼ਰੀਬ ਕਾਮਿਆਂ ਦੇ ਬੱਚੇ ਹੀ ਪੜ੍ਹਦੇ ਹਨ। ਉਹਨਾਂ ਬੱਚਿਆਂ ਦੇ ਮਾਪਿਆਂ ਦੀ ਗ਼ਰੀਬੀ ਕਾਰਨ ਉਹ ਬੱਚੇ ਉੱਚੀਆਂ/ਜ਼ਿਆਦਾ ਫੀਸਾਂ ਵਾਲੇ ਸ਼ਹਿਰੀ/ਪੇਂਡੂ ਸਕੂਲਾਂ ਵਿੱਚ ਦਾਖ਼ਲਾ ਲੈਣ ਬਾਰੇ ਸੁਪਨਾ ਵੀ ਨਹੀਂ ਲੈ ਸਕਦੇ। ਇਸ ਦੇ ਨਤੀਜੇ ਵਜੋਂ ਪੇਂਡੂ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਹੀ ਘੱਟ ਹੈ। ਇਸ ਦੇ ਨਾਲ-ਨਾਲ ਉੱਚੀਆਂ/ਜ਼ਿਆਦਾ ਫੀਸਾਂ ਵਾਲੇ ਸ਼ਹਿਰੀ/ਪੇਂਡੂ ਸਕੂਲਾਂ ਦੇ ਮੁਕਾਬਲੇ ਪੇਂਡੂ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਬਹੁਤ ਹੀ ਨੀਵੇਂ ਮਿਆਰ ਦੀਆਂ ਅਤੇ ਉਹ ਵੀ ਸਹੂਲਤਾਂ-ਵਿਹੂਣੀਆਂ ਹਨ। ਇਹਨਾਂ ਸਕੂਲਾਂ ਦੇ ਕਮਰਿਆਂ, ਫਰਨੀਚਰ, ਬੋਰਡਾਂ, ਬਿਜਲੀ ਅਤੇ ਇਲੈਕਟਰੋਨਿਕ ਉਪਕਰਣਾਂ, ਲਾਇਬਰੇਰੀਆਂ, ਪਖਾਨਿਆਂ, ਖੇਡ ਦੇ ਮੈਦਾਨਾਂ ਆਦਿ ਦੀ ਚੁਭਵੀਂ ਘਾਟ ਦੇ ਨਾਲ-ਨਾਲ ਉਹਨਾਂ ਤੋਂ ਕਿਤੇ ਵੱਡੀ ਘਾਟ ਯੋਗ ਅਧਿਆਪਕਾਂ ਦੀ ਹੈ। ਕੁਝ ਸਕੂਲਾਂ ਵਿੱਚ ਤਾਂ ਇੱਕ ਹੀ ਅਧਿਆਪਕ ਨਾਲ ਕੰਮ ਚਲਾਇਆ ਜਾ ਰਿਹਾ ਹੈ। ਪੇਂਡੂ ਸਕੂਲਾਂ ਦੇ ਇਹ ਸਾਰੇ ਪੱਖ ਪੰਜਾਬ ਦੇ ਪਿੰਡਾਂ ਦੇ ਘਰਾਂ ਦੇ ਖੋਲ਼ੇ ਬਣਨ ਦੇ ਨਾਲ-ਨਾਲ ਇੱਥੋਂ ਦੇ ਸਕੂਲਾਂ ਦੇ ਵੀ ਖੋਲ਼ੇ ਬਣਾਏ ਜਾਣ ਬਾਰੇ ਦੁੱਖਦਾਈ ਸੁਨੇਹਾ ਦੇ ਰਹੇ ਹਨ।

ਮਨੁੱਖੀ ਜ਼ਿੰਦਗੀ ਦੀ ਬਿਹਤਰੀ ਲਈ ਮਨੁੱਖਾਂ ਦਾ ਵਿੱਦਿਆ ਪੱਧਰ ਬਹੁਤ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਪਿੰਡਾਂ ਵਿੱਚ ਰਹਿਣ ਵਾਲੇ ਜ਼ਿਆਦਾ ਲੋਕਾਂ ਦਾ ਵਿੱਦਿਆ ਪੱਧਰ ਕਾਫ਼ੀ ਨੀਵਾਂ ਹੈ। ਇਹਨਾਂ ਦੇ ਵਿੱਦਿਆ ਪੱਧਰ ਨੂੰ ਉੱਚਾ ਚੁੱਕਣ ਲਈ ਸਕੂਲਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਨਾਲ-ਨਾਲ ਪੜ੍ਹਨ ਵਾਲੇ ਬੱਚਿਆਂ ਦਾ ਤੰਦਰੁਸਤ ਹੋਣਾ ਵੀ ਜ਼ਰੂਰੀ ਹੁੰਦਾ ਹੈ। ਪੇਂਡੂ ਬੱਚਿਆਂ ਦੀ ਤੰਦਰੁਸਤੀ ਲਈ ਜ਼ਰੂਰੀ ਹੈ ਕਿ ਪਿੰਡਾਂ ਵਿੱਚ ਹਸਪਤਾਲ ਹੋਣ ਅਤੇ ਇਹਨਾਂ ਹਸਪਤਾਲਾਂ ਵਿੱਚ ਡਾਕਟਰ, ਪੈਰਾ-ਮੈਡੀਕਲ ਸਟਾਫ਼, ਲੋੜੀਂਦੇ ਉਪਕਰਨ ਅਤੇ ਗ਼ਰੀਬਾਂ ਲਈ ਮੁਫ਼ਤ ਦਵਾਈਆਂ ਹੋਣ। ਪੰਜਾਬ ਦੇ ਪਿੰਡਾਂ ਵਿੱਚ ਸਰਕਾਰੀ ਹਸਪਤਾਲ ਬਹੁਤ ਹੀ ਘੱਟ ਹਨ, ਸਿਰਫ਼ ਕਾਫ਼ੀ ਪਿੰਡਾਂ ਪਿੱਛੇ ਸਿਰਫ਼ ਇੱਕ ਪਰਾਇਮਰੀ ਹੈਲਥ ਸੈਂਟਰ ਦਿਖਾਈ ਦਿੰਦਾ ਹੈ, ਪਰ ਲੋੜੀਂਦੀਆਂ ਸਹੂਲਤਾਂ ਦੇ ਪੱਖੋਂ ਉਹ ਵੀ ਅਕਸਰ ਬਿਮਾਰ ਹੀ ਰਹਿੰਦਾ ਹੈ। ਨਤੀਜੇ ਵਜੋਂ ਪੇਂਡੂ ਲੋਕਾਂ ਦੇ ਇਲਾਜ ਦੀ ਘਾਟ ਅਕਸਰ ਉਹਨਾਂ ਦੇ ਬਿਮਾਰ ਰਹਿਣ ਜਾਂ ਮਰਨ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ ਅਤੇ ਅਜਿਹੀਆਂ ਹਾਲਤਾਂ ਵਿੱਚ ਜਦੋਂ ਪੇਂਡੂ ਬੱਚੇ ਤੰਦਰੁਸਤ ਰਹਿ ਹੀ ਨਹੀਂ ਸਕਦੇ ਤਾਂ ਉਹ ਆਪਣਾ ਵਿੱਦਿਆ ਦਾ ਪੱਧਰ ਕਿਵੇਂ ਉੱਪਰ ਚੁੱਕ ਸਕਦੇ ਹਨ। ਇਸ ਤੋਂ ਬਿਨਾਂ ਪਿੰਡਾਂ ਅਤੇ ਪੇਂਡੂ ਅਰਥਚਾਰੇ ਦੇ ਵਿਕਾਸ ਲਈ ਤੰਦਰੁਸਤ ਕਾਮਿਆਂ ਦੀ ਲੋੜ ਹੁੰਦੀ ਤਾਂ ਜੋ ਉਹ ਆਪਣੀ ਉਤਪਾਦਕਤਾ ਅਤੇ ਉਤਪਾਦਨ ਵਧਾ ਸਕਣ ਦੇ ਨਾਲ-ਨਾਲ ਪੇਂਡੂ ਇਲਾਕਿਆਂ ਦੇ ਸਾਂਝੇ ਕੰਮਾਂ ਵਿੱਚ ਵੀ ਆਪਣਾ ਯੋਗਦਾਨ ਪਾ ਸਕਣ, ਪਰ ਹਸਪਤਾਲਾਂ, ਲੋੜੀਂਦੇ ਸਟਾਫ਼ ਅਤੇ ਦਵਾਈਆਂ



ਦੀ ਘਾਟ ਕਾਰਨ ਪੇਂਡੂ ਕਾਮੇ ਅਕਸਰ ਹੀ ਬਿਮਾਰੀਆਂ ਦਾ ਸ਼ਿਕਾਰ ਰਹਿੰਦੇ ਹਨ।

ਪਿੰਡਾਂ ਵਿੱਚ ਸਾਂਝੀਆਂ ਥਾਵਾਂ ਪਿੰਡਾਂ ਨੂੰ ਚੰਗੀ ਦਿੱਖ ਦੇਣ ਅਤੇ ਉੱਥੇ ਰਹਿਣ ਵਾਲੇ ਲੋਕਾਂ ਦੇ ਸਮਾਜਿਕ-ਸਭਿਆਚਾਰਕ ਪੱਖਾਂ ਨੂੰ ਮਜ਼ਬੂਤ ਬਣਾਉਂਦੀਆਂ ਹਨ। ਪਿੰਡਾਂ ਵਿੱਚ ਸਾਂਝੀਆਂ ਥਾਵਾਂ ਵਿੱਚ ਧਰਮਸ਼ਾਲਾ, ਦਰਵਾਜਾ, ਚੌਤਰਾ, ਹਲਟੀ, ਭੱਠੀ, ਮੜ੍ਹੀਆਂ, ਧਾਰਮਿਕ ਸਥਾਨ ਆਉਂਦੇ ਹਨ। ਇਹਨਾਂ ਸਾਂਝੀਆਂ ਥਾਵਾਂ ਵਿੱਚੋਂ ਸਿਰਫ਼ ਧਾਰਮਿਕ ਸਥਾਨਾਂ ਦੀ ਹੀ ਤਰੱਕੀ ਹੋਈ, ਪਰ ਉਹ ਵੀ ਇਹਨਾਂ ਦੀਆਂ ਬਿਲਡਿੰਗਾਂ ਅਤੇ ਹੋਰ ਸਾਜੋ-ਸਮਾਨ ਦੇ ਰੂਪ ਵਿੱਚ। ਇੱਕੋ ਧਰਮ ਨੂੰ ਮੰਨਣ ਵਾਲੇ ਜਾਤਾਂ ਦੇ ਆਧਾਰ ਉੱਤੇ ਵੱਖ-ਵੱਖ ਬਿਲਡਿੰਗਾਂ ਦੇ ਉਸਾਰਨ ਦਾ ਮੁਕਾਬਲਾ ਕਰਦੇ ਦੇਖੇ ਜਾਂਦੇ ਹਨ, ਜਦੋਂ ਕਿ ਧਾਰਮਿਕ ਕਿਤਾਬਾਂ ਨੂੰ ਪੜ੍ਹਨ, ਸਮਝਣ ਅਤੇ ਅਮਲ ਕਰਨ ਦੇ ਪੱਖ ਤੋਂ ਤਸਵੀਰ ਅਕਸਰ ਵਧੀਆ ਦਿਖਾਈ ਨਹੀਂ ਦਿੰਦੀ। ਮੜ੍ਹੀਆਂ ਦੀ ਲੋੜ ਸਾਰਿਆਂ ਨੂੰ ਪੈਂਦੀ ਹੈ, ਪਰ ਉਹ ਵੀ ਜਾਤਾਂ, ਪੱਤੀਆਂ, ਪਾਸਿਆਂ ਆਦਿ ਦੇ ਆਧਾਰ ਉੱਪਰ ਵੰਡੀਆਂ ਹੋਈਆ ਗ਼ੈਰ-ਮਨੁੱਖੀ ਵਿਵਹਾਰ ਦਾ ਪ੍ਰਗਟਾਵਾ ਕਰਦੀਆਂ ਹਨ। ਆਮ ਕਰਕੇ ਇਹਨਾਂ ਮੜ੍ਹੀਆਂ ਵਿੱਚ ਬੁਨਿਆਦੀ ਸਹੂਲਤਾਂ ਦੀ ਘਾਟ ਰੜਕਦੀ ਰਹਿੰਦੀ ਹੈ। ਧਰਮਸ਼ਾਲਾ, ਦਰਵਾਜਾ, ਹਲਟੀ ਅਤੇ ਖੂੰਡ ਜਾਂ ਚੌਤਰੇ ਲੋਕਾਂ ਦੀਆਂ ਸੱਥਾਂ ਦੇ ਕੰਮ ਆਉਂਦੇ ਸਨ, ਪਰ ਅੱਜ ਦੇ ਪਦਾਰਥਵਾਦੀ ਅਤੇ ਨਿੱਜਵਾਦੀ ਯੁੱਗ ਵਿੱਚ ਇਹ ਸਾਰੇ ਖੋਲ਼ੇ ਬਣ ਗਏ ਹਨ। ਇਹਨਾਂ ਸੱਥਾਂ ਵਿੱਚ ਪਿੰਡ ਦੇ ਸਾਂਝੇ ਕੰਮਾਂ, ਰਾਜਸੀ ਸਰਗਰਮੀਆਂ ਆਦਿ ਬਾਰੇ ਵਿਚਾਰ-ਵਟਾਂਦਰਾ ਹੁੰਦਾ ਸੀ, ਜਿਹੜਾ ਬਹੁਤ ਹੀ ਨੀਵੇਂ ਪੱਧਰ ਉੱਪਰ ਆ ਗਿਆ। ਪਿੰਡ ਦੀ ਭੱਠੀ ਪਿੰਡ ਦੀ ਸ਼ਾਨ ਹੁੰਦੀ ਸੀ ਅਤੇ ਲੋਕਾਂ ਲਈ ਭੁੰਨੇ ਹੋਏ ਦਾਣੇ ਲੋਕਾਂ ਨੂੰ ਤੰਦਰੁਸਤ ਰੱਖਦੇ ਸਨ, ਜਿਹਨਾਂ ਦੀ ਜਗਾਹ ਤਲੇ ਹੋਏ ਪਦਾਰਥਾਂ/ਜੰਕਫੂਡ ਨੇ ਲੈ ਲਈ ਜਿਹੜੇ ਅਨੇਕਾਂ ਬਿਮਾਰੀਆਂ ਪੈਦਾ ਕਰਦੇ ਹਨ। ਮਸ਼ੀਨੀਕਰਨ ਨੇ ਪੇਂਡੂ ਲੋਹਾਰਾਂ, ਤਰਖਾਨਾਂ ਆਦਿ ਦੇ ਛੋਟੇ ਕਾਰਖਾਨਿਆਂ ਦੇ ਵੀ ਖੋਲ਼ੇ ਬਣਾ ਦਿੱਤੇ ਹਨ।

ਪੰਜਾਬ ਦੇ ਪਿੰਡਾਂ ਦੇ ਖੋਲ਼ੇ ਬਣਨ ਦਾ ਸਭ ਤੋਂ ਅਹਿਮ ਕਾਰਨ ਪਿੰਡਾਂ ਵਿੱਚੋਂ ਮਨੁੱਖਾਂ ਦਾ ਪਰਵਾਸ ਹੈ। ਇਹ ਪਰਵਾਸ ਪਿੰਡਾਂ ਤੋਂ ਸ਼ਹਿਰਾਂ ਅਤੇ ਪਿੰਡਾਂ ਤੋਂ ਵਿਦੇਸ਼ਾਂ ਵੱਲ ਹੋਇਆ ਅਤੇ ਹੋ ਰਿਹਾ ਹੈ। ਪੰਜਾਬ ਦੇ ਪਿੰਡਾਂ ਤੋਂ ਸ਼ਹਿਰਾਂ ਵੱਲ ਲੋਕਾਂ ਦਾ ਪਰਵਾਸ ਦੋ ਕਾਰਨਾਂ ਕਰਕੇ ਹੋਇਆ ਹੈ। ਇਸ ਦਾ ਪਹਿਲਾ ਕਾਰਨ ਇਹ ਹੈ ਕਿ ਪਿੰਡਾਂ ਵਿੱਚ ਚੰਗੇ ਵਿੱਦਿਅਕ ਅਦਾਰਿਆਂ ਦੀ ਭਾਰੀ ਘਾਟ ਹੈ ਜਿਸ ਕਰਕੇ ਪਿੰਡਾਂ ਦੇ ਖੁਸ਼ਹਾਲ ਲੋਕ ਆਪਣੇ ਬੱਚਿਆਂ ਦੀ ਪੜ੍ਹਾਈ ਲਈ ਸ਼ਹਿਰਾਂ ਵਿੱਚ ਪਰਵਾਸ ਕਰ ਗਏ। ਪੰਜਾਬ ਦੇ ਪਿੰਡਾਂ ਤੋਂ ਸ਼ਹਿਰਾਂ ਵੱਲ ਲੋਕਾਂ ਦੇ ਪਰਵਾਸ ਦਾ ਦੂਜਾ ਕਾਰਨ ਪਿੰਡਾਂ ਵਿੱਚ ਰੁਜ਼ਗਾਰ ਦੇ ਮੌਕਿਆਂ ਦਾ ਲਗਾਤਾਰ ਘਟਣਾ ਹੈ। ਜਨਗਣਨਾ 2011 ਦੇ ਅੰਕੜਿਆਂ ਅਨੁਸਾਰ ਪੰਜਾਬ ਦੇ ਕਿਸਾਨਾਂ ਦੀ ਗਿਣਤੀ ਵਿੱਚ 12 ਫ਼ੀਸਦ ਅਤੇ ਖੇਤ ਮਜ਼ੂਰਾਂ ਦੀ ਗਿਣਤੀ ਵਿੱਚ 21 ਫ਼ੀਸਦ ਕਮੀ ਦਰਜ ਕੀਤੀ ਗਈ ਹੈ। ਪੰਜਾਬ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਗਿਣਤੀ ਵਿੱਚ ਇਹ ਕਮੀ ਖੇਤੀਬਾੜੀ ਖੇਤਰ ਵਿੱਚ ਰੁਜ਼ਗਾਰ ਦੇ ਲਗਾਤਾਰ ਘਟਦੇ ਮੌਕਿਆਂ ਕਾਰਨ ਹੋਈ ਹੈ ਜਿਸ ਲਈ ਦੇਸ਼ ਦੇ ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ ਪੰਜਾਬ ਵਿੱਚ ਅਪਣਾਈ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਵਿੱਚ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਲਗਾਤਾਰ ਵਧਦੀ ਵਰਤੋਂ ਜ਼ਿੰਮੇਵਾਰ ਹੈ। ਕੇਂਦਰ ਅਤੇ ਸੂਬਾ ਸਰਕਾਰ ਨੇ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਉਦਯੋਗਿਕ ਅਤੇ ਸੇਵਾਵਾਂ ਖੇਤਰਾਂ ਦੇ ਵਿਕਾਸ ਵੱਲ ਬਣਦਾ ਧਿਆਨ ਨਹੀਂ ਦਿੱਤਾ ਜਿਸ ਕਾਰਨ ਖੇਤੀਬਾੜੀ ਖੇਤਰ ਵਿੱਚੋਂ ਵਿਹਲੇ ਕੀਤੇ ਗਏ ਕਾਮੇ ਮਜ਼ਬੂਰੀਵਸ ਸਹਿਰਾਂ ਵੱਲ ਜਾ ਰਹੇ ਹਨ। ਪਿੰਡਾਂ ਤੋਂ ਸ਼ਹਿਰਾਂ ਵੱਲ ਪਰਵਾਸ ਦਾ ਇੱਕ ਪ੍ਰਮੁੱਖ ਕਾਰਨ ਇਹ ਵੀ ਹੈ ਕਿ ਕੇਂਦਰ ਸਰਕਾਰ ਦੀਆਂ ਖੇਤੀਬਾੜੀ ਨੀਤੀਆਂ ਨੇ ਖੇਤਬਾੜੀ ਖੇਤਰ ਨੂੰ ਇੱਕ ਘਾਟੇ ਵਾਲਾ ਧੰਦਾ ਬਣਾ ਦਿੱਤਾ ਹੈ। ਲੇਖਕ ਅਤੇ ਉਸਦੀ ਨਿਗਰਾਨੀ ਹੇਠ ਕੀਤੇ ਗਏ ਵੱਖ-ਵੱਖ ਖੋਜ ਕਾਰਜ ਇਹ ਤੱਥ ਸਾਹਮਣੇ ਲਿਆਏ ਹਨ ਕਿ ਪੰਜਾਬ ਦੇ ਬਹੁਤ ਜ਼ਿਆਦਾ ਕਿਸਾਨ ਅਤੇ ਸਾਰੇ ਖੇਤ ਮਜ਼ਦੂਰ ਕਰਜ਼ੇ ਅਤੇ ਗ਼ਰੀਬੀ ਵਿੱਚ ਜਨਮ ਲੈਂਦੇ ਹਨ, ਕਰਜ਼ੇ ਅਤੇ ਗ਼ਰੀਬੀ ਵਿੱਚ ਔਖੀ ਦਿਨਕਟੀ ਕਰਦੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕਰਜ਼ੇ ਦਾ ਪਹਾੜ ਅਤੇ ਘੋਰ ਗ਼ਰੀਬੀ ਛੱਡਕੇ ਜਾਂ ਤਾਂ ਤੰਗੀਆਂ-ਤੁਰਸ਼ੀਆਂ ਵਾਲੀ ਮੌਤ ਮਰ ਜਾਂਦੇ ਹਨ ਜਾਂ ਖ਼ੁਦਕੁਸ਼ੀਆਂ ਦੇ ਰਾਹ ਵੀ ਪੈਣ ਲੱਗੇ ਹਨ।

ਇਤਿਹਾਸਕ ਤੌਰ ਉੱਤੇ ਸਭ ਤੋਂ ਪਹਿਲਾਂ ਅਤੇ ਲੰਬੇ ਸਮੇਂ ਲਈ ਪੰਜਾਬ ਦੇ ਪਿੰਡਾਂ ਤੋਂ ਵਿਦੇਸ਼ਾਂ ਨੂੰ ਪਰਵਾਸ ਮੁੱਖ ਤੌਰ ਉੱਤੇ ਦੁਆਬੇ ਖੇਤਰ ਤੋਂ ਹੁੰਦਾ ਰਿਹਾ। ਸੂਬੇ ਅਤੇ ਦੇਸ਼ ਵਿੱਚ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਕਾਰਨ ਹੁਣ ਪਰਵਾਸ ਪੰਜਾਬ ਦੇ ਮਾਝੇ, ਦੁਆਬੇ ਅਤੇ ਮਾਲਵੇ ਖੇਤਰਾਂ ਤੋਂ ਪਿੰਡਾਂ ਦੇ ਨੌਜਵਾਨ ਬੱਚਿਆਂ ਦਾ ਪੜ੍ਹਾਈ ਲਈ ਹੋ ਰਿਹਾ ਹੈ। ਇਹ ਪਰਵਾਸ ਇਹਨਾਂ ਬੱਚਿਆਂ ਲਈ ਤਾਂ ਲਾਹੇਵੰਦ ਹੋ ਸਕਦਾ ਹੈ, ਪਰ ਇਹ ਸੂਬੇ ਅਤੇ ਪੂਰੇ ਦੇਸ਼ ਲਈ ਅਨੇਕਾਂ ਸਮੱਸਿਆਵਾਂ ਖੜ੍ਹੀਆਂ ਕਰ ਰਿਹਾ ਜਿਹਨਾਂ ਵਿੱਚ ਬਰੇਨ-ਡਰੇਨ ਅਤੇ ਕੈਪੀਟਲ-ਡਰੇਨ ਦੀਆਂ ਸਮੱਸਿਆਵਾਂ ਬਹੁਤ ਅਹਿਮ ਹਨ ਜੋ ਸਾਡੇ ਲਈ ਹੋਰ ਅਨੇਕਾਂ ਸਮੱਸਿਆਵਾਂ ਪੈਦਾ ਕਰਨਗੀਆਂ।

ਪੰਜਾਬ ਦੇ ਪਿੰਡਾਂ ਨੂੰ ਖੋਲ਼ੇ ਬਣਾਉਣ ਲਈ ਸਰਕਾਰ ਅਤੇ ਸਮਾਜ ਦੋਨੋਂ ਜ਼ਿੰਮੇਵਾਰ ਹਨ। ਕੇਂਦਰ ਸਰਕਾਰ ਨੇ ਆਪਣੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਖੇਤੀਬਾੜੀ ਦੀ ਉਹ ਜੁਗਤ ਅਪਣਾਈ ਜਿਸ ਨੇ ਰੁਜ਼ਗਾਰ ਦੇ ਮੌਕਿਆਂ ਨੂੰ ਵੱਡੇ ਪੱਧਰ ਉੱਪਰ ਘਟਾਇਆ। ਕੇਂਦਰ ਅਤੇ ਸੂਬਾ ਸਰਕਾਰਾਂ ਨੇ ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਰੁਜ਼ਗਾਰ ਦੇ ਮੌਕੇ ਵਧਾਉਣ ਵਿੱਚ ਨਾ ਤਾਂ ਬਣਦੀ ਰੁਚੀ ਦਿਖਾਈ ਅਤੇ ਨਾ ਹੀ ਬਣਦੇ ਉਪਰਾਲੇ ਕੀਤੇ। ਸਰਕਾਰਾਂ ਦੇ ਨਾਲ-ਨਾਲ ਇਸ ਸੰਬੰਧ ਵਿੱਚ ਪੰਜਾਬ ਦੇ ਪਿੰਡਾਂ ਦੇ ਲੋਕਾਂ ਵੱਲ ਸਮਾਜ ਦੀ ਬੇਰੁੱਖੀ ਵੀ ਪੰਜਾਬ ਦੇ ਪਿੰਡਾਂ ਨੂੰ ਖੋਲ਼ੇ ਬਣਾਉਣ ਲਈ ਜ਼ਿੰਮੇਵਾਰ ਹੈ। ਰਾਸ਼ਟਰੀ ਆਮਦਨ ਵਿੱਚੋਂ ਉਹਨਾਂ ਬਣਦਾ ਹਿੱਸਾ ਨਾ ਦੇਣਾ ਅਤੇ ਇਸ ਤੋਂ ਵੱਧ ਸਰਕਾਰ ਵਲੋਂ ਪੈਦਾ ਕੀਤੀਆਂ ਹੋਈਆਂ ਸਮੱਸਿਆਵਾਂ ਲਈ ਪੇਂਡੂ ਲੋਕਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਅਤੇ ਉਹਨਾਂ ਬਾਰੇ ਵੱਖ-ਵੱਖ ਤਰ੍ਹਾਂ ਦੇ ਕੂੜ ਪ੍ਰਚਾਰ ਕਰਨਾ ਸਮਾਜ ਦੇ ਉਹ ਨਿਕਾਰਆਤਮਕ ਸੋਚ ਦੇ ਪੱਖ ਹਨ ਜਿਹਨਾਂ ਨੇ ਇਸ ਸਮੱਸਿਆ ਨੂੰ ਹੋਰ ਵਧਾਇਆ ਹੈ।

ਪੰਜਾਬ ਦੇ ਪਿੰਡਾਂ ਦੇ ਖੋਲ਼ੇ ਬਣਨ ਨਾਲ ਨੁਕਸਾਨ ਸਿਰਫ਼ ਪੰਜਾਬ ਦੇ ਪਿੰਡਾਂ ਵਾਲਿਆਂ ਦਾ ਹੀ ਨਹੀਂ ਹੋਣਾ, ਸਗੋਂ ਇਸਦਾ ਵੱਡਾ ਨੁਕਸਾਨ ਦੇਸ਼ ਅਤੇ ਸ਼ਹਿਰਾਂ ਵਿੱਚ ਰਹਿਣ ਵਾਲਿਆਂ ਦਾ ਹੋਵੇਗਾ। ਦੇਸ਼ ਦੀ ਭੁੱਖਮਰੀ ਦੀ ਸਮੱਸਿਆ ਨੂੰ ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਨੇ ਹੀ ਹੱਲ ਕੀਤਾ ਸੀ। ਹੁਣ ਜੇਕਰ ਪਿੰਡਾਂ ਨੂੰ ਖੋਲ਼ੇ ਬਣਾ ਦਿੱਤਾ ਗਿਆ ਤਾਂ ਫੇਰ ਤੋਂ ਕੇਂਦਰ ਸਰਕਾਰ ਨੂੰ ਵਿਦੇਸ਼ਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ।


ਦੇਸ਼ ਅਤੇ ਸਮਾਜ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੇਂ ਦੀ ਲੋੜ ਹੈ ਕਿ ਪੰਜਾਬ ਦੇ ਪਿੰਡਾਂ ਨੂੰ ਖੋਲ਼ੇ ਬਣਨ ਤੋਂ ਬਚਾਇਆ ਜਾਵੇ। ਇਹ ਸੰਬੰਧ 'ਪਿੰਡ ਬਚਾਉ, ਪੰਜਾਬ ਬਚਾਉ ਸੰਸਥਾ' ਦੇ ਉਪਰਾਲੇ ਸਲਾਘਾਯੋਗ ਹਨ। ਕੇਂਦਰ ਅਤੇ ਸੂਬਾ ਸਰਕਾਰ ਨੂੰ ਪੰਜਾਬ ਦੇ ਪਿੰਡਾਂ ਵਿੱਚ ਰੁਜ਼ਗਾਰ ਅਤੇ ਆਮਦਨ ਨੂੰ ਘੱਟੋ-ਘੱਟ ਉਸ ਪੱਧਰ ਤੱਕ ਵਧਾਉਣਾ ਹੋਵੇਗਾ ਜਿਸ ਨਾਲ ਪਿੰਡਾਂ ਵਿੱਚ ਰਹਿਣ ਵਾਲੇ ਸਰਕਾਰ ਉੱਪਰ ਮਾਣ ਕਰ ਸਕਣ। ਇਸ ਲਈ ਖੇਤੀਬਾੜੀ ਖੇਤਰ ਨੂੰ ਨਫ਼ੇ ਵਾਲਾ ਬਣਾਉਣਾ, ਸਕੂਲਾਂ ਅਤੇ ਹਸਪਤਾਲਾਂ ਦੀ ਗਿਣਤੀ ਨੂੰ ਲੋੜਾਂ ਅਨੁਸਾਰ ਵਧਾਉਣਾ ਅਤੇ ਉਹਨਾ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਨੂੰ ਮਿਆਰੀ ਬਣਾਉਣਾ, ਪਿੰਡਾਂ ਵਿੱਚ ਗ਼ੈਰ-ਖੇਤੀਬਾੜੀ ਖੇਤਰ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ, ਪਿੰਡਾਂ ਦੇ ਬੁਨਿਆਦੀ ਢਾਂਚੇ ਦਾ ਲੋੜੀਂਦਾ ਵਿਕਾਸ ਕਰਨਾ, ਆਦਿ ਸਹਾਈ ਹੋ ਸਕਦੇ ਹਨ।

# ਰੁਸਤਮ-ਏ-ਹਿੰਦ ਪਹਿਲਵਾਨ ਦਾਰਾ ਸਿੰਘ



ਪ੍ਰਮੋਦ ਧੀਰ ਜੈਤੋ
91-98550-31081

ਪਹਿਲਵਾਨ ਦਾਰਾ ਸਿੰਘ ਦਾ ਜਨਮ 19 ਨਵੰਬਰ 1928 ਨੂੰ ਅੰਮ੍ਰਿਤਸਰ ਜਿਲੇ ਦੇ ਪਿੰਡ ਧਰਮੂਚੱਕ ਵਿਖੇ ਪਿਤਾ ਸੂਰਤ ਸਿੰਘ ਦੇ ਘਰ ਮਾਤਾ ਬਲਵੰਤ ਕੌਰ ਦੀ ਕੁੱਖੋਂ ਹੋਇਆ। ਦਾਰਾ ਸਿੰਘ ਦਾ ਅਸਲੀ ਨਾਂ ਦੀਦਾਰ ਸਿੰਘ ਰੰਧਾਵਾ ਸੀ। 1954 ਵਿੱਚ ਦਾਰਾ ਸਿੰਘ ਰੁਸਤਮ-ਏ-ਪੰਜਾਬ, ਰੁਸਤਮ-ਏ-ਹਿੰਦ ਤੇ ਬਾਅਦ ਵਿੱਚ ਰੁਸਤਮ-ਏ-ਜਹਾਂ ਬਣੇ। ਉਹ 2003 ਤੋਂ 2009 ਤੱਕ ਸਭਾ ਦੇ ਮੈਂਬਰ ਵੀ ਰਹੇ। ਦਾਰਾ ਸਿੰਘ ਨੂੰ ਘਰ ਵਾਲੇ ਪਿਆਰ ਨਾਲ ਦਾਰੀ ਕਹਿ ਕੇ ਬੁਲਾਉਂਦੇ। ਉਹਨਾਂ ਦੇ ਪਿਤਾ ਨਹੀਂ ਚਾਹੁੰਦੇ ਸਨ ਕਿ ਦਾਰਾ ਪਹਿਲਵਾਨ ਬਣੇ ਪਰ ਜਦੋਂ ਉਸ ਦੇ ਚਾਚੇ ਨੇ ਆਪਣੇ ਭਤੀਜੇ ਦਾ ਰੁਝਾਨ ਪਹਿਲਵਾਨੀ ਵੱਲ ਵੇਖਿਆ ਤਾਂ ਉਹਨਾਂ ਨੇ ਦਾਰਾ ਸਿੰਘ ਨੂੰ ਉਤਸ਼ਾਹਿਤ ਕੀਤਾ। ਦਾਰਾ ਸਿੰਘ ਦਾ ਕੱਦ 6 ਫੁੱਟ 2 ਇੰਚ , ਭਾਰ 132 ਕਿਲੋ ਤੇ ਛਾਤੀ ਦਾ ਘੇਰਾ 54 ਇੰਚ ਸੀ।



1954 ਵਿੱਚ ਜਦ ਦਾਰਾ ਸਿੰਘ ਸਿੰਗਾਪੁਰ ਗਏ ਤਾਂ ਉਹਨਾਂ ਦਾ ਸੰਪਰਕ ਪਹਿਲਵਾਨ ਜੋਗਿੰਦਰ ਸੁਰਸਿੰਘੀਏ ਨਾਲ ਹੋਇਆ। ਦਾਰਾ ਸਿੰਘ ਉਸ ਤੋਂ ਕੁਸ਼ਤੀ ਦੇ ਦਾਅ-ਪੇਚ ਸਿੱਖਣ ਲੱਗੇ। ਦਾਰਾ ਸਿੰਘ ਨੇ ਰਸਮੀ ਤੌਰ ਤੇ ਪਹਿਲਵਾਨ ਹਰਨਾਮ ਸਿੰਘ ਨੂੰ ਆਪਣਾ ਉਸਤਾਦ ਧਾਰਿਆ । ਦਾਰਾ ਸਿੰਘ ਨੇ 500 ਤੋਂ ਵੱਧ ਕੁਸ਼ਤੀਆਂ ਵਿੱਚ ਭਾਗ ਲਿਆ ਤੇ ਅਣਗਿਣਤ ਜਿੱਤਾਂ ਹਾਸਲ ਕੀਤੀਆਂ। ਦਾਰਾ ਸਿੰਘ ਤੇ ਵਿਸ਼ਵ ਚੈਂਪੀਅਨ ਕਿੰਗ ਕਾਂਗ ਦੀ ਕੁਸ਼ਤੀ ਪੂਰੀ ਦੁਨੀਆ ਵਿੱਚ ਮਸ਼ਹੂਰ ਹੋਈ। ਇਸ ਕੁਸ਼ਤੀ ਵਿੱਚ ਕਿੰਗ ਕਾਂਗ ਨੂੰ ਬੁਰੀ ਤਰਾਂ ਹਾਰ ਦਾ ਸਾਹਮਣਾ ਕਰਨਾ ਪਿਆ। ਫਰੀ ਸਟਾਈਲ ਕੁਸ਼ਤੀ ਦੇ ਵਰਲਡ ਚੈਂਪੀਅਨ ਕਿੰਗ ਕਾਂਗ ਦਾ ਭਾਰ 700 ਪੌਂਡ ਤੇ ਦਾਰਾ ਸਿੰਘ ਦਾ ਭਾਰ 278 ਪੌਂਡ ਸੀ ਫੇਰ ਵੀ ਦਾਰਾ ਸਿੰਘ ਨੇ 13 ਮਿੰਟਾਂ ਵਿੱਚ ਕਿੰਗ ਕਾਂਗ ਨੂੰ ਤਾਰੇ ਵਿਖਾ ਦਿੱਤੇ। 1946 ਵਿੱਚ ਦਾਰਾ ਸਿੰਘ ਸਿੰਗਾਪੁਰ ਤੇ ਮਲਾਇਆ ਦੇ ਚੈਂਪੀਅਨ ਬਣੇ। ਇਸ ਤੋਂ ਬਾਅਦ ਦਾਰਾ ਸਿੰਘ ਨੂੰ ਹੋਰਨਾਂ ਮੁਲਕਾਂ ਤੋਂ ਵੀ ਕੁਸ਼ਤੀਆਂ ਲੜਨ ਦੇ ਸੱਦੇ ਆਉਣ ਲੱਗੇ। ਪੂਰੀ ਦੁਨੀਆ ਵਿੱਚ ਦਾਰਾ- ਦਾਰਾ ਹੋ ਗਈ। ਦਾਰਾ ਸਿੰਘ ਦਾ ਨਾਂ ਪਹਿਲਵਾਨੀ ਦੇ ਨਾਲ-ਨਾਲ ਅਦਾਕਾਰੀ ਲਈ ਵੀ ਜਾਣਿਆ ਜਾਂਦਾ ਹੈ। ਕੁਸ਼ਤੀਆਂ ਦੌਰਾਨ ਹੀ ਇੱਕ ਫਿਲਮ ਪ੍ਰੋਡਿਊਸਰ ਦੀ ਨਜ਼ਰ ਦਾਰਾ ਸਿੰਘ ਉੱਪਰ ਪਈ ਤੇ ਉਹਨਾਂ ਨੂੰ ਫਿਲਮ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ। ਉਨ੍ਹਾਂ 1952 ਵਿੱਚ ਸੰਗ ਦਿਲ ਫਿਲਮ ਰਾਹੀਂ ਆਪਣੇ ਫਿਲਮੀ ਕੈਰੀਅਰ ਦੀ ਸ਼ੁਰੂਆਤ ਕੀਤੀ। ਉਹਨਾਂ ਨੇ ਹਿੰਦੀ, ਪੰਜਾਬੀ, ਗੁਜਰਾਤੀ, ਹਰਿਆਣਵੀ, ਮਲਿਆਲਮ ਤੇ ਤਾਮਿਲ ਸਮੇਤ 100 ਤੋਂ ਵੱਧ ਫਿਲਮਾਂ ਵਿੱਚ ਕੰਮ ਕੀਤਾ ਤੇ 9 ਫਿਲਮਾਂ ਦਾ ਖੁਦ ਨਿਰਦੇਸ਼ਨ ਕੀਤਾ। ਦਾਰਾ ਸ਼ਬਦ ਅੱਜ ਤਾਕਤ ਦਾ ਪ੍ਰਤੀਕ ਬਣ ਗਿਆ ਹੈ । ਅੱਜ ਇੱਕ ਪਿਤਾ ਵੀ ਆਪਣੇ ਕਮਜ਼ੋਰ ਬੱਚੇ ਨੂੰ ਕਹਿੰਦਾ ਹੈ ਪੁੱਤ ਖ਼ਾਇਆ ਪੀਆ ਕਰ ਵੱਡਾ ਹੋ ਕਿ ਦਾਰਾ ਸਿੰਘ ਬਣਨਾ ਜਾਂ ਫਿਰ ਅਕਸਰ ਹੀ ਸੁਣਿਆ ਜਾਂਦਾ ਹੈ ਚੱਲ ਆਇਆ ਵੱਡਾ ਦਾਰਾ। ਇਹ ਮੁਹਾਵਰਾ ਦਾਰਾ ਸਿੰਘ ਦੇ ਜਿਉਂਦੇ ਜੀ ਪੰਜਾਬੀਆਂ ਦੀ ਜੁਬਾਨ ਤੇ ਚੜ ਗਿਆ ਸੀ।



ਖੇਡ ਤੇ ਫਿਲਮ ਜਗਤ ਵਿੱਚ ਆਪਣਾ ਲੋਹਾ ਮਨਾਉਣ ਵਾਲਾ ਇਹ ਹੀਰਾ 13 ਜੁਲਾਈ 2012 ਨੂੰ ਸਾਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਿਆ।

# ਬਾਲ ਦਿਵਸ ਤੇ ਵੀ ਗਰੀਬ ਬਾਲਾਂ ਦਾ ਕੋਈ ਹਾਲ ਪੁੱਛਣ ਵਾਲ਼ਾ ਨਹੀਂ



ਕੁਲਦੀਪ ਚੰਦ
91-9417563054

ਬੱਚੇ ਹਰ ਸਮਾਜ ਦਾ ਭਵਿੱਖ ਹਨ ਅਤੇ ਜੇਕਰ ਅਸੀਂ ਅਪਣਾ ਭਵਿੱਖ ਸੁਨਿਹਰੀ ਬਣਾਉਣਾਂ ਚਾਹੁੰਦੇ ਹਾਂ ਤਾਂ ਦੇਸ਼ ਅਤੇ ਸਮਾਜ ਦੇ ਬੱਚਿਆਂ ਨੂੰ ਵਧੀਆ ਖੁਸ਼ਹਾਲ ਬਚਪਨ ਦੇਣਾ ਪਵੇਗਾ। ਵਿਸ਼ਵ ਪੱਧਰ ਤੇ ਬੱਚਿਆਂ ਦੀ ਮਹੱਤਤਾ ਨੂੰ ਵੇਖਦੇ ਹੋਏ ਵਿਸ਼ਵ ਦੇ ਵੱਖ ਵੱਖ ਭਾਗਾਂ ਅਤੇ ਦੇਸਾਂ ਵਿੱਚ ਵੱਖ ਵੱਖ ਮਹੀਨਿਆਂ ਦੀਆਂ ਵੱਖ ਵੱਖ ਮਿਤੀਆਂ ਨੂੰ ਬਾਲ ਦਿਵਸ ਮਨਾਇਆ ਜਾਂਦਾ ਹੈ। ਜੇਕਰ ਬਾਲ ਦਿਵਸ ਦਾ ਇਤਿਹਾਸ ਵੇਖੀਏ ਤਾਂ ਇਸਦੀ ਸ਼ੁਰੂਆਤ ਜੂਨ 1856 ਵਿੱਚ ਮੈਸਚਿਉਸਟੇਸ ਵਿੱਚ ਯੂਨੀਵਰਸਲ ਚਰਚ ਆਫ ਰਿਡਿਉਮਰ ਦੇ ਪਾਦਰੀ ਡਾਕਟਰ ਚਾਰਲਸ ਲਉਨੇਡ ਨੇ ਦੂਜਾ ਐਤਵਾਰ ਨੂੰ ਕੀਤੀ। ਅਧਿਕਾਰਤ ਤੋਰ ਤੇ ਬਾਲ ਦਿਵਸ ਦੀ ਸ਼ੁਰੂਆਤ ਸਾਲ 1929 ਵਿੱਚ ਟ੍ਰਕੀ ਦੇ ਗਣਤੰਤਰ ਦੁਆਰਾ 23 ਅਪ੍ਰੈਲ ਨੂੰ ਘੋਸ਼ਿਤ ਰਾਸ਼ਟਰੀ ਛੁੱਟੀ ਦੇ ਐਲਾਨ ਨਾਲ ਕੀਤੀ ਗਈ। ਇਸ ਸਬੰਧੀ ਸਮੇਂ ਸਮੇਂ ਤੇ ਕਈ ਅੰਤਰਰਾਸ਼ਟਰੀ ਸੰਸਥਾਵਾਂ ਵਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਭਾਰਤ ਵਿੱਚ 14 ਨਵੰਬਰ ਦਾ ਦਿਨ ਜੋਕਿ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸਵਰਗੀ ਪੰਡਿਤ ਜਵਾਹਰ ਲਾਲ ਨਹਿਰੂ ਦਾ ਜਨਮ ਦਿਨ ਹੈ ਬਾਲ ਦਿਵਸ ਦੇ ਤੋਰ ਤੇ ਮਨਾਇਆ ਜਾਂਦਾ ਹੈ। ਇਸਦੀ ਸ਼ੁਰੁਆਤ 14 ਨਵੰਬਰ, 1964 ਨੂੰ ਕੀਤੀ ਗਈ ਹੈ। ਡਾਕ ਵਿਭਾਗ ਵਲੋਂ ਬਾਲ ਦਿਵਸ ਸਬੰਧੀ ਡਾਕ ਟਿਕਟਾਂ ਜਾਰੀ ਕੀਤੀਆਂ ਗਈਆਂ ਹਨ। ਬੇਸ਼ਕ ਪੂਰੇ ਭਾਰਤ ਵਿੱਚ ਹਰ ਸਾਲ 14 ਨਵੰਬਰ ਨੂੰ ਬਾਲ ਦਿਵਸ ਮਨਾਇਆ ਜਾਂਦਾ ਹੈ ਅਤੇ ਵੱਖ ਵੱਖ ਥਾਵਾਂ ਤੇ ਬੱਚਿਆਂ ਦੀ ਹਾਲਤ ਤੇ ਚਿੰਤਾ ਪ੍ਰਗਟ ਕੀਤੀ ਜਾਂਦੀ ਹੈ ਅਤੇ ਇਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਕੀਮਾਂ ਬਣਾਈਆਂ ਜਾਂਦੀਆਂ ਹਨ। ਸਾਡੇ ਦੇਸ਼ ਵਿੱਚ ਆਮ ਬੱਚਿਆਂ ਦੀ ਖਸਤਾ ਹਾਲਤ ਕਿਸੇ ਤੋਂ ਲੁਕੀ ਨਹੀਂ ਹੈ। ਫਿਲਮੀ ਹੀਰੋ ਅਮੀਰ ਖਾਨ ਨੇ ਵੀ ਅਪਣੇ ਇੱਕ ਪ੍ਰੋਗਰਾਮ ਸਤਿਆਮੇਵ ਜਯਤੇ ਵਿੱਚ ਦੇਸ ਅੰਦਰ ਬੱਚਿਆਂ ਦੀ ਖਸਤਾ ਹਾਲਤ ਬਿਆਨ ਕੀਤੀ ਹੈ। ਸਰਕਾਰ ਵਲੋਂ ਬੱਚਿਆਂ ਦੇ ਵਿਕਾਸ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਹਨ। ਭਾਰਤ ਸਰਕਾਰ ਵਲੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਏਜੰਸੀਆਂ ਦੀ ਮੱਦਦ ਨਾਲ ਹਰ ਸਾਲ ਕਰੋੜਾਂ ਰੁਪਏ ਬੱਚਿਆਂ ਦੇ ਨਾਮ ਤੇ ਖਰਚੇ ਜਾਂਦੇ ਹਨ ਪਰ ਬੱਚਿਆਂ ਦੀ ਹਾਲਤ ਵੇਖਕੇ ਪਤਾ ਲੱਗਦਾ ਹੈ ਕਿ ਇਨ੍ਹਾਂ ਫੰਡਾਂ ਨਾਲ ਕਿਸਦਾ ਵਿਕਾਸ ਹੋ ਰਿਹਾ ਹੈ। ਕਿਸੇ ਹਸਪਤਾਲ ਵਿੱਚ ਆਕਸੀਜਨ ਦੀ ਘਾਟ ਕਾਰਨ ਬੱਚਿਆਂ ਦੀ ਮੌਤ ਹੋਣਾ, ਬੱਚਿਆਂ ਦਾ ਭੁੱਖਮਰੀ ਨਾਲ ਮਰਨਾ ਵਰਗੀਆਂ ਘਟਨਾਵਾਂ ਬਾਲ ਦਿਵਸ ਸਬੰਧੀ ਪੋਲ ਖੋਲਦੀਆਂ ਹਨ। 2011 ਦੀ ਜਣਗਣਨਾ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਲੱਗਭੱਗ 37 ਫਿਸਦੀ ਅਬਾਦੀ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਹੀ ਹੈ। ਬੱਚਿਆਂ ਨਾਲ ਵਾਪਰਨ ਵਾਲੀਆਂ ਅਪਰਾਧਿਕ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਬੇਸ਼ੱਕ ਬਹੁਤੇ ਮਾਮਲੇ ਤਾਂ ਸਾਹਮਣੇ ਹੀ ਨਹੀਂ ਆਂਦੇ ਹਨ ਫਿਰ ਵੀ ਸਾਲ 2014 ਵਿੱਚ ਭਾਰਤ ਵਿੱਚ ਬੱਚਿਆਂ ਨਾਲ ਵਾਪਰਨ ਵਾਲੇ ਅਪਰਾਧਾਂ ਸਬੰਧੀ ਕੁੱਲ 89423 ਮਾਮਲੇ ਰਜਿਸਟਰਡ ਹੋਏ ਸਨ ਜੋਕਿ ਸਾਲ 2015 ਵਿੱਚ ਵੱਧਕੇ 94172 ਹੋ ਗਏ। ਸਕੂਲ ਜਾਣ ਵਾਲੀ ਉਮਰ ਦੇ 4 ਵਿੱਚੋਂ 01 ਬੱਚਾ ਸਕੂਲ ਨਹੀਂ ਜਾਂਦਾ ਹੈ। ਸਿਰਫ 32 ਫਿਸਦੀ ਬੱਚੇ ਹੀ ਅਪਣੀ ਸਕੂਲੀ ਪੜਾਈ ਪੂਰੀ ਕਰਦੇ ਹਨ। ਭਾਰਤ ਵਿੱਚ 5 ਤੋਂ 14 ਸਾਲ ਦੀ ਉਮਰ ਦੇ ਲੱਗਭੱਗ 10.13 ਮਿਲੀਅਨ ਬਾਲ ਮਜਦੂਰ ਕੰਮ ਕਰਦੇ ਹਨ। ਹਰ 08 ਮਿੰਟ ਬਾਦ ਭਾਰਤ ਵਿੱਚ ਇੱਕ ਬੱਚਾ ਲਾਪਤਾ ਹੁੰਦਾ ਹੈ। ਭਾਰਤ ਵਿੱਚ 06 ਸਾਲ ਤੋਂ ਘੱਟ ਉਮਰ ਦੇ ਲੱਗਭੱਗ 19.8 ਮਿਲੀਅਨ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। 06 ਮਹੀਨੇ ਤੋਂ 05 ਸਾਲ ਦੇ 58 ਫਿਸਦੀ ਬੱਚੇ ਅਨੀਮਿਕ ਹਨ। ਭਾਰਤ ਵਿੱਚ ਸਿਰਫ 62 ਫਿਸਦੀ ਬੱਚਿਆਂ ਨੂੰ ਹੀ ਮੁਕੰਮਲ ਟੀਕਾਕਰਣ ਦੀ ਸਹੂਲਤ ਮਿਲਦੀ ਹੈ। ਪੂਰੇ ਵਿਸ਼ਵ ਵਿੱਚ ਹੋਣ ਵਾਲੇ ਬਾਲ ਵਿਆਹਾਂ ਵਿੱਚ ਤੀਜਾ ਹਿੱਸਾ ਭਾਰਤ ਦਾ ਹੀ ਹੈ। ਸਰਕਾਰ ਵਲੋਂ ਬੇਸ਼ੱਕ ਹਰ ਬੱਚੇ ਨੂੰ ਸਿੱਖਿਅਕ ਕਰਨ ਦੇ ਉਦੇਸ਼ ਨਾਲ ਸਿੱਖਿਆ ਦਾ ਅਧਿਕਾਰ ਲਾਗੂ ਕੀਤਾ ਗਿਆ ਹੈ ਪਰ ਅੱਜ ਵੀ ਬਹੁਤੇ ਗਰੀਬ ਘਰਾਂ ਦੇ ਬੱਚੇ ਸਕੂਲ ਜਾਣ ਦੀ ਬਜਾਏ ਕੰਮ ਕਰਨਾ, ਕੂੜੇ ਵਿੱਚੋਂ ਕਬਾੜ ਇਕੱਠਾ ਕਰਨਾ, ਭਿੱਖਿਆ ਮੰਗਣਾ, ਚੰਗਾ ਸਮਝਦੇ ਹਨ। ਸਰਕਾਰ ਵਲੋਂ ਬਾਲ ਮਜ਼ਦੂਰਾਂ ਤੋਂ ਕਿਸੇ ਵੀ ਤਰਾਂ ਦੀ ਮਜ਼ਦੂਰੀ ਲੈਣਾ ਬੇਸ਼ੱਕ ਗੈਰ ਕਨੂੰਨੀ ਕਰਾਰ ਦਿਤਾ ਗਿਆ ਹੈ ਅਤੇ ਬਾਲ ਮਜ਼ਦੂਰੀ ਕਰਵਾਉਣ ਲਈ ਜਿੰਮੇਵਾਰ ਅਧਿਕਾਰੀਆਂ ਅਤੇ ਲੋਕਾਂ ਖਿਲਾਫ ਸਜਾ ਅਤੇ ਜ਼ੁਰਮਾਨਾ ਰੱਖਿਆ ਗਿਆ ਹੈ। ਸਰਕਾਰ ਵਲੋਂ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਸਮੇ-ਸਮੇ ਤੇ ਬਾਲ ਮਜ਼ਦੂਰਾਂ ਬਾਰੇ ਵੀ ਅੰਕੜੇ ਇੱਕਠੇ ਕੀਤੇ ਜਾਂਦੇ ਹਨ ਅਤੇ ਬਾਲ ਮਜਦੂਰੀ ਰੋਕਣ ਲਈ ਨੀਤੀਆਂ ਵੀ ਬਣਾਈਆਂ ਜਾਂਦੀਆਂ ਹਨ। ਪਰ ਸ਼ਾਇਦ ਅਧਿਕਾਰੀਆਂ ਨੂੰ ਸਰਕਾਰ ਦੇ ਹੁਕਮਾਂ ਦੀ ਕੋਈ ਪਰਵਾਹ ਨਹੀ ਹੈ ਕਿਉਂਕਿ ਹਰ ਛੋਟੇ ਵੱਡੇ ਸ਼ਹਿਰ, ਕਸਬੇ ਵਿੱਚ ਬਾਲ ਮਜ਼ਦੂਰਾਂ ਤੋਂ ਕੰਮ ਕਰਵਾਇਆ ਜਾ ਰਿਹਾ ਹੈ ਅਤੇ ਬੱਚਿਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਹੋਟਲਾਂ , ਢਾਬਿਆਂ, ਭੱਠਿਆਂ, ਸੜ੍ਹਕ ਅਤੇ ਬਿਲਡਿੰਗ ਨਿਰਮਾਣ, ਠੇਕੇਦਾਰਾਂ ਵਲੋਂ ਕਰਵਾਏ ਜਾ ਰਹੇ ਕੰਮ ਵਿੱਚ ਲੱਗੇ ਮਜ਼ਦੂਰਾਂ ਵਿੱਚ ਜ਼ਿਆਦਾ ਗਿਣਤੀ ਬਾਲ ਮਜ਼ਦੂਰਾਂ ਦੀ ਹੁੰਦੀ ਹੈ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਇਹਨਾਂ ਬਾਲ ਮਜ਼ਦੂਰਾਂ ਤੋਂ ਜ਼ੋਖਿਮ ਭਰੇ ਕੰਮ ਕਰਵਾਏ ਜਾਂਦੇ ਹਨ ਅਤੇ ਮਜ਼ਦੂਰੀ ਵੀ ਨਾਂ-ਮਾਤਰ ਦਿਤੀ ਜਾਂਦੀ ਹੈ। ਇਹਨਾਂ ਮਜਦੂਰਾਂ ਨੂੰ ਜੋਖਿਮ ਭਰੇ ਕੰਮ ਕਰਨ ਕਾਰਨ ਕਈ ਤਰਾਂ ਦੀਆਂ ਬਿਮਾਰੀਆਂ ਵੀ ਲੱਗਦੀਆਂ ਹਨ ਪਰ ਮਾਲਕਾਂ ਵਲੋਂ ਇਹਨਾਂ ਤੋਂ ਸਿਰਫ ਕੰਮ ਲੈਣ ਤੱਕ ਹੀ ਮਤਲਬ ਰੱਖਿਆ ਜਾਦਾ ਹੈ। ਕਨੂੰਨਨ ਅਪਰਾਧ ਹੋਣ ਅਤੇ ਸਰਕਾਰੀ ਹਦਾਇਤਾਂ ਦੇ ਬਾਬਜੂਦ ਕਈ ਸਰਕਾਰੀ ਅਧਿਕਾਰੀਆਂ ਵਲੋਂ ਵੀ ਅਪਣੇ ਘਰਾਂ ਵਿੱਚ ਛੋਟੇ-ਛੋਟੇ ਬੱਚਿਆਂ ਤੋਂ ਹੀ ਘਰਾਂ ਦੇ ਕੰਮ ਕਰਵਾਏ ਜਾਂਦੇ ਹਨ। ਇਹਨਾਂ ਬਾਲ ਮਜਦੂਰਾਂ ਨੂੰ ਅਜੇ ਤੱਕ ਬਾਲ ਦਿਵਸ ਦੇ ਦਿਹਾੜ੍ਹੇ ਬਾਰੇ ਕੋਈ ਵੀ ਜਾਣਕਾਰੀ ਨਹੀਂ ਹੈ ਅਤੇ ਨਾਂ ਹੀ ਕਿਸੇ ਸਰਕਾਰੀ ਅਧਿਕਾਰੀ ਨੇ ਇਹਨਾਂ ਵੱਲ ਦੇਖਿਆ ਹੈ। ਸਰਕਾਰ ਵਲੋਂ ਸਕੂਲੀ ਬੱਚਿਆਂ ਅਤੇ ਲੜਕੀਆ ਲਈ ਹਰ ਤਰਾਂ ਦੀਆਂ ਸਿਹਤ ਸੇਵਾਵਾਂ ਮੁੱਫਤ ਦੇਣ ਦੇ ਹੁਕਮ ਜਾਰੀ ਕੀਤੇ ਗਏ ਹਨ ਪਰੰਤੂ ਹਕੀਕਤ ਇਹ ਹੈ ਕਿ ਬਹੁਤੇ ਸਰਕਾਰੀ ਸਿਹਤ ਕੇਂਦਰਾਂ ਵਿੱਚ ਪ੍ਰਬੰਧਕਾਂ ਨੂੰ ਵੀ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਹੈ। ਸਰਕਾਰ ਵਲੋਂ ਬੱਚਿਆਂ ਦੇ ਅਧਿਕਾਰਾਂ ਲਈ ਬਾਲ ਆਯੋਗ ਬਣਾਇਆ ਗਿਆ ਹੈ ਪਰੰਤੂ ਇਹ ਆਯੋਗ ਵੀ ਅਕਸਰ ਬੱਚਿਆਂ ਦੀਆਂ ਸਮੱਸਿਆਵਾਂ ਪ੍ਰਤੀ ਚੁੱਪੀ ਧਾਰਕੇ ਰੱਖਦਾ ਹੈ ਅਤੇ ਇਹ ਆਯੋਗ ਬੱਚਿਆਂ ਦੀ ਭਲਾਈ ਦੀ ਥਾਂ ਸਿਰਫ ਅਪਣੇ ਮੈਂਬਰਾਂ ਦੀ ਭਲਾਈ ਤੱਕ ਹੀ ਸੀਮਿਤ ਹੋਕੇ ਰਹਿ ਗਿਆ ਹੈ। ਸਰਕਾਰ ਵਲੋਂ ਬੱਚਿਆਂ ਦੀ ਸੁਰੱਖਿਆ ਅਤੇ ਮੱਦਦ ਲਈ ਚਾਇਲਡ ਹੈਲਪਲਾਇਨ 1098 ਸ਼ੁਰੂ ਕੀਤੀ ਗਈ ਹੈ ਜਿਸ ਅਧੀਨ ਵੱਖ ਵੱਖ ਰਾਜਾਂ ਦੇ ਵੱਖ ਵੱਖ ਜਿਲ੍ਹਿਆਂ ਵਿੱਚ ਦੱਫਤਰ ਖੋਲੇ ਗਏ ਹਨ ਅਤੇ ਇਨ੍ਹਾਂ ਦੇ ਰੱਖ ਰਖਾਵ ਲਈ ਹਰ ਮਹੀਨੇ ਲੱਖਾ ਰੁਪਏ ਖਰਚੇ ਜਾਂਦੇ ਹਨ। ਇਸ ਨੰਬਰ ਤੇ ਬੱਚਿਆਂ ਨਾਲ ਵਾਪਰਨ ਵਾਲੀਆਂ ਅਪਰਾਧਿਕ ਘਟਨਾਵਾ ਸਬੰਧੀ ਬੇਸ਼ੱਕ ਰੋਜਾਨਾਂ ਹਜਾਰਾਂ ਸ਼ਿਕਾਇਤਾਂ ਦਰਜ਼ ਹੁੰਦੀਆਂ ਹਲ ਪ੍ਰੰਤੂ ਅਕਸਰ ਹੀ ਇਨ੍ਹਾਂ ਸ਼ਿਕਾਇਤਾਂ ਤੇ ਕੋਈ ਠੋਸ ਕਾਰਵਾਈ ਨਹੀਂ ਹੁੰਦੀ ਹੈ। ਬੱਚਿਆ ਦੀਆਂ ਸ਼ਿਕਾਇਤਾਂ ਲਈ ਕਾਰਵਾਈ ਕਰਨ ਨੂੰ ਕੋਈ ਵੀ ਅਧਿਕਾਰੀ ਪਹਿਲ ਨਹੀਂ ਕਰਦਾ ਹੈ ਅਤੇ ਬਹੁਤੀਆਂ ਸ਼ਿਕਾਇਤਾਂ ਦਾ ਅਕਸਰ ਹੀ ਰਾਜਨੀਤੀਕਰਣ ਕੀਤਾ ਜਾਂਦਾ ਹੈ ਜਿਸ ਕਾਰਨ ਬੱਚਿਆਂ ਦੀਆਂ ਸਮਸਿਆਵਾਂ ਅਤੇ ਸ਼ਿਕਾਇਤਾਂ ਦਾ ਕੋਈ ਠੋਸ ਹੱਲ ਨਹੀਂ ਹੁੰਦਾ ਹੈ ਅਤੇ ਬੱਚਿਆਂ ਦੀਆਂ ਸਮਸਿਆਵਾਂ ਅਤੇ ਸ਼ਿਕਾਇਤਾ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ। ਸਰਕਾਰ ਵਲੋਂ ਬਾਲ ਦਿਵਸ ਸਬੰਧੀ ਹਰ ਸਾਲ ਲੱਖਾਂ ਰੁਪਏ ਖਰਚਕੇ ਕਰਵਾਏ ਜਾਣ ਵਾਲੇ ਸਮਾਗਮ ਵੀ ਇਨ੍ਹਾਂ ਗਰੀਬ ਬੱਚਿਆਂ ਤੋਂ ਦੂਰ ਹੀ ਰਹਿੰਦੇ ਹਨ ਅਤੇ ਅਜਿਹੇ ਸਮਾਗਮਾਂ ਦਾ ਇਨ੍ਹਾ ਨੂੰ ਕੋਈ ਵੀ ਲਾਭ ਨਹੀਂ ਹੁੰਦਾ ਹੈ। ਜੇਕਰ ਸਰਕਾਰ ਦੇਸ਼ ਦਾ ਭਵਿੱਖ ਮੰਨੇ ਜਾਣ ਵਾਲੇ ਬੱਚਿਆਂ ਦਾ ਵਿਕਾਸ ਕਰਨਾ ਚਾਹੁੰਦੀ ਹੈ ਅਤੇ ਬੱਚਿਆਂ ਨੂੰ ਪੇਸ ਆਣ ਵਾਲੀਆਂ ਸਮੱਸਿਆਵਾਂ ਦਾ ਠੋਸ ਹੱਲ ਕਰਨਾ ਚਾਹੁੰਦੀ ਹੈ ਤਾਂ ਬੱਚਿਆਂ ਦੇ ਵਿਕਾਸ ਲਈ ਅਤੇ ਸਮਸਿਆਵਾਂ ਦੇ ਹੱਲ ਅਤੇ ਸੁਰਖਿੱਆ ਲਈ ਠੋਸ ਨੀਤੀਆਂ ਬਣਾਉਣੀਆਂ ਅਤੇ ਲਾਗੂ ਕਰਨੀਆਂ ਚਾਹੀਦੀਆਂ ਹਨ, ਇਨ੍ਹਾਂ ਨੀਤੀਆਂ ਵਿੱਚ ਦੇਰੀ ਕਰਨ ਵਾਲੇ ਅਧਿਕਾਰੀਆਂ ਖਿਲਾਫ ਠੋਸ ਕਾਰਵਾਈ ਕਰਨੀ ਚਾਹੀਦੀ ਹੈ। ਬਾਲ ਦਿਵਸ ਦਾ ਦਿਹਾੜਾ ਮਨਾਉਣ ਦਾ ਅਸਲੀ ਮਕਸਦ ਉਦੋਂ ਹੀ ਪੂਰਾ ਹੋਵੇਗਾ ਜਦੋਂ ਬੱਚਿਆ ਦੇ ਹੱਕ ਪੂਰੀ ਤਰਾਂ ਸੁਰਖਿਅਤ ਹੋਣਗੇ, ਉਨ੍ਹਾ ਦੀ ਹੋ ਰਹੀ ਲੁਟ ਖਸੁੱਟ ਬੰਦ ਹੋਵੇਗੀ ਅਤੇ ਸਾਰੇ ਬੱਚੇ ਸਕੂਲਾਂ ਵਿੱਚ ਜਾਕੇ ਵਿਦਿਆ ਹਾਸਲ ਕਰਨਗੇ। ਜੇਕਰ ਸਰਕਾਰ ਨੇ ਸਮੇਂ ਸਿਰ ਬੱਚਿਆਂ ਵਿਸੇਸ ਤੋਰ ਤੇ ਆਮ ਬੱਚਿਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ, ਉਨ੍ਹਾਂ ਦੀ ਸੁਰੱਖਿਆ ਅਤੇ ਵਿਕਾਸ ਲਈ ਜਲਦੀ ਕੋਈ ਠੋਸ ਕਾਰਵਾਈ ਨਾਂ ਕੀਤੀ ਤਾਂ ਮਨਾਇਆ ਜਾਣ ਵਾਲਾ ਬਾਲ ਦਿਵਸ ਹੋਰ ਸਮਾਗਮਾਂ ਦੀ ਤਰ੍ਹਾ ਹੀ ਇੱਕ ਖਾਨਾਪੂਰਤੀ ਬਣਕੇ ਰਹਿ ਜਾਵੇਗਾ ਤੇ ਦੇਸ਼ ਦਾ ਭਵਿੱਖ ਜੋਕਿ ਬੱਚਿਆ ਦੇ ਹੱਥਾਂ ਵਿੱਚ ਹੈ ਅੰਧਕਾਰਮਈ ਹੋਵੇਗਾ। ਬੱਚਿਆਂ ਲਈ ਬਾਲ ਦਿਵਸ ਦਾ ਕਦੋਂ ਮਹੱਤਵ ਹੋਉਗਾ ਇਹ ਅਜੇ ਤੱਕ ਵੀ ਇੱਕ ਵੱਡੀ ਬੁਝਾਰਤ ਹੀ ਹੈ।




# ਸਰਕਾਰੀ ਸਕੂਲਾਂ ਦੇ ਪੇਂਡੂ ਵਿਦਿਆਰਥੀਆਂ ਨੂੰ ਉਚੇਰੀ ਵਿਗਿਆਨ ਅਤੇ ਤਕਨੀਕੀ ਸਿੱਖਿਆ ਲਈ ਉਤਸਾਹਿਤ ਕਰਨ ਲਈ ਚੁੱਕੇ ਜਾ ਰਹੇ ਕਦਮ ਸ਼ਲਾਘਾਯੋਗ



ਪ੍ਰਮੋਦ ਧੀਰ ਜੈਤੋ
91-98550-31081

ਸਿੱਖਿਆ ਵਿਭਾਗ ਪੰਜਾਬ ਵੱਲੋਂ ਭਾਰਤ ਸਰਕਾਰ ਦੇ ਉਪਰਾਲਿਆਂ ਤਹਿਤ ਪੇਂਡੂ ਵਿਦਿਆਰਥੀਆਂ ਨੂੰ ਉਚੇਰੀ ਵਿਗਿਆਨ ਅਤੇ ਤਕਨੀਕੀ ਸਿੱਖਿਆ ਦੀ ਪੜ੍ਹਾਈ ਲਈ ਉਤਸਾਹਿਤ ਕਰਨ ਦੀ ਰੂਚੀ ਪੈਦਾ ਕਰਨ ਵਾਸਤੇ ਉਦਯੋਗ ਅਤੇ ਤਕਨੀਕੀ ਸੰਸਥਾਵਾਂ ਨੂੰ ਵਿਜ਼ਿਟ ਕਰਨ ਦੇ ਟੂਰਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ ਜੋ ਕਿ ਸਰਕਾਰ ਦਾ ਇੱਕ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਪੰਜਾਬ ਰਾਜ ਵਿਗਿਆਨ ਅਤੇ ਤਕਨੀਕੀ ਪ੍ਰੀਸ਼ਦ ਚੰਡੀਗੜ੍ਹ ਦੇ ਨਿਰਦੇਸ਼ਾਂ ਤਹਿਤ 30 ਅਕਤੂਬਰ 2017 ਨੂੰ ਜ਼ਿਲਾ ਸਿੱਖਿਆ ਅਫਸਰ (ਸੈ.ਸਿ) ਫਰੀਦਕੋਟ ਮੈਡਮ ਬਲਜੀਤ ਕੌਰ ਨੇ ਜ਼ਿਲਾ ਸਾਇੰਸ ਸੁਪਰਵਾਈਜਰ ਜਸਮਿੰਦਰ ਸਿੰਘ ਹਾਂਡਾ ਦੀ ਅਗਵਾਈ ਹੇਠ ਫਰੀਦਕੋਟ ਜ਼ਿਲੇ ਦੇ ਵੱਖ ਵੱਖ ਸਕੂਲਾਂ ਦੇ ਪੇਂਡੂ ਵਿਦਿਆਰਥੀਆਂ ਦਾ ਇੱਕ ਵਿੱਦਿਅਕ ਟੂਰ ਐੱਨ.ਐੱਫ.ਐੱਲ. ਬਠਿੰਡਾ ਲਈ ਭੇਜਿਆ। ਇਸ ਟੂਰ ਤੇ ਮੈਨੂੰ ਵੀ ਆਪਣੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੋੜੀਕਪੂਰਾ (ਫਰੀਦਕੋਟ) ਦੇ ਵਿਦਿਆਰਥੀਆਂ ਦੀ ਅਗਵਾਈ ਕਰਨ ਲਈ ਨਾਲ ਜਾਣ ਦਾ ਮੌਕਾ ਮਿਲਿਆ। ਇਸ ਟੂਰ ਦੌਰਾਨ ਵਿਦਿਆਰਥੀਆਂ ਨੇ ਨੈਸ਼ਨਲ ਫਰਟੀਲਾਈਜਰ ਲਿਮਿਟਡ ਬਠਿੰਡਾ ਕਾਰਖਾਨੇ ਵਿੱਚ ਜਾ ਕੇ ਯੂਰੀਆ ਖਾਦ ਬਣਨ ਦੇ ਤਰੀਕਿਆਂ, ਵਿਧੀਆਂ, ਮਸ਼ੀਨਰੀ, ਪਲਾਂਟ, ਲੋਡਿੰਗ,ਪੈਕਿੰਗ, ਮਸ਼ੀਨਾਂ ਦੀ ਵਰਕਿੰਗ ਆਦਿ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਹਾਸਲ ਕੀਤੀ। ਇਸ ਵਿੱਦਿਅਕ ਟੂਰ ਦੌਰਾਨ ਫਰੀਦਕੋਟ ਜ਼ਿਲੇ ਦੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ। ਇਸ ਟੂਰ ਦੌਰਾਨ ਐੱਨ.ਐੱਫ.ਐੱਲ. ਬਠਿੰਡਾ ਦੇ ਪਲਾਂਟ ਚਾਲੂ ਹਾਲਤ ਵਿੱਚ ਵਿਜ਼ਿਟ ਕਰਨ ਉਪਰੰਤ ਵਿਦਿਆਰਥੀਆਂ ਨੇ ਵਿਗਿਆਨ ਵਿਸ਼ੇ ਦੀ ਮਹੱਤਤਾ, ਲੋੜ, ਖਾਦਾਂ ਦੀ ਮਹੱਤਤਾ, ਯੂਰੀਆ ਖਾਦਾਂ ਆਦਿ ਤਿਆਰ ਕਰਨ ਦੇ ਪ੍ਰੈਕਟੀਕਲ ਤਰੀਕਿਆਂ ਅਤੇ ਪਲਾਂਟ ਦੀ ਵਰਕਿੰਗ ਬਾਰੇ ਭਰਪੂਰ ਜਾਣਕਾਰੀ ਹਾਸਲ ਕੀਤੀ। ਹਰੇਕ ਵਿਦਿਆਰਥੀ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਟੂਰ ਦੌਰਾਨ ਐੱਨ.ਐੱਫ.ਐੱਲ. ਬਠਿੰਡਾ ਦੇ ਜੀ.ਐੱਮ. ਇੰਚਾਰਜ ਸੁਨੀਲ ਅਰੋੜਾ ਜੀ, ਡਿਪਟੀ ਮੈਨੇਜਰ ਹੇਮੰਤ ਜੀ, ਸੁਆਮੀ ਜੀ, ਸੀਨੀਅਰ ਮੈਨੇਜਰ ਪਬਲਿਕ ਰਿਲੇਸ਼ਨ ਸੰਜੀਵ ਆਰੀਆ ਜੀ ਆਦਿ ਸਟਾਫ ਨੇ ਫੈਕਟਰੀ ਦੇ ਅਮੋਨੀਆ ਸੈਂਟਰ, ਕੰਟਰੋਲ ਰੂਮ, ਲੋਡਿੰਗ ਪਲਾਂਟ, ਐਨ.ਐਫ.ਐਲ ਦੇ ਮਾਡਲ ਆਦਿ ਬਾਰੇ ਭਰਪੂਰ ਜਾਣਕਾਰੀ ਦਿੱਤੀ। ਕਾਨਫਰੰਸ ਹਾਲ ਵਿੱਚ ਆਪਣੇ ਲੈਕਚਰ ਦੌਰਾਨ ਸੇਫਟੀ ਅਫਸਰ ਚਤੁਰਵੇਦੀ ਜੀ ਨੇ ਗੈਸਾਂ ਆਦਿ ਤੋਂ ਬਚਣ,ਘਰਾਂ ਵਿੱਚ ਵਰਤੇ ਜਾਂਦੇ ਗੈਸ ਸਿਲੰਡਰ ਆਦਿ ਨੂੰ ਰਾਤ ਸਮੇਂ ਸਵਿੱਚ ਬੰਦ ਕਰਕੇ ਸੌਣ ਦੀ ਆਦਤ ਪਾਉਣ ਦੀ ਨਸੀਹਤ ਦਿੱਤੀ ਤਾਂ ਕਿ ਅਸੀਂ ਅਚਾਨਕ ਗੈਸ ਲੀਕ ਹੋਣ ਆਦਿ ਦੀਆਂ ਘਟਨਾਵਾਂ ਤੋਂ ਬਚ ਸਕੀਏ। ਉੱਥੇ ਅਸੀਂ ਨਿੰਮ ਦੇ ਤੇਲ ਦੇ ਭਰੇ ਡਰੰਮ ਦੇਖੇ ਜਿੰਨਾਂ ਦੀ ਵਰਤੋਂ ਯੂਰੀਆ ਖਾਦ ਤੇ




ਛਿੜਕਾਅ ਕਰਨ ਲਈ ਕੀਤੀ ਜਾ ਰਹੀ ਸੀ। ਇਸ ਤੋਂ ਪਤਾ ਲੱਗਾ ਕੇ ਨਿੰਮ ਦੇ ਹੋਰ ਵੀ ਕਿੰਨੇ ਫਾਇਦੇ ਨੇ ਜੋ ਕਿ ਦਿਨੇ ਅਤੇ ਰਾਤ ਨੂੰ ਸਾਨੂੰ ਆਕਸੀਜਨ ਦਿੰਦੀ ਹੈ ਅਤੇ ਯੂਰੀਆ ਖਾਦ ਤਿਆਰ ਕਰਕੇ ਖੇਤਾਂ ਵਿੱਚ ਝਾੜ ਵੀ ਵਧਾਉਂਦੀ ਹੈ। ਉੱਥੋਂ ਦੇ ਗਾਈਡ ਨੇ ਦੱਸਿਆ ਕਿ ਐੱਨ.ਐੱਫ.ਐੱਲ ਬਠਿੰਡਾ ਵਿਖੇ ਕਿਸਾਨ ਯੂਰੀਆ, ਨਿੰਮ ਕੋਟਡ ਯੂਰੀਆ, ਬਾਇਓ ਫਰਟੀਲਾਈਜਰ, ਇੰਡਸਟਰੀਅਲ ਪਰੋਡਕਟਜ਼ ਆਦਿ ਦਾ ਉਤਪਾਦਨ ਕੀਤਾ ਜਾਂਦਾ ਹੈ। ਅਸੀਂ ਪਲਾਂਟ ਦੀ ਵਰਕਿੰਗ ਦੌਰਾਨ ਦੇਖਿਆ ਕੇ ਯੂਰੀਆਂ ਖਾਦ ਵੱਖ ਵੱਖ ਪਲਾਂਟ ਦੀ ਮਸ਼ੀਨਰੀ ਵਿਚੋਂ ਹੁੰਦੀ ਹੋਈ ਸਿੱਧੀ ਬੋਰੀਆਂ ਵਿੱਚ ਪੈਕ ਕੀਤੀ ਜਾ ਰਹੀ ਸੀ ਜਿਸਦੀ ਨਾਲ ਦੀ ਨਾਲ ਸਿਲਾਈ ਹੋ ਕਿ ਬੋਰੀਆਂ ਟਰੱਕਾਂ, ਮਾਲ ਗੱਡੀ ਆਦਿ ਵਿੱਚ ਲੋਡ ਕੀਤੀਆਂ ਜਾ ਰਹੀਆਂ ਸਨ। ਉਥੇ ਵਰਕਰਾਂ ਨੇ ਦੱਸਿਆ ਕਿ ਇੱਥੇ ਹਰ ਰੋਜ਼ ਲਗਭਗ ਟਰੇਨ ਦੇ 4 ਡੱਬੇ ਲੋਡ ਕਰਨ ਜਿੰਨਾ ਉਤਪਾਦਨ ਪੈਦਾ ਹੁੰਦਾ ਹੈ । ਇਸ ਟੂਰ ਦੌਰਾਨ ਸਾਡੇ ਨਾਲ ਬਾਕੀ ਸਕੂਲਾਂ ਦੇ ਹੋਰ ਅਧਿਆਪਕ ਬਲਦੇਵ ਸਿੰਘ ਜੈਤੋ, ਮਨਿੰਦਰ ਕੌਰ ਫਰੀਦਕੋਟ, ਸ਼ੈਲੀ ਜੈਨ ਜੈਤੋ, ਕਰਮਜੀਤ ਸਿੰਘ ਕੋਟਕਪੂਰਾ, ਅਮਰਦੀਪ ਸਿੰਘ ਫਰੀਦਕੋਟ ਵੀ ਹਾਜਰ ਸ਼ਾਮਲ ਸਨ।

ਮੈਂ ਸੋਚਦਾ ਹਾਂ ਕਿ ਵਿਦਿਆਰਥੀਆਂ ਦੀ ਵਿਗਿਆਨ ਅਤੇ ਤਕਨੀਕੀ ਵਿਸ਼ੇ ਵਿੱਚ ਰੂਚੀ ਨੂੰ ਹੋਰ ਉਜਾਗਰ ਕਰਨ ਲਈ ਸਰਕਾਰ ਨੂੰ ਇਸ ਤਰਾਂ ਦੇ ਪ੍ਰੋਗਰਾਮ ਜਲਦ ਤੋਂ ਜਲਦ ਹਰੇਕ ਸਕੂਲ ਦੇ ਵਿਦਿਆਰਥੀਆਂ ਲਈ ਬਣਾਉਣੇ ਚਾਹੀਦੇ ਹਨ, ਵਿਦਿਆਰਥੀਆਂ ਨੂੰ ਵੱਖ ਵੱਖ ਉਦਯੋਗਾਂ, ਅਖਬਾਰ ਛਾਪਣ ਵਾਲੀਆਂ ਪ੍ਰਿੰਟਿੰਗ ਪ੍ਰੈਸਾਂ, ਕਾਰਖਾਨਿਆਂ, ਯੂਨੀਵਰਸਿਟੀਆਂ, ਸਇੰਸ ਸਿਟੀ, ਕੁਦਰਤੀ ਖੇਤੀ ਵਾਲੀਆਂ ਜ਼ਮੀਨਾਂ, ਬਾਇਓ ਗੈਸ ਪਲਾਟਾਂ, ਸੋਲਰ ਸਿਸਟਮਾਂ, ਥਰਮਲ ਪਲਾਟਾਂ, ਇੰਟਰਨੈਸ਼ਨਲ ਖੇਡ ਗਰਾਊਂਡਾਂ, ਪੁਰਾਤਨ ਇਮਾਰਤਾਂ, ਸਭਿਆਚਾਰਕ ਵਿਰਸੇ, ਸਿੰਧੂ ਘਾਟੀ ਸਭਿਅਤਾ ਵਾਲੇ ਸਥਾਨ ’ਤੇ ਵਸਤੂਆਂ, ਵਿਗਿਆਨਕ ਖੋਜ਼ ਕੇਂਦਰਾਂ, ਦਵਾਈਆਂ ਤਿਆਰ ਕਰਨ ਵਾਲੀਆਂ ਫੈਕਟਰੀਆਂ, ਕੱਪੜੇ, ਧਾਗੇ ਆਦਿ ਤਿਆਰ ਕਰਨ ਵਾਲੀਆਂ ਫੈਕਟਰੀਆਂ, ਮਿਲਕ ਪਲਾਂਟ, ਬੇਕਰੀ ਪਲਾਂਟ,ਡੇਅਰੀ ਉਦਯੋਗ, ਫਲੋਰ ਮਿੱਲਜ਼, ਸੈੱਲਰ,ਹੌਜਰੀ ਇੰਡਸਟਰੀਜ਼, ਮਲਟੀ ਨੈਸ਼ਨਲ ਕੰਪਨੀਆਂ ਆਦਿ ਵਿਜ਼ਿਟ ਕਰਵਾ ਕੇ ਪ੍ਰੈਕਟੀਕਲ ਸਿੱਖਿਆ ਦੇਣੀ ਚਾਹੀਦੀ ਹੈ ਜੋ ਕਿ ਵਿਦਿਆਰਥੀਆਂ ਲਈ ਬਹੁਤ ਹੀ ਲਾਹੇਵੰਦ ’ਤੇ ਥਿਊਰੀ ਦੇ ਨਾਲ ਨਾਲ ਪ੍ਰੈਕਟੀਕਲ ਜਾਣਕਾਰੀ ਅਤੇ ਆਪਣੇ ਕਿੱਤੇ ਦੀ ਚੋਣ ਪ੍ਰਤੀ ਰੂਚੀ ਪੈਦਾ ਕਰਨ ਵਾਲਾ ਵਧੀਆ ਕਦਮ ਹੈ। ਸਰਕਾਰ ਵੱਲੋਂ ਇਸ ਤਰਾਂ ਦੇ ਪ੍ਰੋਜੈਕਟ ਸ਼ੁਰੂ ਕਰਨ ਨਾਲ ਪੇਂਡੂ ਵਿਦਿਆਰਥੀਆਂ ਵਿੱਚ ਵਿਗਿਆਨ ਅਤੇ ਤਕਨੀਕੀ ਕੋਰਸਾਂ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਪ੍ਰੇਰਨਾ ਪੈਦਾ ਹੋਵੇਗੀ ਅਤੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਹਮੇਸ਼ਾ ਵਾਂਗ ਹਰੇਕ ਖੇਤਰ ਵਿੱਚ ਤਰੱਕੀ ਪ੍ਰਾਪਤ ਕਰਨਗੇ ਅਤੇ ਲੋਕਾਂ ਦਾ ਝੁਕਾਅ ਪ੍ਰਾਈਵੇਟ ਸਕੂਲਾਂ ਤੋਂ ਘਟ ਕੇ ਸਰਕਾਰੀ ਸਕੂਲ ਵੱਲ ਫਿਰ ਤੋਂ ਵਧੇਗਾ। ਸਰਕਾਰੀ ਸਕੂਲਾਂ ਵਿੱਚ ਗਾਈਡੈਂਸ ਸੈੱਲ ਤਾਂ ਪਹਿਲਾਂ ਤੋਂ ਚੱਲ ਰਹੇ ਹਨ ਜੋ ਕਿ ਵਿਦਿਆਰਥੀਆਂ ਲਈ ਕਿੱਤਾ ਕੋਰਸ, ਡਿਗਰੀ ਕੋਰਸ ਅਤੇ ਉੱਚ ਸਿੱਖਿਆ ਚੁਣਨ ਲਈ ਕਾਫੀ ਮਦਦਗਾਰ ਸਾਬਿਤ ਹੋ ਰਹੇ ਹਨ। ਪੇਂਡੂ ਵਿਦਿਆਰਥੀਆਂ ਨੂੰ ਵਿਗਿਆਨ ਅਤੇ ਤਕਨੀਕੀ ਵਿਸ਼ੇ ਦੀ ਉਚੇਰੀ ਪੜ੍ਹਾਈ ਲਈ ਪ੍ਰੇਰਨਾ ਦੇਣ ਲਈ ਸਰਕਾਰ ਵੱਲੋਂ ਇਹ ਇੱਕ ਬਹੁਤ ਹੀ ਸ਼ਲਾਘਾਯੋਗ ਕਦਮ ਸਾਬਿਤ ਹੋਵੇਗਾ ਕਿਉਂਕਿ ਇਸ ਤਰਾਂ ਦੇ ਉਦਯੋਗ ਦੇਖਣ ਨਾਲ ਉਹਨਾਂ ਵਿੱਚ ਥਿਊਰੀ ਦੇ ਨਾਲ ਪ੍ਰੈਕਟੀਕਲ ਜਾਣਕਾਰੀ ਵਧਦੀ ਹੈ ਅਤੇ ਹੌਂਸਲਾ ਪੈਦਾ ਹੁੰਦਾ ਹੈ ਕਿ ਅਸੀਂ ਵੀ ਇਹਨਾਂ ਕਾਰਖਾਨਿਆਂ ਵਿੱਚ ਕੰਮ ਕਰ ਸਕਦੇ ਹਾਂ ਕਿਉਂਕਿ ਉੱਥੇ ਉਹਨਾਂ ਨੂੰ ਕਈ ਤਰਾਂ ਦੇ ਵਰਕਰ ਮਿਲਦੇ ਹਨ। ਜਿੰਨਾਂ ਨੂੰ ਦੇਖ ਕੇ ਵਿਦਿਆਰਥੀ ਪ੍ਰੇਰਿਤ ਹੁੰਦੇ ਹਨ। ਸਰਕਾਰੀ ਸਕੂਲਾਂ ਦੇ ਪੇਂਡੂ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਰੋਚਕ, ਗਿਆਨ ਵਧੂ ਅਤੇ ਜਾਣਕਾਰੀ ਭਰਪੂਰ ਬਣਾਉਣ ਲਈ ਸਰਕਾਰ ਨੂੰ ਇਸ ਤਰਾਂ ਦੇ ਹੋਰ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਪੇਂਡੂ ਅਤੇ ਗਰੀਬ ਪਰਿਵਾਰਾਂ ਦੇ ਵਿਦਿਆਰਥੀ ਵਿਗਿਆਨ ਅਤੇ ਤਕਨੀਕੀ ਵਿਸ਼ੇ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਵਧ ਚੜ੍ਹ ਕੇ ਪ੍ਰੇਰਿਤ ਹੋਣ ਅਤੇ ਆਪਣਾ ਭਵਿੱਖ ਉੱਜਲਾ ਬਣਾ ਸਕਣ।

# ਭਾਜਪਾ: ਪਟੇਲ ਨੂੰ ਵੱਡਾ ਦਿਖਾਉਣ ਦੇ ਲਈ ਨਹਿਰੂ ਨੂੰ ਛੋਟਾ ਕਰਨ ਦੀ ਸਾਜ਼ਿਸ਼

**ਰਾਮਪੁਨਿਯਾਨੀ**

ਪਿਛਲੇ ਕੁਝ ਸਾਲਾਂ ਤੋਂ 31 ਅਕਤੂਬਰ ਦੇ ਆਸ ਪਾਸ ਸੰਘ ਪਰਿਵਾਰ, ਸਰਦਾਰ ਵੱਲਭ ਭਾਈ ਪਟੇਲ ਦਾ ਮਹਿਮਾ ਮੰਡਲ ਕਰਨ ਵਾਲੇ ਬਿਆਨਾਂ ਦੀ ਝੜੀ ਲਗਾ ਦਿੰਦਾ ਹੈ। ਸੰਨ 2017 ਦਾ ਅਕਤੂਬਰ ਵੀ ਅਜਿਹਾ ਹੀ ਸੀ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, ਮੈਂ ਭਾਜਪਾ ਤੋਂ ਹਾਂ ਅਤੇ ਸਰਦਾਰ ਪਟੇਲ ਕਾਂਗਰਸ ਤੋਂ ਸਨ ਪਰ ਮੈਂ ਫਿਰ ਵੀ ਉਹਨਾਂ ਦੀ ਵਿਚਾਰਧਾਰਾ ਦਾ ਪਾਲਣ ਕਰਦਾ ਹਾਂ ਅਤੇ ਉਹਨਾਂ ਦੇ ਦਿਖਾਏ ਰਸਤੇ 'ਤੇ ਚਲਦਾ ਹਾਂ। ਉਹਨਾਂ ਦੀ ਵਿਚਾਰਧਾਰਾ ਕਿਸੇ ਪਾਰਟੀ ਦੀ ਨਹੀਂ ਹੈ। ਇਸਦੇ ਨਾਲ ਹੀ ਜਵਾਹਰ ਲਾਲ ਨਹਿਰੂ ਦਾ ਕੱਦ ਛੋਟਾ ਕਰਨ ਦੀ ਕੋਸ਼ਿਸ਼ ਵੀ ਹੋ ਰਹੀ ਹੈ। ਮੋਦੀ ਨੇ ਕਿਹਾ ਕਿ ਨਹਿਰੂ ਨੇ ਸਰਦਾਰ ਪਟੇਲ ਦੀ ਅੰਤਿਮ ਯਾਤਰਾ ਵਿਚ ਭਾਗ ਨਹੀਂ ਲਿਆ। ਮੋਦੀ-ਭਾਜਪਾ ਦੇ ਇਹ ਯਤਨ ਇਕ ਰਾਜਨੀਤਿਕ ਏਜੰਡੇ ਦਾ ਹਿੱਸਾ ਹਨ।

ਭਾਜਪਾ ਜਿਸ ਵਿਚਾਰਧਾਰਾ ਨੂੰ ਮੰਨਦੀ ਹੈ, ਉਸ ਵਿਚਾਰਧਾਰਾ ਨਾਲ ਜੁੜੇ ਕਿਸੇ ਸੰਗਠਨ ਜਾਂ ਨੇਤਾ ਨੇ ਆਜ਼ਾਦੀ ਸੰਗਰਾਮ ਵਿਚ ਭਾਗ ਨਹੀਂ ਲਿਆ ਸੀ। ਜ਼ਾਹਿਰ ਹੈ ਕਿ ਭਾਜਪਾ ਨੂੰ ਇਕ ਅਜਿਹੇ ਨਾਇਕ ਦੀ ਲੋੜ ਹੈ, ਜੋ ਆਜ਼ਾਦੀ ਸੰਗਰਾਮ ਦਾ ਘੁਲਾਟੀਆ ਰਿਹਾ ਹੋਵੇ। ਇਸਦੇ ਲਈ ਉਹਨਾਂ ਨੇ ਸਰਦਾਰ ਪਟੇਲ ਨੂੰ ਚੁਣਿਆ ਹੈ। ਨਹਿਰੂ ਇਕ ਅਤਿਅੰਤ ਉੱਚੇ ਕੱਦ ਵਾਲਾ ਨੇਤਾ ਸੀ ਅਤੇ ਧਰਮ ਨਿਰਪੱਖ ਕਦਰਾਂ-ਕੀਮਤਾਂ ਦਾ ਹਾਮੀ ਸੀ। ਭਾਜਪਾ ਅਤੇ ਉਸ ਨਾਲ ਜੁੜੇ ਸੰਗਠਨ ਨਹਿਰੂ ਦੀ ਭੂਮਿਕਾ ਨੂੰ ਘੱਟ ਕਰਕੇ ਦਿਖਾਉਣਾ ਚਾਹੁੰਦੇ ਹਨ। ਇਸੇ ਏਜੰਡੇ ਦੇ ਤਹਿਤ ਉਹ ਵਾਰ-ਵਾਰ ਇਸ ਕਿਸਮ ਦੇ ਬਿਆਨ ਜਾਰੀ ਕਰਦੇ ਹਨ, ਜਿਹਨਾਂ ਤੋਂ ਅਜਿਹਾ ਲੱਗੇ ਕਿ ਨਹਿਰੂ ਅਤੇ ਪਟੇਲ ਵਿਚਕਾਰ ਗੰਭੀਰ ਮਤਭੇਦ ਸਨ। ਇਹਨਾਂ ਬਿਆਨਾਂ ਦੇ ਜਰੀਏ ਪਟੇਲ ਦੀ ਭੂਮਿਕਾ ਬੰਨੀ ਜਾਂਦੀ ਹੈ ਅਤੇ ਨਹਿਰੂ ਦਾ ਕੱਦ ਘਟਾਉਣ ਦੀ ਕੋਸ਼ਿਸ਼। ਭਾਜਪਾ ਦਾ ਆਜ਼ਾਦੀ ਸੰਗਰਾਮ ਦੇ ਦੋ ਪ੍ਰਮੁੱਖ ਨੇਤਾਵਾਂ ਨੂੰ ਇਕ-ਦੂਜੇ ਦੇ ਵਿਰੋਧੀ ਦੇ ਰੂਪ ਵਿਚ ਪੇਸ਼ ਕਰਨ ਦਾ ਇਹ ਯਤਨ ਅਤਿਅੰਤ ਮਾੜਾ ਹੈ।

ਮੋਦੀ ਦਾ ਇਹ ਦਾਅਵਾ ਕਿ ਉਹ ਪਟੇਲ ਦੀ ਵਿਚਾਰਧਾਰਾ ਦੇ ਹਾਮੀ ਹਨ ਅਤੇ ਉਹਨਾਂ ਦੇ ਦਿਖਾਏ ਰਸਤੇ ਤੇ ਚੱਲ ਰਹੇ ਹਨ, ਇਕ ਵੱਡਾ ਝੂਠ ਹੈ। ਪਟੇਲ ਇਕ ਭਾਰਤੀ ਰਾਸ਼ਟਰਵਾਦੀ ਅਤੇ ਗਾਂਧੀ ਜੀ ਦੇ ਅਤਿਅੰਤ ਅਨੁਯਾਈ ਸਨ। ਇਸਦੇ ਉਲਟ ਮੋਦੀ ਆਰ. ਐਸ. ਐਸ. ਦੀ ਵਿਚਾਰਧਾਰਾ ਵਿਚ ਰੰਗੇ ਹੋਏ ਹਨ, ਜਿਸ ਦਾ ਮੂਲ ਏਜੰਡਾ ਹਿੰਦੂ ਰਾਸ਼ਟਰਵਾਦ ਹੈ। ਪਟੇਲ, ਆਰ. ਐਸ. ਐਸ. ਦੀ ਵਿਚਾਰਧਾਰਾ ਨੂੰ ਵੰਡਣ ਵਾਲੀ ਪ੍ਰਵਿਰਤੀ ਤੋਂ ਚੰਗੀ ਤਰ੍ਹਾਂ ਵਾਕਫ਼ ਸਨ। ਉਹ ਜਾਣਦੇ ਸਨ ਕਿ ਆਰ. ਐਸ. ਐਸ. ਨਫ਼ਰਤ ਫੈਲਾਉਣ ਤੋਂ ਇਲਾਵਾ ਕੁਝ ਨਹੀਂ ਕਰਦੀ। ਮਹਾਤਮਾ ਗਾਂਧੀ ਦੀ ਹੱਤਿਆ ਤੋਂ ਬਾਅਦ ਪਟੇਲ ਨੇ ਲਿਖਿਆ- ਇਹਨਾਂ ਦੋਵਾਂ (ਆਰ. ਐਸ. ਐਸ. ਅਤੇ ਹਿੰਦੂ ਮਹਾ ਸਭਾ) ਸੰਗਠਨਾਂ, ਵਿਸ਼ੇਸ਼ ਕਰਕੇ ਪਹਿਲਾਂ ਦੀਆਂ ਗਤੀਵਿਧੀਆਂ ਦੇ ਕਾਰਨ ਦੇਸ਼ ਵਿਚ ਇਸ ਕਿਸਮ ਦਾ ਵਾਤਾਵਰਣ ਬਣ ਗਿਆ, ਜਿਸ ਕਾਰਨ ਇਹਨਾਂ ਦੀ ਭਿਆਨਕ ਤ੍ਰਾਸਦੀ ਸੰਭਵ ਹੋ ਸਕੀ। ਆਰ. ਐਸ. ਐਸ. ਦੀਆਂ ਗਤੀਵਿਧੀਆਂ ਸ਼ਾਸਨ ਅਤੇ ਰਾਜ ਦੀ ਹੋਂਦ ਦੇ ਲਈ ਸਪਸ਼ਟ ਖਤਰਾ ਸਨ।

ਭਾਜਪਾ ਦੇ ਪਟੇਲ ਅਤੇ ਨਹਿਰੂ ਨੂੰ ਇਕ ਦੂਜੇ ਦਾ ਵਿਰੋਧੀ ਬਲਕਿ ਦੁਸ਼ਮਣ ਦੱਸਣ ਦਾ ਯਤਨ ਨਿੰਦਣਯੋਗ ਹੈ। ਸੱਚ ਇਹ ਹੈ ਕਿ ਦੋਵੇਂ ਇਕ-ਦੂਜੇ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਅਤੇ ਇਕ-ਦੂਜੇ ਦੇ ਪੂਰਕ ਸਨ। ਉਹਨਾਂ ਵਿਚਕਾਰ ਕਿਸੇ ਕਿਸਮ ਦਾ ਕੋਈ ਮੁਕਾਬਲਾ ਨਹੀਂ ਸੀ।



ਪਟੇਲ ਜਾਣਦੇ ਸਨ ਕਿ ਨਹਿਰੂ ਦੀ ਲੋਕਪ੍ਰਿਅਤਾ ਜਬਰਦਸਤ ਹੈ। ਇਕ ਰੈਲੀ, ਜਿਸ ਵਿਚ ਪਟੇਲ ਅਤੇ ਨਹਿਰੂ ਦੋਵਾਂ ਨੇ ਭਾਗ ਲਿਆ ਸੀ, ਵਿਚ ਉਮੜੀ ਵਿਸ਼ਾਲ ਭੀੜ ਤੇ ਟਿੱਪਣੀ ਕਰਦੇ ਹੋਏ ਪਟੇਲ ਨੇ ਅਮਰੀਕੀ ਪੱਤਰਕਾਰ ਵਿਨਸੈਂਟ ਸ਼ੋਇਨ ਨੂੰ ਕਿਹਾ ਸੀ ਕਿ ਇਹ ਜਵਾਹਰ ਦੇ ਲਈ ਆਏ ਸਨ ਮੇਰੇ ਲਈ ਨਹੀਂ। ਇਸ ਦੇ ਨਾਲ ਹੀ ਪਟੇਲ ਕਾਂਗਰਸ ਸੰਗਠਨ ਦੀ ਰੀੜ੍ਹ ਸਨ। ਗਾਂਧੀ, ਜਿਹਨਾਂ ਨੂੰ ਰਾਸ਼ਟਰ ਨੇ ਦੇਸ਼ ਦਾ ਪਹਿਲਾ ਪ੍ਰਧਾਨ ਮੰਤਰੀ ਚੁਣਨ ਦਾ ਅਧਿਕਾਰ ਦਿੱਤਾ ਸੀ, ਨੇ ਇਸ ਅਹੁਦੇ ਦੇ ਲਈ ਨਹਿਰੂ ਨੂੰ ਚੁਣਿਆ ਕਿਉਂਕਿ ਉਹ ਜਾਣਦੇ ਸਨ ਕਿ ਨਹਿਰੂ ਨੂੰ ਕੌਮਾਂਤਰੀ ਰਾਜਨੀਤੀ ਦੀ ਬਿਹਤਰ ਸਮਝ ਹੈ ਅਤੇ ਉਹ ਜਨਤਾ ਵਿਚ ਬਹੁਤ ਲੋਕਪ੍ਰਿਆ ਹਨ।

ਨਹਿਰੂ ਨੂੰ ਛੋਟਾ ਸਿੱਧ ਕਰਨ ਦੇ ਲਈ ਮੋਦੀ ਕਿਸ ਹੱਦ ਤੱਕ ਜਾ ਸਕਦੇ ਹਨ, ਇਹ ਇਸ ਗੱਲ ਤੋਂ ਜ਼ਾਹਿਰ ਹੈ ਕਿ ਉਹਨਾਂ ਨੇ ਕਿਹਾ ਕਿ ਨਹਿਰੂ ਨੇ ਪਟੇਲ ਦੇ ਅੰਤਿਮ ਸਸਕਾਰ ਵਿਚ ਭਾਗ ਨਹੀਂ ਲਿਆ ਸੀ। ਦਾ ਟਾਈਮਜ਼ ਆਫ਼ ਇੰਡੀਆ ਨੇ ਪਟੇਲ ਦੇ ਅੰਤਿਮ ਸਸਕਾਰ ਦੀ ਖ਼ਬਰ ਪ੍ਰਮੁਖਤਾ ਨਾਲ ਆਪਣੇ ਪਹਿਲੇ ਪੰਨੇ ਤੇ ਛਾਪੀ ਸੀ। ਇਸ ਵਿਚ ਕਿਹਾ ਗਿਆ ਸੀ ਕਿ ਇਸ ਮੌਕੇ 'ਤੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਅਤੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਮੌਜੂਦ ਸਨ। ਅਖ਼ਬਾਰ ਨੇ ਨਹਿਰੂ ਦੀ ਸਰਦਾਰ ਪਟੇਲ ਨੂੰ ਸ਼ਰਧਾਂਜਲੀ ਵੀ ਪ੍ਰਕਾਸ਼ਿਤ ਕੀਤੀ ਸੀ, ਜਿਸ ਵਿਚ ਉਹਨਾਂ ਕਿਹਾ ਸੀ ਕਿ ਸਰਦਾਰ ਪਟੇਲ ਨੇ ਭਾਰਤ ਨੂੰ ਆਜ਼ਾਦੀ ਦਿਵਾਉਣ ਅਤੇ ਰਾਸ਼ਟਰ ਦੇ ਰੂਪ ਵਿਚ ਉਸਦੇ ਨਿਰਮਾਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਸੀ।ਕਾਂਗਰਸ ਨੇਤਾ ਦਿਗਵਿਜੈ ਸਿੰਘ ਨੇ ਇਕ ਵੀਡੀਓ ਕਲਿੱਪ ਪੋਸਟ ਕੀਤੀ ਸੀ ਜਿਸ ਵਿਚ ਨਹਿਰੂ ਨੂੰ ਪਟੇਲ ਦੇ ਅੰਤਿਮ ਸਸਕਾਰ ਵਿਚ ਭਾਗ ਲੈਂਦੇ ਦਿਖਾਇਆ ਗਿਆ ਸੀ। ਮੋਰਾਰਜੀ ਦੇਸਾਈ ਨੇ ਆਪਣੀ ਆਤਮਕਥਾ ਵਿਚ ਇਸ ਮੌਕੇ ਤੇ ਪੰਡਤ ਨਹਿਰੂ ਦੀ ਹਾਜ਼ਰੀ ਦੀ ਚਰਚਾ ਕੀਤੀ ਹੈ। ਇਹਨਾਂ ਤੱਥਾਂ ਦੇ ਸਾਹਮਣੇ ਆਉਣ ਤੋਂ ਬਾਅਦ ਮੋਦੀ ਆਪਣੀ ਗੱਲ ਤੋਂ ਉਲਟ ਗਏ ਅਤੇ ਇਹ ਦਾਅਵਾ ਕੀਤਾ ਕਿ ਉਹਨਾਂ ਦੀ ਗੱਲ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਗਿਆ ਸੀ ਪਰ ਇਸ ਤੋਂ ਇਹ ਸਾਫ ਹੈ ਕਿ ਮੋਦੀ ਅਤੇ ਉਹਨਾਂ ਦੇ ਸਾਥੀ ਨਹਿਰੂ ਦਾ ਨਕਾਰਾਤਮਕ ਅਕਸ ਬਣਾਉਣ ਲਈ ਕਿੰਨੇ ਉਤਾਵਲੇ ਹਨ।

ਕਾਂਗਰਸ- ਨਹਿਰੂ ਅਤੇ ਪਟੇਲ ਵਿਚਕਾਰ ਖਾਈ ਸੀ ਇਹ ਦੱਸਣ ਦੇ ਲਈ ਯਤਨਾਂ ਦੇ ਤਹਿਤ ਮੋਦੀ ਨੇ ਗੁਜਰਾਤ ਦੇ ਖੇੜਾ ਵਿਚ ਬੋਲਦੇ ਹੋਏ ਕਿਹਾ ਕਿ ਕਾਂਗਰਸ ਨੇ ਦੇਸ਼ ਦੀ ਵੰਡ ਨੂੰ ਆਸਾਨ ਬਣਾਇਆ। ਤੱਥ ਇਹ ਹੈ ਕਿ ਉਸ ਵਕਤ ਕਾਂਗਰਸ ਵੱਲੋਂ ਜੋ ਵੱਡੇ ਲੀਡਰ ਸੰਮੇਲਨਾਂ ਵਿਚ ਭਾਗ ਲੈਂਦੇ ਸਨ, ਉਹ ਸਨ ਸਰਦਾਰ ਪਟੇਲ ਅਤੇ ਨਹਿਰੂ। ਜਸਵੰਤ ਸਿਨਹਾ ਨੇ ਜਿਨਾਹ ਤੇ ਲਿਖੀ ਆਪਣੀ ਪੁਸਤਕ ਵਿਚ ਵੰਡ ਦੇ ਲਈ ਨਹਿਰੂ-ਪਟੇਲ ਨੂੰ ਦੋਸ਼ੀ ਦੱਸਿਆ ਸੀ। ਵੰਡ ਕਈ ਜਟਿਲ ਕਾਰਨਾਂ ਦਾ ਨਤੀਜਾ ਸੀ। ਹੁਣ ਜਿੱਥੇ ਪਟੇਲ ਦੀ ਸ਼ਲਾਘਾ ਕੀਤੀ ਜਾ ਰਹੀ ਹੈ, ਉਥੇ ਕਾਂਗਰਸ ਨੂੰ ਵੰਡ ਦੇ ਲਈ ਦੋਸ਼ੀ ਦੱਸਿਆ ਜਾ ਰਿਹਾ ਹੈ। ਇਹ ਸਰਾਸਰ ਝੂਠ ਹੈ ਕਿਉਂਕਿ ਉਸ ਵਕਤ ਜੋ ਫੈਸਲੇ ਲਏ ਗਏ ਸਨ, ਉਹਨਾਂ ਵਿਚ ਨਹਿਰੂ ਅਤੇ ਪਟੇਲ ਦੀ ਬਰਾਬਰ ਦੀ ਹਿੱਸੇਦਾਰੀ ਸੀ। ਉਥੇ ਹੀ ਪੀ. ਮੈਨਨ, ਜਿਹਨਾਂ ਨੇ ਵੰਡ ਦੀ ਯੋਜਨਾ ਤਿਆਰ ਕੀਤੀ ਸੀ, ਨੇ ਲਿਖਿਆ ਹੈ ਕਿ ਪਟੇਲ ਨੇ ਭਾਰਤ ਦੀ ਵੰਡ ਨੂੰ ਦਸੰਬਰ 1946 ਵਿਚ ਸਵੀਕਾਰ ਕਰ ਲਿਆ ਸੀ। ਨਹਿਰੂ ਇਸਦੇ ਲਈ ਛੇ ਮਹੀਨੇ ਬਾਅਦ ਰਾਜ਼ੀ ਹੋਏ।

ਨਹਿਰੂ ਅਤੇ ਪਟੇਲ ਅਲੱਗ-ਅਲੱਗ ਰਸਤਿਆਂ ਤੇ ਚੱਲ ਰਹੇ ਸਨ, ਇਹ ਪ੍ਰਚਾਰ ਪਹਿਲਾਂ ਵੀ ਕੀਤਾ ਜਾਂਦਾ ਰਿਹਾ ਹੈ। ਇੱਥੋਂ ਤੱਕ ਕਿ ਦੋਵਾਂ ਦੇ ਜੀਵਨ ਕਾਲ ਵਿਚ ਵੀ। ਨਹਿਰੂ ਨੇ ਪਟੇਲ ਨੂੰ ਲਿਖਿਆ ਸੀ ਕਿ ਉਹ ਇਸ ਕਿਸਮ ਦੀਆਂ ਅਫਵਾਹਾਂ ਤੋਂ ਬਚਣ ਅਤੇ ਉਹਨਾਂ ਨੂੰ ਇਸ ਤੋਂ ਪੀੜ ਹੁੰਦੀ ਹੈ। ਇਸਦੇ ਜਵਾਬ ਵਿਚ ਪਟੇਲ ਨੇ 4 ਮਈ 1948 ਨੂੰ ਆਪਣੇ ਪੱਤਰ ਵਿਚ ਨਹਿਰੂ ਨੂੰ ਲਿਖਿਆ, ਤੁਹਾਡੇ ਪੱਤਰ ਨੇ ਮੇਰੇ ਮਨ ਵਿਚ ਡੂੰਘਾ ਅਸਰ ਕੀਤਾ ਹੈ। ਅਸੀਂ ਦੋਵੇਂ ਜੀਵਨ ਭਰ ਇਕੱਠੇ ਮਿਲ ਕੇ ਇਕ ਹੀ ਉਦੇਸ਼ ਦੇ ਲਈ ਕੰਮ ਕਰਦੇ ਆਏ ਹਾਂ। ਸਾਡੇ ਦ੍ਰਿਸ਼ਟੀਕੋਣਾਂ ਅਤੇ ਸੁਭਾਅ ਵਿਚ ਚਾਹੇ ਜੋ ਮਰਜ਼ੀ ਅੰਤਰ ਹੋਵੇ ਪਰ ਸਾਡੇ ਪ੍ਰਸਪਰ ਪ੍ਰੇਮ ਅਤੇ ਇਕ ਦੂਜੇ ਦੇ ਪ੍ਰਤੀ ਸਨਮਾਨ ਦੀ ਭਾਵਨਾ ਅਤੇ ਸਾਡੇ ਦੇਸ਼ ਦੇ ਹਿੱਤ ਉਹਨਾਂ ਤੋਂ ਹਮੇਸ਼ਾ ਉਪਰ ਹਨ। ਉਹਨਾਂ ਨੇ ਸੰਸਦ ਵਿਚ ਬੋਲਦੇ ਹੋਏ ਕਿਹਾ, ਮੈਂ ਸਾਰੇ ਰਾਸ਼ਟਰੀ ਮੁੱਦਿਆਂ 'ਤੇ ਪ੍ਰਧਾਨ ਮੰਤਰੀ ਦੇ ਨਾਲ ਹਾਂ। ਲੱਗਭੱਗ ਚੌਥਾਈ ਸਦੀ ਤੱਕ ਅਸੀਂ ਦੋਵਾਂ ਨੇ ਸਾਡੇ ਗੁਰੂ (ਗਾਂਧੀ) ਦੇ ਚਰਨਾਂ ਵਿਚ ਬੈ ਕੇ ਭਾਰਤ ਦੀ ਆਜ਼ਾਦੀ ਦੇ ਲਈ ਇਕੱਠਿਆਂ ਸੰਘਰਸ਼ ਕੀਤਾ ਹੈ। ਅੱਜ ਜਦੋਂ ਮਹਾਤਮਾ ਨਹੀਂ ਹਨ ਤਾਂ ਅਸੀਂ ਆਪਸ ਵਿਚ ਝਗੜਨ ਦੀ ਗੱਲ ਸੋਚ ਵੀ ਨਹੀਂ ਸਕਦੇ।

ਕਸ਼ਮੀਰ ਦੇ ਮੁੱਦੇ ਤੇ ਵੀ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਦੋਵਾਂ ਵਿਚਕਾਰ ਮਤਭੇਦ ਸਨ ਅਤੇ ਜੇਕਰ ਪਟੇਲ ਦੀ ਚਲਦੀ ਤਾਂ ਉਹ ਤਾਕਤ ਦੀ ਵਰਤੋਂ ਕਰਕੇ ਭਾਰਤ ਦਾ ਹਿੱਸਾ ਬਣਾ ਲੈਂਦੇ। ਆਓ ਅਸੀਂ ਦੇਖੀਏ ਕਿ ਸਰਦਾਰ ਪਟੇਲ ਦਾ ਇਸ ਮੁੱਦੇ ਤੇ ਕੀ ਕਹਿਣਾ ਸੀ। ਬੰਬਈ ਵਿਚ ਇਕ ਆਮ ਸਭਾ ਨੂੰ ਸੰਬੋਧਨ ਕਰਦੇ ਹੋਏ 20 ਅਕਤੂਬਰ 1948 ਨੂੰ ਪਟੇਲ ਨੇ ਕਿਹਾ, ਕਈ ਲੋਕ ਅਜਿਹਾ ਮੰਨਦੇ ਹਨ ਕਿ ਜੇਕਰ ਕਿਸੇ ਖੇਤਰ ਵਿਚ ਮੁਸਲਮਾਨਾਂ ਦਾ ਬਹੁਮਤ ਹੈ ਤਾਂ ਉਹ ਪਾਕਿਸਤਾਨ ਦਾ ਹਿੱਸਾ ਬਣਨਾ ਚਾਹੀਦਾ ਹੈ। ਉਹ ਇਸ ਗੱਲ ਤੇ ਹੈਰਾਨੀ ਪ੍ਰਗਟ ਕਰਦੇ ਹਨ ਕਿ ਅਸੀਂ ਕਸ਼ਮੀਰ ਵਿਚ ਕਿਉਂ ਹਾਂ?

ਇਸ ਸਵਾਲ ਦਾ ਉਤਰ ਬਹੁਤ ਸਿੱਧਾ ਜਿਹਾ ਹੈ। ਅਸੀਂ ਕਸ਼ਮੀਰ ਵਿਚ ਇਸ ਕਰਕੇ ਹਾਂ ਕਿਉਂਕਿ ਕਸ਼ਮੀਰ ਦੇ ਲੋਕ ਇਹ ਚਾਹੁੰਦੇ ਹਨ ਕਿ ਅਸੀਂ ਉਥੇ ਰਹੀਏ। ਜਿਸ ਪਲ ਸਾਨੂੰ ਅਜਿਹਾ ਅਹਿਸਾਸ ਹੋਵੇਗਾ ਕਿ ਕਸ਼ਮੀਰ ਦੇ ਲੋਕ ਇਹ ਨਹੀਂ ਚਾਹੁੰਦੇ ਕਿ ਅਸੀਂ ਉਹਨਾਂ ਦੀ ਜ਼ਮੀਨ ਤੇ ਰਹੀਏ, ਉਸ ਤੋਂ ਬਾਅਦ ਅਸੀਂ ਇਕ ਮਿੰਟ ਵਿਚ ਉਥੇ ਨਹੀਂ ਰੁਕਾਂਗਾ। ਅਸੀਂ ਕਸ਼ਮੀਰ ਦੇ ਲੋਕਾਂ ਦਾ ਦਿਲ ਨਹੀਂ ਤੋੜ ਸਕਦੇ।

ਜਿਵੇਂ ਕਿ ਪਟੇਲ ਦੇ ਪੱਤਰਾਂ ਅਤੇ ਸੰਸਦ ਵਿਚ ਦਿੱਤੇ ਗਏ ਉਹਨਾਂ ਦੇ ਬਿਆਨਾਂ ਤੋਂ ਜ਼ਾਹਿਰ ਹੈ ਅਸੀਂ ਦੋਵੇਂ ਮਹਾਨ ਨੇਤਾਵਾਂ ਦਾ ਆਪਸ ਵਿਚ ਜਬਰਦਸਤ ਤਾਲਮੇਲ ਅਤੇ ਨੇੜਤਾ ਦੇਖਦੇ ਹਾਂ ਅਤੇ ਉਹ ਇਕ-ਦੂਜੇ ਦਾ ਬਹੁਤ ਸਨਮਾਨ ਕਰਦੇ ਸਨ। ਭਾਜਪਾ ਦਾ ਝੂਠ ਯਤਨ ਕਦੀ ਸਫਲ ਨਹੀਂ ਹੋਵੇਗਾ।

# 'ਇੱਥੋਂ ਰੇਗਿਸਤਾਨ ਦਿਸਦਾ ਹੈ' ਨਾਵਲ ਪੰਜਾਬੀ ਭਾਸ਼ਾ ਤੇ ਵਾਤਾਵਰਣੀ ਸੰਕਟ ਦੀ ਕਹਾਣੀ ਹੈ- ਜਸਵੀਰ ਰਾਣਾ

ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਸਾਹਿਤ ਸਿਰਜਣਾ ਜ਼ਿੰਦਗੀ ਦਾ ਅਨੁਵਾਦ ਹੁੰਦੀ ਹੈ ਤੇ ਕਿਤਾਬਾਂ ਮਨੁੱਖ ਦੀਆਂ ਸੱਚੀਆਂ ਦੋਸਤ ਹੁੰਦੀਆਂ ਹਨ। ਇਹ ਵਿਚਾਰ ਪ੍ਰਗਟ ਕਰਦਿਆਂ ਸਾਹਿਤ ਸਿਰਜਣਾ ਮੰਚ ਅਮਰਗੜ੍ਹ ਦੇ ਸੰਚਾਲਕ ਕਹਾਣੀਕਾਰ ਜਸਵੀਰ ਰਾਣਾ ਨੇ ਆਪਣੇ ਪਹਿਲੇ ਲਿਖੇ ਨਾਵਲ 'ਇੱਥੋਂ ਰੇਗਿਸਤਾਨ ਦਿਸਦਾ ਹੈ' ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਪੰਜਾਬੀ ਦਾ ਪਹਿਲਾ ਨਾਵਲ ਹੈ, ਜਿਸ ਵਿਚ ਪੰਜਾਬੀ ਭਾਸ਼ਾ, ਗੁਰਮੁਖੀ ਲਿੱਪੀ, ਹਵਾ, ਪਾਣੀ, ਰੁੱਖ, ਧਰਤੀ, ਬਦਲਦੀ ਲੋਕਧਾਰਾ ਅਤੇ ਸਿੱਖਿਆ ਦੇ ਬਦਲ ਰਹੇ ਰੂਪ ਨੂੰ ਵਿਸ਼ਾ-ਵਸਤੂ ਬਣਾਇਆ ਗਿਆ ਹੈ। ਸ੍ਰੀ ਰਾਣਾ ਨੇ ਲਿਖਿਆ ਕਿ ਅੱਜ ਦਾ ਦੌਰ ਮੁਨਾਫ਼ੇ ਦਾ ਅਤੇ ਤੇਜ਼ੀ ਨਾਲ ਦੌੜਨ ਦਾ ਦੌਰ ਹੈ। ਇਸ ਦੌਰ ਵਿਚ ਮਾਂ ਬੋਲੀ ਪੰਜਾਬੀ ਨੂੰ ਛੱਡ ਕੇ ਓਪਰੀ ਭਾਸ਼ਾ ਵਿਚ ਬੋਲਣਾ ਸ਼ਾਨ ਸਮਝਿਆ ਜਾਂਦਾ ਹੈ। ਬੱਚਿਆਂ ਨੂੰ ਓਪਰੀ ਭਾਸ਼ਾਂ ਵਿਚ ਸਿੱਖਿਆ ਦਿੱਤੀ ਜਾਂਦੀ ਹੈ। ਲੋਕਾਂ ਦੀ ਜੀਵਨ ਸ਼ੈਲੀ ਅਤੇ ਜੀਵਨ ਦ੍ਰਿਸ਼ਟੀ ਐਸੀ ਹੋ ਗਈ ਹੈ ਕਿ ਉਹ ਪਾਣੀ ਤੇ ਹਵਾ ਰਾਹੀਂ ਧੂੰਆਂ ਪੀ ਰਹੇ ਹਨ, ਜ਼ਹਿਰ ਖਾ ਰਹੇ ਹਨ ਅਤੇ ਅੱਗ ਫੱਕ ਰਹੇ ਹਨ। ਵਿਸ਼ਵ ਬਾਜ਼ਾਰ, ਸੱਤਾ, ਸਿਆਸਤ ਔਰ ਨਵ-ਪੂੰਜੀਵਾਦੀ ਨੀਤੀ ਵਿਚ ਫਸੇ ਲੋਕ ਅੱਪਰ, ਸ਼ਬਦ, ਵਿਚਾਰ, ਮਾਂ ਬੋਲੀ, ਲਿੱਪੀ, ਧਰਮ ਅਤੇ ਇਖਲਾਕੀ ਫਰਜ਼ਾਂ ਤੋਂ ਦੂਰ ਜਾ ਰਹੇ ਹਨ। ਉਹ ਕੁਦਰਤੀ ਸਰੋਤਾਂ ਨੂੰ ਕਤਲ ਕਰਨ ਦੀ ਸਾਜ਼ਿਸ਼ ਦਾ ਸ਼ਿਕਾਰ ਹੋ ਰਹੇ ਹਨ। ਉਹ ਆਪਣੇ ਪੁਰਖਿਆਂ ਦੀ ਅਮੀਰ ਲੋਕਧਾਰਾ ਦੇ ਪੁਰਾਣੇ ਨਕਸ਼ਾਂ ਨੂੰ ਮੇਟ ਕੇ ਉਹ ਨਵੇਂ ਨਕਸ਼ ਉਲੀਕ ਰਹੇ ਹਨ, ਜਿਹਨਾਂ ਵਿਚ ਨਾਲਿਜ, ਇਨਫਰਮੇਸ਼ਨ ਅਤੇ ਇੰਟੈਲੀ-ਜੈਂਸੀ ਤਾਂ ਬਹੁਤ ਹੈ ਪਰ ਜਿਹਨਾਂ ਵਿਚੋਂ ਪੁਰਖਿਆਂ ਵਾਲੀ ਵਿਜ਼ਡਮ ਸਿਆਣਪ ਗਾਇਬ ਹੈ। ਇਹ ਨਾਵਲ ਸਾਡੇ ਵਰਤਮਾਨ ਸਮੇਂ ਦੀ ਸੰਕਟਕਾਲੀ ਤਸਵੀਰ ਤਾਂ ਪੇਸ਼ ਕਰਦਾ ਹੀ ਹੈ, ਇਹ ਭਵਿੱਖ ਦੇ ਉਹਨਾਂ ਡਰਾਉਣੇ ਦ੍ਰਿਸ਼ਾਂ ਨੂੰ ਵੀ ਉਲੀਕਦਾ ਹੈ, ਜੋ ਪੰਜਾਬੀ ਭਾਸ਼ਾ, ਗੁਰਮੁਖੀ ਲਿੱਪੀ, ਹਵਾ, ਪਾਣੀ, ਰੁੱਖ ਖਤਮ ਹੋ ਜਾਣ ਤੋਂ ਬਾਅਦ ਇਸ ਧਰਤੀ ਉਪਰ ਪੈਦਾ ਹੋਣ ਵਾਲੇ ਹਨ। ਪੰਜਾਬੀ ਭਾਸ਼ਾ, ਗੁਰਮੁਖੀ ਲਿੱਪੀ, ਵਾਤਾਵਰਨੀ ਸੰਕਟ ਅਤੇ ਬਦਲਦੀ ਲੋਕਧਾਰਾ ਨਾਲ ਜੁੜੇ ਬਹੁਪਰਤੀ ਸੰਕਟਾਂ ਨੂੰ ਇਕ ਵੱਖਰੀ ਤੇ ਨਵੀਂ ਹੀ ਕਥਾ-ਸ਼ੈਲੀ ਵਿਚ ਪੇਸ਼ ਕਰਦਾ ਇਹ ਨਾਵਲ ਸਿਰਫ ਮੌਜੂਦਾ ਸੰਕਟ ਦੀ ਪੇਸ਼ਕਾਰੀ ਹੀ ਨਹੀਂ ਕਰਦਾ, ਬਲਕਿ ਇਸ ਨਾਵਲ ਵਿਚ ਉਪਰੋਕਤ ਸੰਕਟ ਦੇ ਲੁਪਤ ਤੇ ਪ੍ਰਤੱਖ ਹੱਲ ਵੀ ਮੌਜੂਦ ਹਨ। ਸ੍ਰੀ ਜਸਵੀਰ ਰਾਣਾ ਨੇ ਆਧੁਨਿਕ ਸੂਚਨਾ ਤਕਨੀਕ ਦੇ ਦੌਰ ਵਿਚ ਸ਼ਬਦ, ਸਾਹਿਤ, ਸੰਵੇਦਨਾ ਤੇ ਸਿਰਜਣਾ ਤੋਂ ਪਾਸਾ ਵੱਟ ਕੇ ਲੰਘ ਰਹੇ ਸੰਵੇਦਨਸ਼ੀਲ ਸਮਾਜ ਨੂੰ ਕਿਤਾਬੀ ਸਭਿਆਚਾਰ ਨਾਲ ਜੁੜ ਕੇ ਆਪਣੇ ਪੰਜਾਬੀ ਮਨੁੱਖ ਹੋਣ ਦਾ ਪ੍ਰਮਾਣ ਪੇਸ਼ ਕਰਨ ਲਈ ਸਨਿਮਰ ਬੇਨਤੀ ਕੀਤੀ ਹੈ। ਉਹਨਾਂ ਕਿਹਾ ਕਿ ਇਹ ਨਾਵਲ ਜਲਦੀ ਹੀ ਛਪ ਕੇ ਪਾਠਕਾਂ ਦੇ ਹੱਥਾਂ ਵਿਚ ਆ ਰਿਹਾ ਹੈ। ਇਸ ਨਾਵਲ ਨੂੰ ਪੜ੍ਹਨ ਹਰ ਸੱਚੇ ਪੰਜਾਬੀ ਦਾ ਇਖਲਾਕੀ ਫਰਜ਼ ਹੈ।



ਜਸਵੀਰ ਰਾਣਾ
91-98156-59220

# ਰਿਆੜਕੀ ਸੱਥ ਦੇ ਸਨਮਾਨ ਸਮਾਰੋਹ 'ਚ ਤਿੰਨ ਸ਼ਖ਼ਸੀਅਤਾਂ ਦਾ ਕੀਤਾ ਸਨਮਾਨ

## ਪੰਜਾਬੀ ਵਿਰਸੇ ਦੇ ਪ੍ਰਚਾਰ ਪ੍ਰਸਾਰ ਲਈ ਖਾੜੀ ਦੇਸ਼ਾਂ 'ਚ ਸਥਾਪਿਤ ਹੋ ਰਹੀਆਂ ਸੱਥ ਦੀਆਂ ਇਕਾਈਆਂ- ਡਾ ਨਿਰਮਲ ਸਿੰਘ

**ਬਟਾਲਾ (ਨਰਿੰਦਰ ਬਰਨਾਲ)-** ਨਵੰਬਰ-ਪੰਜਾਬੀ ਮਾਂ ਬੋਲੀ ਅਤੇ ਨਰੋਏ ਸਭਿਆਚਾਰ ਦੀ ਸਾਂਭ ਸੰਭਾਲ ਦਾ ਪ੍ਰਣ ਲੈਂਦਿਆਂ ਰਿਆੜਕੀ ਸੱਥ ਹਰਪਪੁਰਾ ਧੰਦੋਈ ਦਾ ਸਾਲਾਨਾ ਸਨਮਾਨਿਤ ਸਮਾਗਮ ਸੰਪਨ ਹੋ ਗਿਆ। ਇਸ ਮੌਕੇ 'ਤੇ ਵੱਖ ਵੱਖ ਬੁਲਾਰਿਆਂ ਨੇ ਆਪਣੀ ਮਾਤ ਭਾਸ਼ਾ ਦੇ ਪ੍ਰਸਾਰ ਪ੍ਰਚਾਰ ਲਈ ਇੱਕਜੁੱਟ ਹੋ ਕੇ ਯਤਨ ਕਰਨ 'ਤੇ ਜ਼ੋਰ ਦਿੱਤਾ। ਸਰਕਾਰੀ ਸੀਨੀਆਰ ਸੈਕੰਡਰੀ ਸਕੂਲ ਹਰਪੁਰਾ ਧੰਦੋਈ ਵਿਖੇ ਹੋਏ ਸਮਾਗਮ ਮੌਕੇ ਵੱਖ ਵੱਖ ਖੇਤਰਾਂ 'ਚ ਫਖ਼ਰਯੋਗ ਕੰਮ ਕਰਨ ਵਾਲੀਆ ਤਿੰਨ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ। ਜਿਨ੍ਹਾਂ ਵਿੱਚ ਲੋਕ ਕਵੀ ਫਰਤੂਲ ਚੰਦ ਫ਼ੱਕਰ ਨੂੰ ਬਲਵੰਤ ਸਿੰਘ ਦਰਦੀ ਯਾਦਗਾਰੀ ਸਨਮਾਨ, ਭੰਗੜਾ ਕੋਚ ਪ੍ਰੋਫੈਸਰ ਬਲਬੀਰ ਸਿੰਘ ਕੋਲਾ ਨੂੰ ਚਮਨ ਹਰਿਗੋਬਿੰਦਪੁਰੀ ਅਤੇ ਹਾਕੀ ਉਲੰਪੀਅਨ ਸਵਰਣਜੀਤ ਸਿੰਘ ਨੂੰ ਮਾਤਾ ਜੱਸ ਕੌਰ ਬਸਰਾ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਰਿਆੜਕੀ ਸੱਥ ਦੇ ਬੁਲਾਰੇ ਸੂਬਾ ਸਿੰਘ ਖਹਿਰਾ ਦੀ ਅਗਵਾਈ ਹੇਠ ਹੋਏ ਸਮਾਗਮ 'ਚ ਸੱਥ ਦੀਆਂ ਵਿਦੇਸ਼ਾਂ 'ਚ ਸਥਾਪਿਤ ਇਕਾਈਆਂ ਦੇ ਅਹੁੱਦੇਦਾਰਾਂ ਤੋਂ ਇਲਾਵਾ ਹੋਰ ਨਾਮਵਰ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਸਮਾਗਮ ਦੌਰਾਨ ਦਲੇਰ ਸੋਹੀ, ਸਵਿੰਦਰ ਭਾਗੋਵਾਲੀਆ ਅਤੇ ਰਣਯੋਧ ਸਿੰਘ ਨੇ ਆਪਣੀ ਸਾਫ਼ ਸੁਥਰੀ ਗਾਇਕੀ ਦੀ ਝਲਕ ਪੇਸ਼ ਕਰਦਿਆਂ ਹਾਜ਼ਰ ਸਰੋਤਿਆਂ ਦਾ ਮਨੋਰੰਜਨ ਕੀਤਾ। ਸ਼ਾਇਰ ਤੇ ਲੇਖਕ ਹਰਭਜਨ ਬਾਜਵਾ ਨੇ 'ਸੱਥ' ਦੇ ਅਸਲ ਮਾਇਨੇ ਦੱਸੇ ਤੇ ਕਿਹਾ ਕਿ ਹੁਣ ਪਿੰਡਾਂ, ਕਸਬਿਆਂ 'ਚ ਉਹ 'ਸੱਥਾਂ' ਨਹੀਂ ਰਹੀਆਂ। ਕਿਉਂਕਿ ਅਜੋਕੇ ਦੌਰ 'ਚ ਆਦਮੀ ਆਪਣਿਆਂ 'ਚ ਹੀ ਗੁਆਚ ਗਿਆ ਹੈ। ਇਸੇ ਤਰ੍ਹਾਂ ਜਰਮਨ ਤੋਂ ਆਏ ਸ਼ਾਇਰ ਸੁੱਚਾ ਸਿੰਘ ਬਾਜਵਾ ਨੇ ਪੰਜਾਬ ਨੂੰ ਪੰਜਾਬੀ ਦਾ ਮੁੱਢ ਮੰਨਦੇ ਹੋਏ ਜਰਮਨ ਵਿੱਚ ਭਾਸ਼ਾਈ ਸਰਗਰਮੀਆਂ ਤੋਂ ਜਾਣੂ ਵੀ ਕਰਵਾਇਆ। ਸੱਥ ਦੇ ਨਿਗਰਾਨ ਸੂਬਾ ਸਿੰਘ ਖਹਿਰਾ ਨੇ ਰਿਆੜਕੀ ਖਿੱਤੇ ਵਿੱਚ ਸਾਹਿਤਿਕ ਸਰਗਰਮੀਆਂ ਜਾਰੀ ਰੱਖਣ ਦਾ ਅਹਿਦ ਕੀਤਾ ਅਤੇ ਦੱਸਿਆਂ ਕਿ ਕੇਵਲ ਨਿਰੋਆ ਸਭਿਆਚਾਰ ਤੇ ਸਾਹਿਤ ਹੀ ਨੌਜਵਾਨਾਂ ਨੂੰ ਸਹੀ ਸੇਧ ਦੇ ਸਕਦਾ ਹੈ। ਸਮਾਗਮ ਦੀ ਪ੍ਰਧਾਨਗੀ ਡਾ ਨਿਰਮਲ ਸਿੰਘ ਲਾਂਬੜਾ, ਹਰੀ ਕਾਦਿਆਨੀ,ਦੇਵਿੰਦਰ ਦੀਦਾਰ, ਪ੍ਰਿੰ ਰਵਿੰਦਰਪਾਲ ਸਿੰਘ ਚਾਹਲ, ਡਾ ਅਨੂਪ ਸਿੰਘ, ਸ਼੍ਰੀ ਅਗਨੀਹੋਤਰੀ ਆਦਿ ਨੇ ਕੀਤੀ। ਇਸ ਮੌਕੇ 'ਤੇ ਪੰਜਾਬੀ ਸੱਥ ਲਾਂਬੜਾ ਤੋਂ ਡਾ ਨਿਰਮਲ ਸਿੰਘ ਨੇ ਸੱਥ ਦੀਆਂ ਇਕਾਈਆਂ ਖਾੜੀ ਦੇਸ਼ਾਂ 'ਚ ਸਥਾਪਿਤ ਕਰਨ ਤੋਂ ਜਾਣੂ ਕਰਵਾਇਆਂ ਅਤੇ ਦੱਜਸਿਆਂ ਕਿ ਉਹ ਸੱਥ ਰਾਹੀ ਪੰਜਾਬੀ, ਪੰਜਾਬੀ ਮਾਂ ਬੋਲੀ ਅਤੇ ਪੰਜਾਬੀਅਤ ਦੀ ਖ਼ੁਸ਼ਬੋ ਦੂਰ ਦੁਰੇਡੇ ਤੱਕ ਮਹਿਕਾਈ ਜਾਵੇ। ਇਸ ਤੋਂ ਪਹਿਲਾਂ ਪ੍ਰਿੰਸੀਪਲ ਰੰਜੀਵ ਅਰੋੜਾ, ਡਾ ਅਨੂਪ ਸਿੰਘ, ਸੁਰਿੰਦਰ ਸ਼ਾਇਰ, ਸੰਧੂ ਬਟਾਲਵੀਂ, ਸ਼੍ਰੀ ਅਗਨੀਹੋਤਰੀ ਤੇ ਦਿਲਬਾਗ ਪੱਡਾ ਨੇ ਆਪਣੇ ਵਿਚਾਰ ਰੱਖੇ ਸੱਥ ਦੀਆਂ ਸਰਗਰਮੀਆਂ 'ਤੇ ਸੰਤੁਸ਼ਟੀ ਜਤਾਈ। ਇਸ ਮੌਕੇ 'ਤੇ ਗੁਰਮੀਤ ਸਿੰਘ ਬਾਜਵਾ ਇੰਦਰਜੀਤ ਬਾਜਵਾ, ਨਰਿੰਦਰ ਬਰਨਾਲ, ਪ੍ਰਿੰ ਪ੍ਰੇਮਪਾਲ ਢਿੱਲੋਂ, ਧਰਪ੍ਰੀਤ ਬਾਜਵਾ, ਲੈਕਚਰਾਰ ਸਤਨਾਮ ਸਿੰਘ ਥਰੀਏਵਾਲ ਕਮਲਦੀਪ ਕੌਰ, ਕੁਲਦੀਪ ਕੌਰ, ਬਲਵਿੰਦਰ ਕੌਰ, ਕੁਲਭੂਸ਼ਨ ਰਾਜਾ, ਨਰਸਿੰਗ ਲਾਲ, ਕਰਮਬੀਰ ਸਿੰਘ, ਤਰਲੋਕ ਨਾਥਪੁਰ,ਹਰਪਾਲ ਸਿੰਘ ਬੋਪਾਰਾਏ,ਅਮਰਜੀਤ ਕੌਰ, ਸੁਖਦੇਵ ਪ੍ਰੇਮੀ, ਸਮੇਤ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ। ਫੋਟੋ-ਰਿਆੜਕੀ ਸੱਥ ਹਰਪੁਰਾ ਧੰਦੋਈ ਦੇ ਅਹੁੱਦੇਦਾਰ ਤਿੰਨ ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰ ਰਹੇ । **ਰਿਪੋਰਟ- ਨ ਸ ਬਰਨਾਲ** (95010-01303)



## ਅਣਛੋਹੇ ਅਮੁੱਲੇ ਪੱਖ

# ਇਨਕਲਾਬੀ ਵਿਚਾਰਧਾਰਾ ਅਤੇ ਇਨਕਲਾਬ ਦੇ ਚਿੰਨ੍ਹ

ਬੋਲਿਆਂ ਨੂੰ ਸੁਣਾਉਣ ਲਈ', ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀ ਵਿਚਾਰਧਾਰਾ ਅਤੇ ਇਨਕਲਾਬੀ ਪ੍ਰੋਗਰਾਮ' ਨਾਮ ਦੀ ਹੱਥਲੀ ਪੁਸਤਕ ਐਸ.ਇਰਫਾਨ ਹਬੀਬ ਦੇ ਗਹਿਰੇ ਅਧਿਐਨ ਅਤੇ ਖੋਜ-ਪੜਤਾਲ ਦਾ ਕੁੰਜੀਵਤ ਇਤਿਹਾਸਕ ਦਸਤਾਵੇਜ਼।

ਬਾਤਾਂ ਪਾਉਣਾ, ਇਤਿਹਾਸਕ ਪ੍ਰਮਾਣਾਂ ਤੋਂ ਬਗੈਰ ਕਿਸੇ ਵੀ ਸਾਹਿਤਕ ਵੰਨਗੀ ਨੂੰ ਇਤਿਹਾਸ ਦਾ ਸਫ਼ਾ ਨਹੀਂ ਕਿਹਾ ਜਾ ਸਕਦਾ। ਇਤਿਹਾਸ ਨਾਲ ਪਾਠਕ ਨੂੰ ਬਾ-ਵਾਸਤਾ ਕਰਨ ਦਾ ਬੇਹਤਰੀਨ ਨਮੂਨਾ ਪੇਸ਼ ਕੀਤਾ ਐਸ.ਇਰਫਾਨ ਹਬੀਬ ਦੀ ਹੱਥਲੀ ਪੁਸਤਕ ਨੇ।


ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਬਾਰੇ ਆਪਣੇ ਜ਼ੋਰ ਨਾਲ ਕੁਝ ਕਹਿਣ ਦੀ ਬਜਾਏ, ਉਹਨਾਂ ਦੀ ਵਿਚਾਰਧਾਰਾ, ਪ੍ਰੋਗਰਾਮ, ਬਿਆਨਾਂ ਅਤੇ ਇਤਿਹਾਸਕ ਤੱਥਾਂ ਨਾਲ ਪਾਠਕ ਨੂੰ ਜੋੜਿਆ । ਮੁਲਕ ਅੰਦਰ ਆਜ਼ਾਦੀ ਦੇ ਨਾਮ 'ਤੇ ਚੱਲੀਆਂ ਹੋਰ ਲਹਿਰਾਂ ਉਹਨਾਂ ਦੇ ਆਗੂਆਂ ਦੇ ਹਲਫ਼ਨਾਮਿਆਂ ਦਾ ਹਵਾਲਾ ਦਿੰਦਿਆਂ ਇਹ ਗੱਲ ਪਾਠਕ ਦੇ ਹਿੱਸੇ ਛੱਡੀ ਕਿ ਉਹ ਹਕੀਕਤਾਂ ਦੀ ਰੌਸ਼ਨੀ ਵਿੱਚ ਖੁਦ ਸਮਝਣ ਦਾ ਯਤਨ ਕਰੇ ਕਿ ਕੌਣ ਮੁਲਕ ਦੀ ਹਕੀਕੀ ਆਜ਼ਾਦੀ, ਜਮਹੂਰੀਅਤ ਅਤੇ ਬਰਾਬਰੀ ਦੇ ਨਿਰਮਾਣ ਨਾਲ ਖੜ੍ਹਾ ਕੌਣ ਬਦੇਸੀ, ਦੇਸੀ ਜਾਂ ਦੋਹਾਂ ਦੀ ਮਿਲੀ ਭੁਗਤ ਦੇ ਏਜੰਡੇ ਦੀ ਚਾਕਰੀ ਕਰਦਾ। ਮੰਨੇ-ਪ੍ਰਮੰਨੇ ਇਤਿਹਾਸਕਾਰ ਦੀ ਯੋਗਤਾ ਅਤੇ ਸਮਰੱਥਾ ਦਾ ਮੂੰਹ ਬੋਲਦਾ ਪ੍ਰਮਾਣ ਹੀ ਕਿ ਹੱਥਲੀ 159 ਸਫ਼ਿਆਂ ਦੀ ਪੁਸਤਕ ਦੇ ਖਰੜੇ ਵਿੱਚ 28 ਸਫ਼ੇ ਤਾਂ ਹਵਾਲਿਆਂ ਅਤੇ ਟਿੱਪਣੀਆਂ ਨੇ ਹੀ ਮੱਲ ਰੱਖੇ ਹਨ। ਉਹ ਅਜੇਹੀ ਬਾ-ਦਲੀਲ ਬੁਣਤੀ ਨਾਲ ਪੁਸਤਕ ਦਾ ਆਧਾਰ ਚੌਖਟਾ ਤਿਆਰ ਕਰ ਰਹੇ ਹਨ ਕਿ ਜਿਉਂਦੇ ਜਾਗਦੇ ਸੱਚ ਅੱਗੇ ਝੂਠ-ਤੂਫ਼ਾਨ ਦੇ ਫੂਸੜੇ ਉਡ ਜਾਂਦੇ ਹਨ। ਪੁਸਤਕ ਅਜੇਹੇ ਵਿਚਾਰਾਂ, ਪ੍ਰੋਗਰਾਮ ਦੀ ਇਤਿਹਾਸਕ ਲੜੀ ਪੇਸ਼ ਕਰਦੀ ਜਿਸਨੂੰ ਫਾਂਸੀ ਨਹੀਂ ਲਾਇਆ ਜਾ ਸਕਦਾ। ਦਫ਼ਨ ਨਹੀਂ ਕੀਤਾ ਜਾ ਸਕਦਾ। ਵਕਤ ਬੀਤਣ ਨਾਲ ਉਹਨਾਂ ਅਮਰ ਸ਼ਹੀਦਾਂ ਦੀ ਸੋਚ ਹੋਰ ਵੀ ਪਰਸੰਗਕ ਹੋ ਰਹੀ । ਉਹਨਾਂ ਦੀ ਵਿਚਾਰਧਾਰਾ ਅਤੇ ਪ੍ਰੋਗਰਾਮ ਅਜੇਹੀ ਇਤਿਹਾਸਕ ਧਰੋਹਰ ਜਿਹੜੀ ਸ਼ਹੀਦਾਂ ਦੀ ਉਸ ਅਮਿਟ ਦੇਣ ਦੇ ਦੀਦਾਰ ਕਰਾਉਂਦੀ ਜਿਸਨੂੰ ਹਰ ਹਰਬਾ ਵਰਤਕੇ ਬਦੇਸ਼ੀ ਅਤੇ ਦੇਸੀ ਹਾਕਮ ਦਬਾਉਂਦੇ ਆ ਰਹੇ ਹਨ।

ਪੁਸਤਕ, ਆਜ਼ਾਦੀ ਸੰਗਰਾਮੀਆਂ ਦਾ ਨਵਾਂ ਬਿੰਬ ਉਭਾਰਦੀ । ਇਹ ਦਰਸਾਉਂਦੀ ਕਿ ਭਗਤ ਸਿੰਘ ਅਤੇ ਉਹਨਾਂ ਦੇ ਸਾਥੀ ਬੰਬ-ਬੰਦੂਕਾਂ ਨਾਲ ਖੇਡਣ ਵਾਲੇ, ਫਾਂਸੀ ਦੇ ਰੱਸਿਆਂ ਨਾਲ ਹੀ ਮੁਹੱਬਤ ਕਰਨ ਵਾਲੇ ਨਹੀਂ ਸਨ। ਉਹ ਚਿੰਤਨਸ਼ੀਲ ਇਨਕਲਾਬੀ ਸਨ ਜਿਨਾਂ ਦਾ ਨਿਸ਼ਾਨਾ ੱਟ ਅਤੇ ਅਨਿਆਂ ਉਪਰ ਟਿਕੇ ਨਿਜ਼ਾਮ ਨੂੰ ਮੂਲੋਂ ਬਦਲਕੇ, ਲੋਕਾਂ ਦੀ ਸਰਦਾਰੀ ਵਾਲਾ ਸਮਾਜ ਸਿਰਜਣਾ।

ਭਗਤ ਸਿੰਘ ਅਤੇ ਬੀ.ਕੇ. ਦੱਤ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਣ ਸਮੇਂ ਜੱਜ ਮਡਿਲਟਨ ਨੇ ਆਪਣੇ ਫੈਸਲੇ ਵਿੱਚ ਹੀ ਲਿਖਿਆ ਸੀ:

''ਇਹ ਲੋਕ 'ਇਨਕਲਾਬ-ਜ਼ਿੰਦਾਬਾਦ', 'ਪ੍ਰੋਲੇਤਾਰੀ ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਹੋਏ ਅਦਾਲਤ ਵਿੱਚ ਦਾਖਲ ਹੁੰਦੇ ਹਨ; ਜਿਸ ਤੋਂ ਸਾਫ਼ ਜ਼ਾਹਰ ਹੁੰਦਾ ਕਿ ਉਹ ਕਿਹੋ ਜਿਹੀ ਵਿਚਾਰਧਾਰਾ ਵਿੱਚ ਯਕੀਨ ਰੱਖਦੇ ਹਨ। ਇਹਨਾਂ ਵਿਚਾਰਾਂ ਨੂੰ ਫੈਲਣ ਤੋਂ ਰੋਕਣ ਲਈ, ਮੈਂ ਉਹਨਾਂ ਨੂੰ ਉਮਰ ਕੈਦ ਦੀ ਸਜ਼ਾ ਦਿੰਦਾ ਹਾਂ।''

ਇਸ ਤੋਂ ਸਾਫ਼ ਪ੍ਰਮਾਣ ਮਿਲਦਾ ਕਿ ਜੱਜ ਨੂੰ ਪਤਾ ਸੀ ਕਿ ਭਗਤ ਸਿੰਘ ਹੋਰਾਂ ਨੇ ਬੋਲਿਆਂ ਨੂੰ ਸੁਣਾਉਣ ਲਈ ਫੋਕਾ ਧਮਾਕਾ ਕੀਤਾ ਸੀ ਨਾ ਕਿ ਜਾਨ-ਲੇਵਾ। ਇਸ 'ਤੇ ਕੋਈ ਸਜ਼ਾ ਨਹੀਂ ਸੀ ਬਣਦੀ। ਜੱਜ ਅਤੇ ਪ੍ਰਬੰਧ ਦੀ ਔਖ ਤਾਂ ਉਸਦੇ ਹਲਫ਼ੀਆ ਨੋਟ ਤੋਂ ਸਾਹਮਣੇ ਆਉਂਦੀ ਕਿ ਉਹ ਬੰਬ ਨਾਲੋਂ ਤਾਂ ਅਸਲ 'ਚ ਭਗਤ ਸਿੰਘ ਹੋਰਾਂ ਦੇ ਵਿਚਾਰਾਂ ਦੇ ਬੰਬ ਕੋਲੋਂ ਕੰਬਦੇ ਸਨ। ਇਹਨਾਂ ਵਿਚਾਰਾਂ ਨੂੰ ਸਾਹਮਣੇ ਲਿਆਉਣ ਦਾ ਅਹਿਮ ਸਾਧਨ ਹਥਲੀ ਪੁਸਤਕ।




ਪੁਸਤਕ ਇੱਕ ਹੋਰ ਸ਼ਾਨਦਾਰ ਪੱਖ ਸਾਹਮਣੇ ਲਿਆਉਂਦੀ ਕਿ ਭਗਤ ਸਿੰਘ ਦੇ ਸਾਥੀ ਅਸ਼ਫਾਕ ਉੱਲਾ ਖ਼ਾਂ ਵਰਗਿਆਂ ਦੇ ਕਿੰਨੇ ਉੱਚੇ ਆਦਰਸ਼ ਸਨ। ਅਸ਼ਫਾਕ ਹੋਰਾਂ ਦੀ ਸ਼ਹਾਦਤ ਕਿਵੇਂ ਸਾਡੇ ਆਜ਼ਾਦੀ ਸੰਗਰਾਮ ਦੀ ਸ਼ਾਨਾਮੱਤੀ ਕਹਾਣੀ। ਅੱਜ ਫ਼ਿਰਕੂ ਤਾਕਤਾਂ, ਮੁਸਲਿਮ ਭਾਈਚਾਰੇ ਨੂੰ ਆਪਣੇ ਹਮਲਿਆਂ ਦਾ ਨਿਸ਼ਾਨਾ ਬਣਾਕੇ ਅਸਲ 'ਚ ਸਾਡੀ ਸਾਂਝੀ ਵਿਰਾਸਤ ਨੂੰ ਤੀਲਾ ਤੀਲਾ ਕਰਨ ਦੇ ਫ਼ਿਰਕੂ ਮਨਸੂਬੇ ਪਾਲ ਰਹੀਆਂ ਹਨ। ਕਾਕੋਰੀ ਕੇਸ 'ਚ ਸ਼ਹੀਦੀ ਜਾਮ ਪੀਣ ਵਾਲੇ ਅਸ਼ਫਾਕ ਉੱਲਾ ਖਾਂ ਦਾ ਬਿਆਨ ਇਸ ਪੁਸਤਕ ਦਾ ਸ਼ਿੰਗਾਰ ਵੀ ਬਣਦਾ ਅਤੇ ਆਪਣੇ ਆਪ 'ਚ ਉਹਨਾਂ ਫ਼ਿਰਕੂ ਸ਼ਕਤੀਆਂ ਨੂੰ ਕਰਾਰਾ ਜਵਾਬ ਵੀ ਬਣਦਾ ਜਿਹੜੀਆਂ ਮੁਲਕ ਅੰਦਰ ਮੁਸਲਿਮ ਭਾਈਚਾਰੇ ਖਿਲਾਫ਼ ਫ਼ਿਰਕੂ ਜ਼ਹਿਰ ਦੀ ਹਨੇਰੀ ਵਗਾ ਰਹੀਆਂ ਹਨ। ਅਸ਼ਫਾਕ ਉੱਲਾ ਖ਼ਾਂ ਨੇ ਉਸ ਮੌਕੇ ਕਿਹਾ ਸੀ: ''ਮੈਂ ਬਦੇਸ਼ੀ ਰਾਜ ਨੂੰ ਸਮਾਜਕ ਬੁਰਾਈ ਸਮਝਦਾ ਹਾਂ। ਮੈਂ ਕਿਸੇ ਵੀ ਅਜੇਹੇ ਹਿੰਦੋਸਤਾਨੀ ਲੋਕਤੰਤਰ ਨੂੰ ਵੀ ਨਫ਼ਰਤ ਕਰਦਾ ਹਾਂ ਜਿਸ ਵਿੱਚ ਕਮਜ਼ੋਰਾਂ ਨੂੰ ਉਹਨਾਂ ਦੇ ਹੱਕਾਂ ਤੋਂ ਵਾਂਝੇ ਰੱਖਿਆ ਜਾਂਦਾ। ਜਿੱਥੇ ਸ਼ਾਹੂਕਾਰਾਂ ਅਤੇ ਜਾਗੀਰਦਾਰਾਂ ਦਾ ਬੋਲਬਾਲਾ ਹੋਏਗਾ ਉਥੇ ਮਜ਼ਦੂਰਾਂ ਕਿਸਾਨਾਂ ਨੂੰ ਬਰਾਬਰ ਦੀ ਹਿੱਸੇਦਾਰੀ ਨਹੀਂ ਮਿਲ ਸਕੇਗੀ। ਜੇ ਗੋਰੇ ਹਾਕਮਾਂ ਦੀ ਬਜਾਏ ਸਾਡੇ ਆਪਣੇ ਦੇਸ਼ ਦੇ ਅਮੀਰਾਂ ਦੇ ਹੱਥ ਸੱਤਾ ਦੀ ਵਾਗਡੋਰ ਆ ਜਾਏਗੀ ਸਾਨੂੰ ਅਜੇਹੀ ਆਜ਼ਾਦੀ ਮਨਜ਼ੂਰ ਨਹੀਂ ਹੋਏਗੀ। ਜੇ ਅਜੇਹਾ ਕਹਿਣ 'ਤੇ ਮੈਨੂੰ ਕਮਿਊਨਿਸਟ ਕਿਹਾ ਜਾਂਦਾ , ਮੈਨੂੰ ਇਸਦੀ ਕੋਈ ਪਰਵਾਹ ਨਹੀਂ।'' ਅੱਜ ਜਦੋਂ ਕੁੱਲ ਦੁਨੀਆਂ ਅੰਦਰ ਸਿੱਧੇ/ਅਸਿੱਧੇ ਹੱਲੇ, ਪਾਬੰਦੀਆਂ, ਫ਼ਿਰਕੂ ਦਹਿਸ਼ਤਗਰਦੀ, ਨਸਲੀ ਜ਼ਹਿਰ ਪਸਾਰੇ ਦਾ ਨਾਗ ਫੁੰਕਾਰੇ ਮਾਰਦਾ। ਜਦੋਂ ਰਸਾਇਣਿਕ ਬੰਬਾਂ ਨਾਲ ਬਾਲਾਂ ਨੂੰ ਸਦਾ ਦੀ ਨੀਂਦ ਸੁਲਾਇਆ ਜਾ ਰਿ। ਜਦੋਂ ਦੁਨੀਆਂ ਭਰ ਦੇ ਕੁਦਰਤੀ ਮਾਲ-ਖਜ਼ਾਨਿਆਂ ਨੂੰ ਜੱਫਾ ਮਾਰਨ ਲਈ ਹਰ ਹਰਬਾ ਵਰਤਿਆ ਜਾ ਰਿਹੈ। ਅਜੇਹੇ ਸਮਿਆਂ ਅੰਦਰ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਵਿਚਾਰਧਾਰਾ ਅਤੇ ਦੂਰ-ਅੰਦੇਸ਼ੀ ਹੋਰ ਵੀ ਪ੍ਰਭਾਵਸ਼ਾਲੀ ਰੂਪ 'ਚ ਸਾਹਮਣੇ ਆ ਰਹੀ :

''ਜਦੋਂ ਤੱਕ ਸਾਮਰਾਜਵਾਦ ਦਾ ਖਾਤਮਾ ਨਹੀਂ ਹੁੰਦਾ, ਉਦੋਂ ਤੱਕ ਮਾਨਵਤਾ ਨੂੰ ਕਲੇਸ਼ ਤੋਂ ਛੁਟਕਾਰਾ ਮਿਲਣਾ ਅਸੰਭਵ । ਉਦੋਂ ਤੱਕ ਯੁੱਧ ਖ਼ਤਮ ਕਰਕੇ ਵਿਸ਼ਵ ਸ਼ਾਂਤੀ ਦੀਆਂ ਗੱਲਾਂ ਕਰਨਾ ਨਿਰਾ ਢੌਂਗ।''

ਅੱਜ ਜਦੋਂ ਰੂਸੀ ਸਮਾਜਵਾਦੀ ਇਨਕਲਾਬ ਦੀ 100ਵੀਂ ਵਰੇਗੰਢ ਮਨਾਈ ਜਾ ਰਹੀ ਅਜੇਹੇ ਮੌਕੇ ਇਹਨਾਂ ਸ਼ਹੀਦਾਂ ਦੇ ਪ੍ਰੋਗਰਾਮ 'ਤੇ ਅਧਾਰਤ ਹੱਥਲੀ ਪੁਸਤਕ ਪਾਠਕਾਂ ਦੇ ਹੱਥਾਂ ਤੱਕ ਪਹੁੰਚਣਾ ਬੇਹੱਦ ਕਾਰਗਰ ਹਥਿਆਰ। ਅੱਜ ਵਿਸ਼ਵ ਭਰ 'ਚ ਫੈਲੇ ਚੌਤਰਫ਼ੇ ਸੰਕਟਾਂ ਦੇ ਹੱਲ ਦਾ ਮਾਰਗ ਇਹਨਾਂ ਨੌਜਵਾਨ ਅਮਰ ਸ਼ਹੀਦਾਂ ਦੀ ਵਿਚਾਰਧਾਰਾ 'ਚ ਸਮੋਇਆ। ਪੰਜਾਬ ਅਤੇ ਮੁਲਕ ਦੇ ਕਈ ਖਿੱਤਿਆਂ ਅੰਦਰ ਤਰਕਸ਼ੀਲ ਵਿਚਾਰਾਂ ਦੀ ਚਰਚਾ ਚੱਲ ਰਹੀ। ਤਰਕਸ਼ੀਲ ਵਿਦਵਾਨਾਂ ਉਪਰ ਕਾਤਲਾਨਾ ਹਮਲੇ ਵੀ ਹੋਏ ਹਨ। ਪੁਸਤਕ ਤਰਕਸ਼ੀਲਤਾ ਬਾਰੇ ਅਹਿਮ ਪੱਖ ਸਾਹਮਣੇ ਲਿਆਉਂਦੀ। ਕੋਈ ਪੌਣੀ ਸਦੀ ਪਹਿਲਾਂ ਭਗਤ ਸਿੰਘ ਅਤੇ ਉਸਦੇ ਸਾਥੀ ਕਰਮ-ਕਾਂਡ, ਅਗੰਮੀ ਸ਼ਕਤੀਆਂ ਆਦਿ ਬਾਰੇ ਵਿਗਿਆਨਕ ਦ੍ਰਿਸ਼ਟੀ ਤੋਂ ਬਹੁਤ ਹੀ ਜਾਗਰੂਕ ਸਨ। ਉਹਨਾਂ ਲਿਖਿਆ ਕਿ: ''ਤੁਸੀਂ ਸਰਬਸ਼ਕਤੀਮਾਨ ਰੱਬ ਦੀ ਗੱਲ ਕਰਦੇ ਹੋ। ਮੈਂ ਪੁੱਛਦਾ ਹਾਂ ਕਿ ਸਰਬਸ਼ਕਤੀਮਾਨ ਹੋ ਕੇ ਤੁਹਾਡਾ ਰੱਬ ਅਨਿਆਂ, ਅੱਤਿਆਚਾਰ, ਭੁੱਖ, ਨੰਗ, ਗਰੀਬੀ, ੱਟ, ਗੈਰ-ਬਰਾਬਰੀ, ਗ਼ੁਲਾਮੀ, ਹਿੰਸਾ ਅਤੇ ਯੁੱਧ ਦਾ ਅੰਤ ਕਿਉਂ ਨਹੀਂ ਕਰਦਾ। ਇਨਾਂ ਸਾਰਿਆਂ ਨੂੰ ਖ਼ਤਮ ਕਰਨ ਦੀ ਤਾਕਤ ਰੱਖਦਿਆਂ ਵੀ ਜੇ ਇਹ ਮਾਨਵਤਾ ਨੂੰ ਇਹਨਾਂ ਸਰਾਪਾਂ ਤੋਂ ਮੁਕਤ ਨਹੀਂ ਕਰਦਾ ਤਾਂ ਨਿਸ਼ਚੇ ਹੀ ਉਸਨੂੰ ਚੰਗਾ ਰੱਬ ਨਹੀਂ ਕਿਹਾ ਜਾ ਸਕਦਾ। ਲੋਕਾਂ ਦੀ ਭਲਾਈ ਲਈ ਜਿੰਨੀ ਛੇਤੀ ਹੋਵੇ ਉਸਦਾ ਖਾਤਮਾ ਹੋ ਜਾਣਾ ਚਾਹੀਦਾ।'' ਇਹ ਪੁਸਤਕ ਬੁਰੀ ਤਰਾਂ ਝੰਬੀ ਗਈ, ਦਿਸ਼ਾ-ਹੀਣ ਹੋਈ ਅਤੇ ਵੰਨ-ਸੁਵੰਨੇ ਕੁਰਾਹਿਆਂ ਦਾ ਸ਼ਿਕਾਰ ਹੋਈ ਨੌਜਵਾਨ ਪੀੜ੍ਹੀ ਲਈ ਮਾਰਗ-ਦਰਸ਼ਕ ਬਣੇਗੀ। ਮਹਾਤਮਾ ਗਾਂਧੀ ਅਤੇ ਉਸਦੀ ਸੋਚ ਦੇ ਪਹਿਰੇਦਾਰਾਂ ਅੱਗੇ ਤਿੱਖੇ ਪ੍ਰਸ਼ਨ ਖੜੇ ਕਰਦੀ ਇਹ ਪੁਸਤਕ ਭਵਿੱਖ ਵਿੱਚ ਵੀ ਜਵਾਬ ਦਾ ਇੰਤਜ਼ਾਰ ਕਰਦੀ ਰਹੇਗੀ। ਸਾਮਰਾਜ-ਜਾਗੀਰੂ ਢਾਂਚੇ ਖਿਲਾਫ਼ ਜੂਝ ਰਹੇ ਕਿਰਤੀ ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ, ਆਦਿਵਾਸੀਆਂ, ਬੇਰੁਜ਼ਗਾਰਾਂ, ਔਰਤਾਂ ਅੱਗੇ ਮਹਾਨ ਆਦਰਸ਼ ਪੇਸ਼ ਕਰਦੀ ਇਹ ਪੁਸਤਕ। ਸੀਤਾ ਰਾਮ ਬਾਂਸਲ ਅਤੇ ਬਲਵਿੰਦਰ ਕੌਰ ਬਾਂਸਲ ਨੇ ਪਹਿਲਾਂ ਵੀ ਪੰਜਾਬੀ ਪਾਠਕਾਂ ਦੀ ਝੋਲੀ 'ਚ ਅਨੂਠਾ, ਸਿਹਤਮੰਦ, ਦੁਰਲੱਭ ਅਤੇ ਅਰਥ ਭਰਪੂਰ ਸਾਹਿਤ ਪਾਇਆ । ਉਸ ਲੜੀ ਇਹ ਹੱਥਲੀ ਪੁਸਤਕ ਜੋ ਕਿ ਅੰਗਰੇਜ਼ੀ, ਹਿੰਦੀ ਵਿੱਚ ਪਹਿਲਾਂ ਪ੍ਰਕਾਸ਼ਤ ਹੋ ੱਕੀ , ਉਸਨੂੰ ਪੰਜਾਬੀ ਪਾਠਕ ਵਰਗ ਲਈ ਨਜ਼ਰਾਨਾ ਕਹਿਣਾ ਕੋਈ ਅੱਤ ਕਥਨੀ ਨਹੀਂ। ਹੁਣ ਜ਼ਿੰਮੇਵਾਰੀ, ਅਸਾਡੇ ਸਭਨਾਂ ਸਿਰ ਆਇਦ ਹੁੰਦੀ ਕਿ ਅਸੀਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਮਿਹਨਤਕਸ਼ ਲੋਕਾਂ, ਸੰਘਰਸ਼ਾਂ ਦੇ ਪਿੜਾਂ ਅੰਦਰ ਇਸ ਪੁਸਤਕ ਉਪਰ ਗੰਭੀਰ ਵਿਚਾਰ-ਚਰਚਾ ਕਰੀਏ ਅਤੇ ਹਰ ਢੁਕਵੇਂ ਮੌਕੇ 'ਤੇ ਹੱਥੋਂ ਹੱਥ ਲੋਕਾਂ ਤੱਕ ਪਹੁੰਚਾਈਏ।

**-ਅਮੋਲਕ ਸਿੰਘ (94170 76735)**
**ਪ੍ਰਧਾਨ, ਪਲਸ ਮੰਚ**

# ਮੇਲੇ ਨੇ ਦੂਜੇ ਦਿਨ ਭਰੀ ਕਲਾ ਦੀ ਉੱਚੀ ਪਰਵਾਜ਼

## ਕੁਇਜ਼, ਚਿੱਤਰਕਲਾ, ਕਵੀ-ਦਰਬਾਰ ਅਤੇ ਦਸਤਾਵੇਜ਼ੀ ਫ਼ਿਲਮਾਂ ਦਾ ਖਿੜਿਆ ਰੰਗ

**ਜਲੰਧਰ-** ਗ਼ਦਰੀ ਬਾਬਿਆਂ ਦੇ 26ਵੇਂ ਮੇਲੇ ਦੇ ਦੂਜੇ ਦਿਨ ਕੁਇਜ਼, ਚਿੱਤਰਕਲਾ ਮੁਕਾਬਲੇ, ਵਿਗਿਆਨਕ ਵਿਚਾਰ ਚਰਚਾ, ਕਵੀ-ਦਰਬਾਰ ਅਤੇ ਦਸਤਾਵੇਜ਼ੀ ਫ਼ਿਲਮਾਂ ਦੀਆਂ ਵੰਨਗੀਆਂ ਦੇ ਵੰਨ-ਸੁਵੰਨੇ ਰੰਗਾਂ ਨੇ ਮੇਲਾ-ਪ੍ਰੇਮੀਆਂ ਨੂੰ ਮੋਹਿਤ ਕਰਕੇ ਰੱਖਿਆ। ਪਿਛਲੇ ਮੇਲਿਆਂ ਨਾਲੋਂ ਵੀ ਗਿਣਤੀ ਅਤੇ ਕਲਾਤਮਕ ਮਿਆਰ ਪੱਖੋਂ ਮੇਲੇ ਦਾ ਰੰਗ ਰੂਸੀ ਸਮਾਜਵਾਦੀ ਇਨਕਲਾਬ ਦੀ 100ਵੀਂ ਵਰ੍ਹੇਗੰਢ 'ਤੇ ਹੋਰ ਖਿੜਿਆ ਹੈ।

ਕੁਇਜ਼ ਮੁਕਾਬਲੇ ਵਿੱਚ 33 ਟੀਮਾਂ ਸ਼ਾਮਲ ਹੋਈਆਂ। ਇਹਨਾਂ ਟੀਮਾਂ 'ਚੋਂ ਉਪਰਲੇ ਪੰਜ ਸਥਾਨ ਹਾਸਲ ਕਰਨ ਵਾਲੀਆਂ ਟੀਮਾਂ ਵਿੱਚ ਅੰਤਿਮ ਮੁਕਾਬਲਾ ਹੋਇਆ। ਇਹਨਾਂ ਟੀਮਾਂ 'ਚ ਪਹਿਲਾ ਦਰਜਾ ਜ਼ਿਲਾ ਸਿੱਖਿਆ ਅਤੇ ਸਿਖਲਾਈ ਸੰਸਥਾ ਸ਼ੇਖੂਪੁਰ, ਦੂਜਾ ਸਥਾਨ ਸੈਕਿੰਡ ਇਨਿੰਗਜ਼ ਫਾਊਂਡੇਸ਼ਨ ਜਲੰਧਰ ਅਤੇ ਤੀਜਾ ਸਥਾਨ ਸੰਤ ਹੀਰਾ ਦਾਸ ਕੰਨਿਆ ਮਹਾਂਵਿਦਿਆਲਯ ਕਾਲਾ ਸੰਘਿਆ ਨੇ ਹਾਸਲ ਕੀਤਾ।

ਚਿੱਤਰਕਲਾ ਮੁਕਾਬਲੇ ਦਾ ਆਗਾਜ਼ ਨਾਮਵਰ ਚਿੱਤਰਕਾਰ ਸੁਖਵੰਤ ਨੂੰ ਖੜ੍ਹੇ ਹੋ ਕੇ ਸ਼ਰਧਾਜ਼ਲੀ ਦੇਣ ਨਾਲ ਹੋਇਆ। ਇਸ ਮੌਕੇ ਉਨ੍ਹਾਂ ਦਾ ਪੁੱਤਰ ਅਨਮੋਲਦੀਪ ਅਤੇ ਪੁੱਤਰੀ ਹਰਪ੍ਰੀਤ ਕੌਰ ਵੀ ਸਮਾਗਮ 'ਚ ਉਚੇਚੇ ਤੌਰ 'ਤੇ ਸ਼ਾਮਲ ਹੋਏ ਅਤੇ ਮਗਰੋਂ ਜੇਤੂ ਪ੍ਰਤੀਯੋਗੀਆਂ ਨੂੰ ਇਨਾਮ-ਸਨਮਾਨ ਨਾਲ ਸਨਮਾਨਿਤ ਵੀ ਕੀਤਾ।

ਚਿੱਤਰਕਲਾ ਮੁਕਾਬਲੇ ਦੇ ਗਰੁੱਪ ਏ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਲਤੀਕਾ (ਐਚ.ਐਮ.ਵੀ. ਕਾਲਜ, ਜਲੰਧਰ), ਹਰਪ੍ਰੀਤ ਕੌਰ (ਐਸ.ਜੀ.ਜੀ.ਐਸ. ਖਾਲਸਾ ਕਾਲਜ, ਮਾਹਿਲਪੁਰ) ਤੇ ਅਮਨਦੀਪ ਸਿੰਘ (ਪਿੰਡ ਹੇਰੀਆਂ) ਨੇ ਹਾਸਲ ਕੀਤਾ।

ਪਰਮਜੋਤ ਸਿੰਘ (ਜੀ.ਐਨ.ਡੀ.ਯੂ. ਕਾਲਜ, ਜਲੰਧਰ), ਸ਼ਿਵਮ ਪਾਂਡੇ (ਮੇਹਰ ਚੰਦ ਟੈਕਨੀਕਲ ਇੰਸਟੀਚਿਊਟ ਜਲੰਧਰ), ਹਰਦੀਪ ਕੌਰ (ਗੁਰੂ ਨਾਨਕ ਨੈਸ਼ਨਲ ਕਾਲਜ, ਨਕੋਦਰ), ਪ੍ਰਭਜੋਤ ਸਿੰਘ (ਲਾਲਾ ਜਗਤ ਨਰਾਇਣ ਸਕੂਲ, ਜਲੰਧਰ), ਮੁਸਕਾਨ (ਪੀ.ਸੀ.ਐਮ. ਐਸ.ਡੀ. ਕਾਲਜੀਏਟ ਸਕੂਲ) ਅਤੇ ਸਾਕਸ਼ੀ (ਐਮ.ਜੀ.ਐਨ. ਕਾਲਜ ਆਫ਼ ਐਜੂਕੇਸ਼ਨ) ਨੂੰ ਹੌਸਲਾ ਵਧਾਊ ਇਨਾਮ ਨਾਲ ਸਨਮਾਨਤ ਕੀਤਾ ਗਿਆ।

ਗਰੁੱਪ ਬੀ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਮੰਥਨ ਮੇਹਮੀ (ਮਾਨਵ ਸਹਿਯੋਗ ਸਕੂਲ), ਮਨਪ੍ਰੀਤ ਕੌਰ (ਲਾਲਾ ਜਗਤ ਨਰਾਇਣ ਸਕੂਲ, ਜਲੰਧਰ) ਅਤੇ ਨਵਜੋਤ ਸਿੰਘ (ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਮਰਾਏ ਜੰਡਿਆਲਾ) ਨੇ ਹਾਸਲ ਕੀਤਾ।

ਰਵੀ ਕੁਮਾਰ (ਲਾਇਲਪੁਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਜਲੰਧਰ), ਮਨੀਸ਼ਾ (ਜਲੰਧਰ ਮਾਡਲ ਸਕੂਲ, ਜਲੰਧਰ), ਪਵਨਪ੍ਰੀਤ ਸਿੰਘ (ਸੰਤ ਹੀਰਾ ਦਾਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਕਾਲਾ ਸੰਘਿਆਂ), ਪੁਨਿਆ ਪ੍ਰਤੀਸ਼ਠਾ (ਸੇਂਟ ਜੋਸਫ਼ ਕਾਨਵੈਂਟ ਸਕੂਲ, ਜਲੰਧਰ), ਅਨੁਜ ਯਾਦਵ (ਲਾਲਾ ਜਗਤ ਨਰਾਇਣ ਸਕੂਲ, ਜਲੰਧਰ) , ਅਮਰ (ਦਸਮੇਸ਼ ਪਬਲਿਕ ਸਕੂਲ, ਜਲੰਧਰ) ਅਤੇ ਹੁਨਰਜੋਤ ਕੌਰ (ਐਮ.ਜੀ.ਐਨ. ਸਕੂਲ, ਆਦਰਸ਼ ਨਗਰ) ਨੂੰ ਹੌਸਲਾ ਵਧਾਊ ਇਨਾਮ ਨਾਲ ਸਨਮਾਨਤ ਕੀਤਾ ਗਿਆ।

ਗਰੁੱਪ ਸੀ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਵਿਸ਼ੇਸ਼ ਵਿੱਜ (ਏ.ਪੀ.ਜੇ. ਸਕੂਲ, ਜਲੰਧਰ), ਨਿਯਾਤੀ ਅਗਰਵਾਲ (ਲਾਲਾ ਜਗਤ ਨਰਾਇਣ ਸਕੂਲ, ਜਲੰਧਰ) ਅਤੇ ਕਾਮਿਆਂ (ਜਲੰਧਰ ਮਾਡਲ ਸਕੂਲ, ਜਲੰਧਰ) ਨੇ ਹਾਸਲ ਕੀਤਾ।

ਇੰਦਰ (ਆਰ.ਕੇ.ਐਮ.ਜੀ.ਐਮ. ਸੀਨੀਅਰ ਸੈਕੰਡਰੀ ਸਕੂਲ, ਜਲੰਧਰ), ਜਸ਼ਨਦੀਪ ਸਹੋਤਾ (ਮਾਨਵ ਸਹਿਯੋਗ ਸਕੂਲ, ਜਲੰਧਰ), ਭਵਦੀਪ ਲਾਲ (ਐਸ.ਆਰ.ਟੀ. ਡੀ.ਏ.ਵੀ. ਸਕੂਲ, ਬਿਲਗਾ), ਤਮੰਨਾ ਕਲੇਰ (ਗੁਰੂਕੁਲ ਸਕੂਲ, ਜਲੰਧਰ), ਜੈਵੀਰ ਕੌਰ (ਸੇਂਟ ਥੌਮਸ ਸਕੂਲ, ਜਲੰਧਰ), ਧੈਰਿਆ (ਦਯਾਨੰਦ ਮਾਡਲ ਸਕੂਲ, ਮਾਡਲ ਟਾਊਨ, ਜਲੰਧਰ) ਅਤੇ ਅਭੀਸ਼ੇਕ ਕੁਮਾਰ (ਲਾਇਲਪੁਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਜਲੰਧਰ) ਨੂੰ ਹੌਸਲਾ ਵਧਾਊ ਇਨਾਮ ਨਾਲ ਸਨਮਾਨਤ ਕੀਤਾ ਗਿਆ।

ਵੱਖ-ਵੱਖ ਜੇਤੂਆਂ ਨੂੰ ਇਨਾਮ-ਸਨਮਾਨ ਦੇਣ ਸਮੇਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਸੀਨੀਅਰ ਟਰੱਸਟੀ ਗੰਧਰਵ ਸੇਨ ਕੋਛੜ, ਨੌਨਿਹਾਲ ਸਿੰਘ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ, ਹਰਵਿੰਦਰ ਭੰਡਾਲ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਹਰਬੀਰ ਕੌਰ ਬੰਨੋਆਣਾ, ਬਲਬੀਰ ਕੌਰ ਬੁੰਡਾਲਾ, ਚਰੰਜੀ ਲਾਲ ਕੰਗਣੀਵਾਲ, ਦੇਵ ਰਾਜ ਨਯੀਅਰ, ਕੁਲਬੀਰ ਸਿੰਘ ਸੰਘੇੜਾ, ਸੁਰਿੰਦਰ ਜਲਾਲਦੀਵਾਲ, ਡਾ. ਕਰਮਜੀਤ ਕੌਰ, ਮਨਜੀਤ ਅਤੇ ਰਮਿੰਦਰ ਪਟਿਆਲਾ ਮੰਚ 'ਤੇ ਸਸ਼ੋਭਤ ਸਨ।

ਡਾ. ਸੁਰਜੀਤ ਜੱਜ, ਡਾ. ਕਰਮਜੀਤ ਸਿੰਘ ਅਤੇ ਦਰਸ਼ਨ ਸਿੰਘ ਖਟਕੜ ਦੀ ਪ੍ਰਧਾਨਗੀ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਹਰਵਿੰਦਰ ਭੰਡਾਲ ਦੀ ਮੰਚ ਸੰਚਾਲਨਾ 'ਚ ਹੋਏ ਕਵੀ ਦਰਬਾਰ 'ਚ ਕਵੀਆਂ ਨੇ ਭਗਵੇਂਕਰਨ, ਦਲਿਤ ਪੀੜਾ, ਅੰਧ-ਵਿਸ਼ਵਾਸ, ਖਪਤ ਸਭਿਆਚਾਰ ਅਤੇ ਮੰਡੀ ਦੇ ਯੁੱਗ ਅੰਦਰ ਚਪੇੜਾਂ ਖਾ ਰਹੀ ਕਿਰਤ ਦੇ ਸੁਆਲ ਨੂੰ ਆਪਣੀਆਂ ਕਵਿਤਾਂ ਵਿੱਚ ਪਰੋਦਿਆਂ ਜਾਗਰੂਕ ਕਵੀ ਦਾ ਸਬੂਤ ਦਿੰਦਿਆਂ ਆਪਣੇ ਸ਼ਾਨਾਮੱਤੇ ਵਿਰਸੇ ਨਾਲ ਜੋੜਨ ਲਈ ਪ੍ਰੇਰਦੀਆਂ ਨਜ਼ਮਾਂ ਪੇਸ਼ ਕੀਤੀਆਂ।

ਕਵੀ-ਦਰਬਾਰ ਉਪਰੰਤ 'ਦਸ ਦਿਨ ਜਿਨ੍ਹਾਂ ਦੁਨੀਆਂ ਹਿਲਾ ਦਿੱਤੀ' ਅਤੇ 'ਸ਼ੈਲਾਬ' ਦਸਤਾਵੇਜ਼ੀ ਫ਼ਿਲਮਾਂ ਪੀਪਲਜ਼ ਵਾਇਸ ਦੁਆਰਾ ਪੇਸ਼ ਕੀਤੀਆਂ ਗਈਆਂ।

ਮੇਲੇ ਦੇ ਸਿਖਰਲੇ ਦਿਨ ਪਹਿਲੀ ਨਵੰਬਰ ਸਵੇਰੇ 10 ਵਜੇ ਝੰਡਾ ਲਹਿਰਾਉਣ ਰਸਮ ਅਦਾ ਕਰਨ ਉਪਰੰਤ ਸਾਰਾ ਦਿਨ ਸਾਰੀ ਰਾਤ ਨਾਟਕ, ਲਘੂ ਨਾਟਕ, ਗੀਤ-ਸੰਗੀਤ ਅਤੇ ਵਿਚਾਰ-ਚਰਚਾ ਦੇ ਦੌਰ ਚਲਦੇ ਰਹਿਣਗੇ ਅਤੇ ਨਵੇਂ ਸੂਰਜ ਨੂੰ ਸਿਰਜਦਾ ਕਰਦੇ ਹੋਏ 2 ਨਵੰਬਰ ਸਰਘੀ ਵੇਲੇ ਮੇਲਾ ਪੂਰੇ ਜੋਰ-ਖਰੋਸ਼ ਨਾਲ ਆਪਣੀ ਚਰਮ-ਸੀਮਾ 'ਤੇ ਪੁੱਜੇਗਾ।

## ਭਖ਼ਦੇ ਸੁਆਲਾਂ ਬਾਰੇ ਗ਼ਦਰੀ ਮੇਲੇ ਨੇ ਦਿੱਤੀ ਦਸਤਕ - ਗੰਧਰਵ ਸੇਨ ਕੋਛੜ ਅਤੇ ਰਾਣਾ ਆਯੂਬ ਨੇ ਦਿੱਤੀਆਂ ਭਾਵਪੂਰਤ ਤਕਰੀਰਾਂ

(ਸਫਾ 9 ਦੀ ਬਾਕੀ)

ਨਾਮਧਾਰੀ ਜਥਾ ਭੈਣੀ ਸਾਹਿਬ ਵੱਲੋਂ ਕਲਾਸੀਕਲ ਸੰਗੀਤ, ਅਮਰਜੀਤ ਸਿੰਘ ਸਭਰਾਵਾਂ ਦੇ ਜਥੇ ਵੱਲੋਂ ਢਾਡੀ ਰੰਗ, ਵਿਨੈ ਅਹਿਮਦਾਬਾਦ ਅਤੇ ਇਨਕਲਾਬੀ ਕਵਿਸ਼ਰੀ ਜੱਥਾ ਰਸੂਲਪੁਰ ਵੱਲੋਂ ਭਾਵਪੂਰਤ ਗੀਤ ਅਤੇ ਕਵੀਸ਼ਰੀਆਂ ਪੇਸ਼ ਕੀਤੀਆਂ ਗਈਆਂ।

ਮੇਲੇ ਦੀ ਮੁੱਖ ਵਕਤਾ ਉੱਘੀ ਖੋਜ਼ੀ ਲੇਖਿਕਾ ਰਾਣਾ ਆਯੂਬ ਨੇ ਸੰਬੋਧਨ ਕਰਦਿਆਂ ਸਮਾਂ ਬੰਨ ਦਿੱਤਾ। ਉਨ੍ਹਾਂ ਨੇ ਮੁੱਖ ਜ਼ੋਰ ਦਿੱਤਾ ਕਿ ਅਜੋਕੇ ਫ਼ਿਰਕੂ ਫਾਸ਼ੀ ਦੌਰ ਅੰਦਰ ਵਿਚਾਰਾਂ ਦੀ ਆਜ਼ਾਦੀ ਲਈ ਅਤੇ ਮਾਣਮੱਤੀ ਜ਼ਿੰਦਗੀ ਜੀਉਣ ਲਈ ਚੁੱਪ ਤੋੜ ਕੇ ਬੁਲੰਦ ਆਵਾਜ਼ ਵਿੱਚ ਬੋਲਣਾ ਸਮੇਂ ਦੀ ਲੋੜ ਹੈ। ਉਨ੍ਹਾਂ ਨੇ ਲੋਕਾਂ ਦੀ ਗੱਲ ਕਰਨ ਵਾਲੇ ਪੱਤਰਕਾਰਾਂ, ਲੇਖਕਾਂ ਉਪਰ ਹੁੰਦੇ ਜਾਨਲੇਵਾ ਹਮਲਿਆਂ ਦਾ ਜ਼ਿਕਰ ਕਰਦਿਆਂ ਇਕ ਜ਼ਬਰਦਸਤ ਲੋਕ ਆਵਾਜ਼ ਜਥੇਬੰਦ ਕਰਨ ਲਈ ਸਰੋਤਿਆਂ ਨੂੰ ਝੰਜੋੜਿਆਂ।

ਡਾ. ਜਸਮੀਤ ਅੰਮ੍ਰਿਤਸਰ ਵੱਲੋਂ 'ਬਦਲ ਦਿਓ' ਅਤੇ ਚੰਡੀਗੜ੍ਹ ਸਕੂਲ ਆਫ਼ ਡਰਾਮਾ (ਇਕਤਰ) ਵੱਲੋਂ 'ਕੰਮੀਆਂ ਦਾ ਵਿਹੜਾ' ਨਾਟਕ ਪੇਸ਼ ਕੀਤੇ ਗਏ।

'ਰੂਸੀ ਸਮਾਜਵਾਦੀ ਇਨਕਲਾਬ ਅਤੇ ਅਜੋਕੇ ਸਮੇਂ ਵਿੱਚ ਇਸ ਦੀ ਪ੍ਰਸੰਗਕਤਾ' ਵਿਸ਼ੇ 'ਤੇ ਹੋਈ ਵਿਚਾਰ-ਚਰਚਾ ਵਿੱਚ ਡਾ. ਪਰਮਿੰਦਰ, ਜਗਰੂਪ ਵੱਲੋਂ ਵਿਚਾਰ ਪੇਸ਼ ਕੀਤੇ ਗਏ।

ਸਾਰਾ ਦਿਨ ਦੀਆਂ ਪੇਸ਼ਕਾਰੀਆਂ ਅਤੇ ਵਿਚਾਰ-ਚਰਚਾ ਸਮੇਂ ਮੰਚ ਸੰਚਾਲਕ ਦੀ ਭੂਮਿਕਾ ਅਮੋਲਕ ਸਿੰਘ, ਹਰਵਿੰਦਰ ਭੰਡਾਲ ਅਤੇ ਡਾ. ਕਰਮਜੀਤ ਸਿੰਘ ਨੇ ਅਦਾ ਕੀਤੀ।





## ਵਿਲਾਇਤ ਡਾਇਰੀ

ਐੱਸ ਬਲਵੰਤ
s.balwantuk@yahoo.co.uk

ਸਵੈਜੀਵਨੀ 'ਤੇ ਆਧਾਰਿਤ ਪੁਸਤਕ ਮਹਿਫ਼ੂਜ਼ ਪੱਲਦੇ ਅਧਿਆਇ
"ਦਿੱਲੀ 1984 : ਇਕ ਇਤਿਹਾਸਿਕ ਵਿਸ਼ਵਾਸਘਾਤ" 'ਚੋਂ !

# ਚਾਰ ਦਿਨ ਦੀ ਦਿੱਲੀ

## ਜਿਸ ਨੇ ਦਿਲ ਹਿਲਾ ਦਿੱਤੇ

ਇੰਦਰਾ ਗਾਂਧੀ ਦਾ ਕਤਲ ਇਕੱਤੀ ਅਕਤੂਬਰ ਵਾਲੇ ਦਿਨ ਸਵੇਰੇ ਹੀ ਉਸ ਦੇ ਜ਼ਾਤੀ ਬਾਡੀਗਾਰਡਾਂ ਵਲੋਂ ਹੋ ਚੁੱਕਾ ਸੀ।

ਉਸ ਦਿਨ ਮੈਂ ਆਪਣੇ ਦਫਤਰ ਦੀ ਪਹਿਲੀ ਮੰਜ਼ਲ 'ਤੇ ਬੈਠਾ ਕੰਮ ਕਰ ਰਿਹਾ ਸਾਂ।ਬਾਹਰਲੀ ਦੁਨੀਆਂ ਤੋਂ ਬੇਖਬਰ। ਦੁਪਹਿਰ ਬਾਅਦ, ਅਚਾਨਕ ਮੇਰਾ ਬਾਈਂਡਰ ਅਹਿਮਦ ਦੀਨ ਮੇਰੇ ਕੋਲ ਆਇਆ ਤੇ ਉਸ ਦੱਬੀ ਦੱਬੀ ਜ਼ਬਾਨ 'ਚ ਕਿਹਾ, "ਕੁਛ ਸੁਨਾ ਆਪ ਨੇ ?...ਨੀਚੇ ਜੁੰਡਲੀਆਂ ਬਨਾ ਲੋਗ ਖੁਸਰ ਫੁਸਰ ਕਰ ਰਹੇ ਹੈਂ...ਇੰਦਰਾ ਗਾਂਧੀ ਕੋ ਕਿਸੀ ਸਿੱਖ ਬਾਡੀਗਾਰਡ ਨੇ ਗੋਲੀ ਮਾਰ ਦੀ ਹੈ !"

ਮੈਂ ਘਬਰਾਇਆ, ਤੇ ਆਪਣੇ ਦਰਾਜ 'ਚੋਂ ਟ੍ਰਾਂਜ਼ਿਸਟਰ ਕੱਢ ਚਾਲੂ ਕੀਤਾ ਤਾਂ ਪਾਕਿਸਤਾਨ ਰੇਡੀਉ 'ਤੇ ਖਬਰਾਂ ਦਾ ਸਪੈਸ਼ਲ ਬੁਲੀਟਨ ਆ ਰਿਹਾ ਸੀ। ਇਸ ਨੂੰ ਬੰਦ ਕਰਨ ਤੋਂ ਪਹਿਲਾਂ ਮੈਂ ਉਸੇ ਬੈਂਡ 'ਤੇ ਮੈਚ ਸੁਣ ਰਿਹਾ ਸਾਂ...। ਪਾਕਿਸਤਾਨ ਤੋਂ ਜੋ ਬੁਲੀਟਨ ਨਸ਼ਰ ਹੋ ਰਿਹਾ ਸੀ ਉਸ ਵਿਚ ਮੁੱਖ ਖਬਰ ਇਹੀ ਸੀ ਕਿ ਭਾਰਤ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਕਿਸੇ ਨੇ ਗੋਲੀ ਮਾਰ ਦਿੱਤੀ ਹੈ ਤੇ ਉਹ ਕ੍ਰਿਟੀਕਲ ਹਾਲਾਤ ਵਿਚ ਹਸਪਤਾਲ ਲਿਜਾਏ ਗਏ ਹਨ। ਇੰਦਰਾ ਗਾਂਧੀ ਦੇ ਕਤਲ ਦੀ ਖਬਰ ਭਾਰਤ ਸਰਕਾਰ ਨੇ ਤਾਂ ਕਈ ਕਾਰਨਾਂ ਕਰਕੇ ਤਸਦੀਕ ਨਹੀਂ ਸੀ ਕੀਤੀ, ਪਰ ਬੀ.ਬੀ.ਸੀ. ਤੋਂ ਖਬਰ ਆ ਚੁੱਕੀ ਸੀ ! ਆਸਟਰੇਲੀਆ ਰੇਡੀਓ ਵੀ ਦਸ ਚੁੱਕਾ ਸੀ !...ਪਾਕਿਸਤਾਨ ਨੇ ਵੀ ਮੈਚ ਕੈਂਸਲ ਕਰ ਦਿੱਤਾ ਸੀ !

ਮੈਂ ਦਫਤਰ ਬੰਦ ਕਰ ਘਰ ਨੂੰ ਭੱਜਾ। ਪਤਨੀ ਜਸਬੀਰ ਨਾਲ ਸਲਾਹ ਕਰਨ ਮਗਰੋਂ ਅਸੀਂ ਫੈਸਲਾ ਕੀਤਾ ਕਿ ਕੁਝ ਦਿਨਾਂ ਲਈ ਘਰੋਂ ਕਿਤੇ ਹੋਰ ਚਲੇ ਚੱਲੀਏ। ਪਰ ਕਿੱਥੇ?...ਇਹ ਸੁਆਲ ਕਾਫੀ ਚਿਰ ਨਾ ਸੁਲਝਿਆ। ਕਈ ਕਾਰਨ ਸਨ। ਘਰ ਅਸੀਂ ਰਹਿ ਨਹੀਂ ਸੀ ਸਕਦੇ।ਕਿਸੇ 'ਤੇ ਬੋਝ ਬਣਨ ਦਾ ਮੌਕਾ ਨਹੀਂ ਸੀ ਕਿਉਂਕਿ ਹਰੇਕ ਪੰਜਾਬੀ ਨੂੰ ਅਫਰਾ-ਤਫਰੀ ਪਈ ਹੋਈ ਸੀ। ਗੁਰਦੁਆਰੇ ਸ਼ਰਣ ਲੈਣ 'ਚ ਸਾਨੂੰ ਗੁਰੇਜ਼ ਸੀ ਕਿਉਂਕਿ ਮੇਰੇ ਸਿਰ ਤੇ ਕੇਸ ਬਚਪਨ ਤੋਂ ਹੀ ਨਹੀਂ ਸਨ ਤੇ ਮੈਨੂੰ ਦੂਹਰਾ ਖਤਰਾ ਮਹਿਸੂਸ ਹੋਇਆ। ਇਕ ਤਾਂ ਇਹ ਕਿ ਮੇਰੇ ਮੋਨਾ ਹੋਣ ਕਰਕੇ ਕੋਈ ਸਿੱਖ ਗੁੱਸੇ 'ਚ ਆ ਮੇਰਾ ਘਾਣ ਨਾ ਕਰ ਦੇਵੇ ਪਰ ਜੇ ਆਪਣੇ ਘਰ ਰਹਾਂ ਤਾਂ ਲੋਕਾਂ ਦਾ ਕੋਈ ਭਰੋਸਾ ਨਹੀਂ। ਇਸ ਕਰਕੇ ਮੈਂ ਇਕ ਹੋਟਲ ਚੁਣਿਆਂ। ਕਿਰਇਆ ਵੀ ਮੁਨਾਸਬ ਸੀ ਤੇ ਹੋਟਲ ਵੀ ਸਰਕਾਰੀ ਹੋਣ ਕਰਕੇ ਸਿਕਿਊਰਿਟੀ ਵੀ ਠੀਕ ਹੁੰਦੀ ਸੀ ਉਥੇ ਤੇ ਨਾਲੇ ਸਾਡੇ ਉਥੇ ਰਹਿਣ ਕਰਕੇ ਕਿਸੇ ਨੂੰ ਕਿਸੇ ਨੂੰ ਅਜਿਹਾ ਚਿੱਤ ਚੇਤਾ ਵੀ ਨਹੀਂ ਹੋ ਸਕਦਾ ਸੀ ਕਿ ਅਸੀਂ ਉਸ ਹੋਟਲ 'ਚ ਕਿਉਂ ਰਹਿ ਰਹੇ ਹਾਂ। ਪਰ ਜਦੋਂ ਅਸੀਂ ਤਿਆਰੀ ਕਰ ਲਈ ਤਾਂਸਾਡੇ ਗੁਆਂਢੀਆਂ ਨੇ ਸਾਨੂੰ ਨਾ ਜਾਣ ਦਿੱਤਾ। ਸਾਡਾਆਂਢ-ਗੁਆਂਢ ਬਹੁਤ ਚੰਗਾ ਸੀ ਤੇ ਸਾਡੇ ਮੁਹੱਲੇ ਦਾ ਲੋਕਾਂ ਦਾ ਆਸੇ-ਪਾਸੇ ਦੱਬ-ਦਬਾ ਵੀ ਬਹੁਤ ਸੀ। ਮੈਨੂੰ ਇਸ ਗੱਲ ਦਾ ਭਰੋਸਾ ਸੀ ਕਿ ਜੇ ਇਹ ਸਾਰੇ ਸੱਚੇ ਦਿਲੋਂ ਕਹਿ ਰਹੇ ਹਨ ਤਾਂ ਸਾਡਾ ਕੋਈ ਵਾਲ ਤਕ ਬਾਂਕਾ ਨਹੀਂ ਸੀ ਕਰ ਸਕਦਾ। ਸੋ ਅਸੀਂ ਉਥੋਂ ਜਾਣ ਦਾ ਫੈਸਲਾ ਇਸੇ ਆਧਾਰ 'ਤੇ ਰੱਦ ਤਾਂ ਕਰ ਲਿਆ ਪਰ ਮੰਨ 'ਚ ਧੁੜਕੂ ਫਿਰ ਵੀ ਬਰਕਰਾਰ ਸੀ।

ਸਾਡੇ ਇਕ ਗੁਆਂਢੀ ਨੇ ਸਾਨੂੰ ਹਿਦਾਇਤ ਕਰਦਿਆਂ ਇਹ ਵੀ ਕਿਹਾ ਸੀ ਕਿ ਸਾਡੇ 'ਚੋਂ ਬਾਜ਼ਾਰ ਕੋਈ ਨਾ ਜਾਵੇ ਤੇ ਜੋ ਸਾਨੂੰ ਚਾਹੀਦਾ ਹੋਵੇ ਉਨ੍ਹਾਂ ਨੂੰ ਦੱਸੀਏ। ਉਹ ਆਪੇ ਉਸ ਦਾ ਇੰਤਜ਼ਾਮ ਕਰ ਦੇਣਗੇ। ਉਸ ਗੁਆਂਢੀ ਦੀ ਪਤਨੀ ਵੀ ਬਹੁਤ ਦਲੇਰ ਸੀ ਤੇ ਆਸੇ ਪਾਸੇ ਦੇ ਮਰਦ ਵੀ ਉਸ ਕੋਲੋਂ ਡਰਦੇ ਸਨ। ਉਹ ਸੀ ਹੀ ਇੰਨੀਂ ਧੜੱਲੇਦਰ ਕਿ ਕਿਸੇ ਨੂੰ ਕੁੱਟਣ ਵੇਲੇ ਇਹ ਨਹੀਂ ਸੀ ਦੇਖਦੀ ਕਿ ਉਹ ਮਰਦ ਹੈ ਜਾਂ ਔਰਤ।ਕਿਉਂਕਿ ਉਹਨੂੰ ਜੇ ਮਰਦ ਦੀ ਗਲਤੀ ਹੋਣ ਕਾਰਣ ਗੁੱਸਾ ਆ ਜਾਂਦਾ, ਤਾਂ ਉਹ ਆਅ ਨਾ ਦੇਖਦੀ ਨਾ ਤਾਅ, ਬੱਸ ਝੱਟ 'ਚ ਹੀ ਉਸ ਮਰਦ ਨੂੰ ਫੁੰਡ ਦਿੰਦੀ। ਪੂਰੇ ਇਲਾਕੇ ਵਿਚ ਰੋਹਬ ਸੀ ਉਨ੍ਹਾਂ ਦਾ।

ਉਸ ਦਿਨ ਸਾਰੀ ਗੱਲਬਾਤ ਤੋਂ ਬਾਅਦ ਜਦੋਂ ਸਾਡਾ ਇਸੇ ਘਰ ਰਹਿਣਾ ਤੈਅ ਹੋ ਗਿਆ ਤਾਂ ਮੈਂ ਬਾਜ਼ਾਰੋਂ ਇੰਨਾਂ ਕੁ ਸਾਮਾਨ ਲੈ ਆਇਆ ਤਾਂਕਿ ਹਫਤਾ-ਦਸ ਦਿਨ ਹੋਰ ਕਿਸੇ ਚੀਜ਼ ਦੀ ਲੋੜ ਹੀ ਨਾ ਪਵੇ। ਬਾਹਰ ਸੜਕਾਂ 'ਤੇ, ਅੰਦਰ ਮੁਹੱਲਿਆਂ 'ਚ, ਸਾਰਾ ਦਿਨ ਭੀੜ ਮਜਮੇ ਵਾਂਗ ਢਾਣੀਆਂ ਬਣਾ ਘੁਸਰ-ਫੁਸਰ ਕਰਦੀ ਰਹੀ ਸੀ। ਹਰ ਕੋਈ ਆਪੋ-ਆਪਣੇ ਕਿਆਸ ਲਗਾ ਰਿਹਾ ਸੀ।

ਪਰ ਸਰਕਾਰ ਨੇ ਤ੍ਰਿਕਾਲਾਂ ਤੀਕ ਕੋਈ ਪੁਸ਼ਟੀ ਨਾ ਕੀਤੀ ਕਿ ਇੰਦਰਾ ਗਾਂਧੀ ਕਿਸ ਹਾਲਾਤ ਵਿਚ ਹਨ।

ਇਸ ਗੱਲ 'ਤੇ ਵੀ ਹੈਰਾਨੀ ਹੋਈ ਕਿ ਜਿਸ ਦਿਨ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਹੋਇਆ, ਉਸ ਦਿਨ ਵੀ ਬੁੱਧਵਾਰ ਸੀ ਤੇ ਇੰਦਰਾ ਨੂੰ ਗੋਲੀ ਲੱਗਣ ਵਾਲਾ ਦਿਨ ਵੀ। ਇਸ ਸਾਰੇ ਕਾਂਢ ਲਈ ਵਿਉਂਤੀਆਂ ਵਲੋਂ ਦਿਨ ਵੀ ਐਸਾ ਚੁਣਿਆ ਗਿਆ ਕਿ ਕੋਈ ਵੀ ਵੱਡਾ ਨੇਤਾ ਦਿੱਲੀ ਵਿਚ ਨਹੀਂ ਸੀ। ਰਾਜੀਵ ਗਾਂਧੀ ਤੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵੀ ਦਿੱਲੀ ਤੋਂ ਬਾਹਰ ਹੀ ਸਨ। ਇਸ ਖਬਰ ਨੂੰ ਸੁਣ, ਉਹ ਦੋਵੇਂ ਦਿੱਲੀ ਨੂੰ ਭੱਜੇ। ਬਾਅਦ ਵਿਚ ਇਹ ਖਬਰ ਵੀ ਪਤਾ ਲੱਗੀ ਸੀ ਕਿ ਇਸ ਸਾਰੀ ਅਫਰਾ-ਤਫਰੀ ਕਾਰਣ ਸਕਿਊਰਿਟੀ ਇੰਨੀ ਬੌਖਲਾਈ ਹੋਈ ਸੀ ਕਿ ਉਨ੍ਹਾਂ 'ਚੋਂ ਕਿਸੇ ਨੇ ਰਾਜੀਵ ਗਾਂਧੀ ਨੂੰ ਵੀ ਨਹੀਂ ਸੀ ਪਹਿਚਾਣਿਆ ਤੇ ਉਨ੍ਹਾਂ ਨੂੰ ਹਸਪਤਾਲ ਦੇ ਅੰਦਰ ਨਾ ਵੜਨ ਦਿੱਤਾ। ਭੀੜ ਨੇ ਗਿਆਨੀ ਜ਼ੈਲ਼ ਸਿੰਘ ਨੂੰ ਵੀ ਇਕ ਆਮ ਸਿੱਖ ਸਮਝ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਸੀ। ਮਗਰੋਂ ਮੁਹਤਬਰ ਲੋਕਾਂ ਦੀ ਦਖਲ-ਅੰਦਾਜ਼ੀ ਨਾਲ ਉਹ ਅੰਦਰ ਗਏ।

ਬਾਅਦ ਦੀਆਂ ਖਬਰਾਂ ਇਹ ਵੀ ਕਹਿੰਦੀਆਂ ਸਨ ਕਿ ਜਦੋਂ ਇੰਦਰਾ ਗਾਂਧੀ ਨੂੰ ਗੋਲੀਆਂ ਮਾਰੀਆਂ ਜਾ ਰਹੀਆਂ ਸਨ ਤਾਂ ਐਨ ਉਸੇ ਵੇਲੇ ਨਾਲ ਦੀ ਕੋਠੀ ਵਿਚ ਰੂਸੀ ਫਿਲਮ ਮੇਕਰ ਓਸਤੀਨੋਵ ਆਪਣਾ ਕੈਮਰਾ ਖੋਲ੍ਹ ਕੇ ਕਿਸੇ ਨੂੰ ਇੰਟਰਵੀਊ ਕਰ ਰਿਹਾ ਸੀ। ਮਗਰੋਂ ਉਸ ਨੇ ਇੰਦਰਾ ਗਾਂਧੀ ਨੂੰ ਵੀ ਇੰਟਰਵੀਊ ਕਰਨਾ ਸੀ। ਇਸੇ ਲਈਇੰਦਰਾ ਗਾਂਧੀ ਉਸ ਦਿਨ ਵਧੀਆ ਸਾੜ੍ਹੀ ਪਹਿਨ ਤੇ ਖੂਬ ਤਿਆਰ ਹੋ ਆਰ ਕੇ ਧਵਨ ਦੀ ਅਗਵਾਈ ਵਿਚ ਓਸਤੀਨੋਵ ਨੂੰ ਇੰਟਰਵੀਊ ਦੇਣ ਲਈ ਘਰੋਂ ਬਾਹਰ ਇਕ ਗਾਰਡਨ ਵੱਲ ਜਾਣ ਨੂੰ ਜਾ ਰਹੇ ਸਨ, ਜਦ ਉਨ੍ਹਾਂ ਨੂੰ ਬੇਅੰਤ ਸਿੰਘ ਤੇ ਸਤਵੰਤ ਸਿੰਘ ਨੇ ਰੋਕਿਆ ਤੇ ਬੇਅੰਤ ਸਿੰਘ ਨੇ ਉਨ੍ਹਾਂ ਉੱਪਰ ਗੋਲੀਆਂ ਦੀ ਬਰਸਾਤ ਸ਼ੂਰੂ ਕਰ ਦਿੱਤੀ ਸੀ। ਬਾਅਦ ਵਿਚ ਬਹੁਤ ਲੋਕ ਇਸ ਗੱਲੋਂ ਵੀ ਹੈਰਾਨ ਹੋਏ ਕਿ ਧਵਨ ਇੰਦਰਾ ਗਾਂਧੀ ਦੇ ਨਾਲ ਨਾਲ ਚੱਲ ਰਹੇ ਸਨ, ਪਰ ਮੈਗਜ਼ੀਨ ਦੀਆਂ ਗੋਲੀਆਂ ਸਿਰਫ ਇੰਦਰਾ ਗਾਂਧੀ ਦੇ ਹੀ ਕਿਉਂ ਲੱਗੀਆਂ।




ਅਖਬਾਰਾਂ ਨੇ ਉਸ ਵੇਲੇ ਇਹ ਵੀ ਲਿਖਿਆ ਸੀ ਕਿ ਓਸਤੀਨੋਵ ਨੇ ਜਦ ਗੁਆਂਢ ਦੀ ਕੋਠੀ 'ਚੋਂ ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਤਾਂ ਉਸ ਆਪਣਾ ਕੈਮਰਾ ਇਧਰ ਘੁਮਾ ਕੇ ਲਾਈਵ ਰੀਕਾਰਡਿੰਗ ਵੀ ਕੀਤੀ ਸੀ। ਪਰ ਪਤਾ ਨਹੀਂ, ਬਾਅਦ ਵਿਚ ਇਹ ਰੀਕਾਰਡਿੰਗ ਕਿੱਥੇ ਗਾਇਬ ਹੋ ਗਈ? ਉਦੋਂ ਹੀ ਕੁਝ ਅਖਬਾਰਾਂ ਇਹ ਵੀ ਲਿਖਿਆ ਕਿ ਗੋਲੀ ਚੱਲਣ ਵੇਲੇ ਉੱਥੇ ਤਿੰਨ ਬੰਦੇ ਸਨ। ਇਹ ਵੀ ਲਿਖਿਆ ਕਿ ਐਨ ਉਸੇ ਵੇਲੇ ਕੋਈ ਮੁਸਲਮਾਨ ਨਾਂਅ ਦਾ ਬੰਦਾ ਵੀ ਉਸ ਕੋਠੀ ਵਿਚ ਦਾਖਲ ਹੋਇਆ ਸੀ। ਪ੍ਰਧਾਨ ਮੰਤਰੀ ਦੇ ਵਿਜ਼ਿਟਿੰਗ ਰਜਿਸਟਰ ਵਿਚ ਉਸ ਦਾ ਨਾਂਅ ਵੀ ਲਿਖਿਆ ਹੋਇਆ ਸੀ ਪਰ ਬਾਅਦ ਵਿਚ ਵਿਜ਼ਿਟਿੰਗ ਰਜਿਸਟਰ ਵਿਚੋਂ ਉਹੀ ਸਫਾ ਹੀ ਗਾਇਬ ਸੀ ਜਿਸ ਵਿਚ ਉਸ ਤੀਜੇ ਬੰਦੇ ਦੇ ਨਾਂਅ ਦੀ ਐਂਟਰੀ ਹੋਈ ਹੋਈ ਸੀ।

ਬਾਅਦ ਵਿਚ ਇਸ ਬਾਰੇ ਵੀ ਬਹੁਤ ਚਰਚਾ ਸੀ ਕਿ ਬੇਅੰਤ ਸਿੰਘ ਨੇ ਤਾਂ ਤਿੱਬਤੀਅਨ ਬਾਰਡਰ ਸਕਿਊਰਿਟੀ ਫੋਰਸ ਮੂਹਰੇ ਇਹ ਕਹਿੰਦਿਆਂ ਆਪਣੇ ਹਥਿਆਰ ਸੁੱਟ ਦਿੱਤੇ ਸਨ, ਕਿ "ਮੈਂ ਜੋ ਕਰਨਾ ਸੀ ਕਰ ਲਿਆ ਹੁਣ ਜੋ ਤੁਸੀਂ ਕਰਨਾ ਹੈ ਕਰ ਲਓ!"ਕਹਿੰਦੇ ਹਨ ਉਸੇ ਵੇਲੇ ਪਿੱਛਿਓਂ ਇਕ ਆਵਾਜ਼ ਗੂੰਜੀ "ਮਾਰੋ ਇਨਕੋ!" ਤੇ ਸਤਵੰਤ ਸਿੰਘ ਨੂੰ ਥਾਹੇਂ ਮਾਰ ਦਿੱਤਾ ਗਿਆ। ਗੋਲੀਆਂ ਸਤਵੰਤ ਸਿੰਘ ਦੇ ਵੀ ਲੱਗੀਆਂ, ਪਰ ਉਹ ਥਾਹੇਂ ਤਾਂ ਨਾ ਮਰਿਆ ਪਰ ਅਸਲੀ ਗੱਲ ਤਾਂ ਬੇਅੰਤ ਸਿੰਘ ਨੂੰ ਪਤਾ ਸੀ। ਉਸ ਦੇ ਮਰਨ ਨਾਲ ਕਤਲ ਦੇ ਮਕਸਦ ਦੇ ਨਾਲ ਸਾਰੇ ਸਬੂਤ ਮਿਟ ਗਏ। ਰਾਜਨੀਤਕ ਕਤਲਾਂ ਦੀ ਲੜੀ ਵਿਚ ਅਜਿਹੀਆਂ ਮਿਸਾਲਾਂ ਪਹਿਲੇ ਵੀ ਸਾਣੇ ਸਾਹਮਣੇ ਹਨ। ਜਦੋਂ-ਅਮਰੀਕਨ ਰਾਸ਼ਟਰਪਤੀ ਜੌਹਨ ਐੱਫ ਕੈਨੇਡੀ ਜਾਂ ਮਾਰਟਰ ਲੂਥਰ ਦਾ ਕਤਲ ਹੋਇਆ, ਉਸੇ ਵੇਲੇ ਕਾਤਿਲਾਂ ਨੂੰ ਗੋਲੀ ਮਾਰ ਕੈ ਖਤਮ ਕਰ ਦਿੱਤਾ ਗਿਆ ਤੇ ਅਸਲੀਅਤ 'ਤੇ ਹਮੇਸ਼ਾ ਲਈ ਪਰਦਾ ਪੈ ਗਿਆ।

*****

1982 ਵਿਚ ਭਾਰਤ ਵਿਖੇ ਏਸ਼ੀਅਨ ਖੇਡਾਂ ਹੋਣੀਆਂ ਸਨ। ਇਸੇ ਬਹਾਨੇ ਵਿਦੇਸ਼ਾਂ 'ਚੋਂ ਰੰਗਦਾਰ ਟੈਲੀਵਿਜ਼ਨ ਆਉਣੇ ਸ਼ੁਰੂ ਹੋਏ ਸਨ। ਭਾਰਤ ਵਿਚ ਤਾਂ ਹਾਲੇ ਸਿਰਫ ਬਲੈਕ ਐਂਡ ਵਾਈਟ ਹੀ ਬਣਦੇ ਸਨ। ਸੁਣਿਆ ਸੀ ਕਿ ਇੰਦਰਾ ਗਾਂਧੀ ਨੂੰ ਉਦੋਂ ਉਹਦੇ ਸਲਾਹਕਾਰਾਂ ਨੇ ਸਲਾਹ ਦਿੱਤੀ ਸੀ ਕਿ ਹਿੰਦੁਸਤਾਨ ਵਿਚ "ਓਰਲ ਟਰੇਡੀਸ਼ਨ" ਹਮੇਸ਼ਾ ਤੋਂ ਕਾਮਯਾਬ ਰਹੀ ਹੈ। ਕਾਗਜ਼ ਜਾਂ ਅਖਬਾਰ ਦੀਆਂ ਖਬਰਾਂ ਉਂਨਾ ਅਸਰ ਨਹੀਂ ਕਰਦੀਆਂ ਜਿੰਨਾ ਸੁਣਾ ਕੇ ਕਹੀ ਗਈ ਗੱਲ ਕਰਦੀ ਹੈ। ਇਹ ਟਰੇਡੀਸ਼ਨ ਪੁਰਾਤਨ ਯੁਗ ਤੋਂ ਬਹੁਤ ਹੀ ਪ੍ਰਚੱਲਿਤ ਰਹੀ ਹੈ।ਇਸੇ ਲਈ ਜੇ ਅਗਲੀਆਂ ਚੋਣਾਂ ਜਿੱਤਣੀਆਂ ਹਨ ਤਾਂ ਟੈਲੀਵਿਜ਼ਨ ਨੂੰ ਤਰਜੀਹ ਦਿਓ, ਤੇ ਸ਼ਾਇਦ ਇਸੇ ਮੁੱਦੇ ਨੂੰ ਨਜ਼ਰ 'ਚ ਰੱਖਦੇ ਹੋਏ ਉਦੋਂ ਇਕ ਸਾਲ ਵਿਚ ਟੈਲੀਵਿਜ਼ਨ ਦੇ ਪੰਜ ਸੌ ਰੀਲੇਅ ਸਟੇਸ਼ਨ ਖੋਲ੍ਹਣ ਦਾ ਫੈਸਲਾ ਹੋਇਆ ਸੀ। ਯਾਨੀ ਡੇੜ੍ਹ ਸਟੇਸ਼ਨ ਹਰ ਰੋਜ਼। ਇਹ ਵੀ ਸੁਣਿਆ ਸੀ ਕਿ ਇਸ ਮੁਹਿੰਮ ਨੂੰ ਇੰਦਰਾ ਗਾਂਧੀ ਖੁਦ ਸੁਪਰਵਾਈਜ਼ ਕਰ ਰਹੇ ਸਨ। ਇਸੇ ਕੜੀ ਵਿਚ ਹਰ ਭਾਰਤੀ ਨਾਗਰਿਕਾਂ ਨੂੰ ਏਸ਼ੀਅਨ ਖੇਡਾਂ ਦੇ ਬਹਾਨੇ ਇਜਾਜ਼ਤ ਦੇ ਦਿੱਤੀ ਗਈ ਸੀ ਕਿ ਕਿਸੇ ਦਾ ਕੋਈ ਦੋਸਤ ਜਾਂ ਰਿਸ਼ਤੇਦਾਰ ਉਸ ਨੂੰ ਰੰਗਦਾਰ ਟੀ. ਵੀ. ਤੇ ਵੀ. ਸੀ. ਆਰ. ਬਗੈਰ ਇੰਪੋਰਟ ਲਾਇਸੈਂਸ ਅਤੇ ਡੀਊਟੀ ਦੇ ਭੇਜ ਸਕਦਾ ਹੈ ਤਾਂਕਿ ਏਸ਼ੀਅਨ ਖੇਡਾਂ ਤੇ ਚੋਣਾਂ ਤੋਂ ਪਹਿਲਾਂ ਹਰ ਘਰ ਵਿਚ ਰੰਗਦਾਰ ਟੀ. ਵੀ. ਹੋਵੇ । ਪਰ ਹੋਣੀ ਤਾਂ ਕੁਝ ਹੋਰ ਹੀ ਕਹਿ ਰਹੀ ਸੀ ਕਿ ਜਿਸ ਟੈਲੀਵਿਯਨ ਦੀ ਐਕਸਪੈਨਸ਼ਨ ਲਈ ਇੰਦਰਾ ਗਾਂਧੀ ਖੁਦ ਮਿਹਨਤ ਕਰ ਰਹੇ ਸਨ, ਇਹੀ ਰੰਗਦਾਰ ਟੈਲੀਵਿਜ਼ਨ ਉਨ੍ਹਾਂ ਦੀ ਮੌਤ ਦੀ ਖਬਰ ਸੁਨਾਉਣ ਲਈ ਉਡੀਕ ਕਰ ਰਿਹਾ ਸੀ ।

*****

ਅਸੀਂ ਦੁਬ੍ਹਕੇ ਹੋਏ ਆਪਣੇ ਘਰ ਟੀਵੀ ਮੂਹਰੇ ਬੈਠੇ ਸਾਂ। ਪਰ ਰਡੀਓ ਜਾਂ ਟੈਲੀਵਿਜ਼ਨ ਉਪਰ ਕੋਈ ਖਬਰ ਨਹੀਂ ਸੀ ਇੰਦਰਾ ਗਾਂਧੀ ਦੇ ਜੀਵਤ ਜਾਂ ਮ੍ਰਿਤਿਕ ਹੋਣ ਬਾਰੇ। ਕਰੀਬ ਸਵਾ ਕੁ ਛੇ ਵਜੇ ਜਾਂ ਉਸ ਦੇ ਆਸੇ ਪਾਸੇ ਟੈਲੀਵਿਜ਼ਨ ਦੀ ਸਕਰੀਨ ਉਪਰ ਉਸ ਵੇਲੇ ਦੇ ਗ੍ਰਹਿ ਮੰਤਰੀ ਸ਼੍ਰੀ ਨਰਸਿੰਮਾਹ ਰਾਓ ਦਿਸੇ। ਉਨ੍ਹਾਂ ਇੰਦਰਾ ਗਾਂਧੀ ਦੇ ਮਰਨ ਦੀ ਖਬਰ ਬਹੁਤ ਦਰਦ ਭਰੇ ਲਹਿਜੇ ਵਿਚ ਸੁਣਾਈ ਤੇ ਨਾਲ ਹੀ ਇਹ ਵੀ ਕਿਹਾ ਕਿ ਸਰਕਾਰ ਨੇ ਪੰਜਾਬ ਦੇ ਸਾਰੇ ਬਾਰਡਰ ਸੀਲ ਕਰ ਦਿੱਤੇ ਹਨ ਤਾਂਕਿ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

ਮੈਨੂੰ ਇਸ ਖਬਰ ਨੇ ਵੀ ਕਾਫੀ ਹੈਰਾਨ ਕੀਤਾ ਕਿ ਬਾਰਡਰ ਸੀਲ ਕਿਉਂ ਕੀਤੇ ਹੋਣਗੇ ਸਰਕਾਰ ਨੇ?...ਕੀ ਪਾਕਿਸਤਾਨ ਤੋਂ ਕੋਈ ਖਤਰਾ ਹੋਵੇਗਾ?...ਕੀ ਪੰਜਾਬ ਦੇ ਆਮ ਲੋਕ "ਟੈਂਕ" ਲੈ ਕੇ ਬੈਠੇ ਹੋਣਗੇ ਦਿੱਲੀ ਤੇ ਹਮਲਾ ਕਰਨ ਲਈ? ਜੇ ਪੰਜਾਬ ਤੋਂ ਇੰਨਾ ਖਤਰਾ ਹੈ ਤਾਂ ਫਿਰ ਰਾਹ ਵਿਚ ਹਰਿਆਣਾ ਵੀ ਤਾਂ ਪੈਂਦਾ ਸੀ? ਹਾਲੇ ਕੁਝ ਹੀ ਸਮਾਂ ਪਹਿਲਾਂ ਉੱਥੇ ਵੀ ਭਜਨ ਲਾਲ ਦੀ ਹਕੂਮਤ ਸਮੇਂ ਕੁੱਟ-ਕੁਟਾਈ ਹੋ ਚੁੱਕੀ ਸੀ।...ਫੇਰ ਬਾਰਡਰ ਕਿਉਂ ਸੀਲ ਕੀਤੇ ਹੋਣਗੇ?...ਮੇਰਾ ਖਦਸ਼ਾ ਹੋਰ ਵਧਿਆ! ...ਆਪਣੇ ਅੰਦਰ ਭਰ ਰਿਹਾ ਡਰ ਉਦੋਂ ਇੰਤਹਾ ਤੀਕ ਪਹੁੰਚ ਗਿਆ ਜਦੋਂ ਉਸੇ ਰਾਤ ਸਾਰੇ ਫੋਨ ਵੀ ਡੈੱਡ ਕਰ ਦਿੱਤੇ ਗਏ ਜਿਸ ਨਾਲ ਕਿਸੇ ਦੋਸਤ-ਮਿੱਤਰ ਨਾਲ ਕੋਈ ਸੰਪਰਕ ਕਰਨ ਦੀ ਸੰਭਾਵਨਾ ਵੀ ਖਤਮ ਹੋ ਗਈ।

ਸਾਡੇ ਚਾਰੋਂ ਪਾਸੇ ਹਾਹਾਕਾਰ ਮਚਣੀ ਸ਼ੁਰੂ ਹੋ ਰਹੀ ਸੀ। ਇਕ ਗੁਆਂਢੀ ਖਬਰ ਲਿਆਇਆ ਕਿ ਸਾਡੇ ਘਰ ਦੇ ਤੇ ਪੰਜਾਬ ਐਂਡ ਸਿੰਧ ਬੈਂਕ ਦੇ ਨਾਲ ਇਕ ਸਰਦਾਰ ਦੀ ਡਰਾਈਕਲੀਨਿੰਗ ਦੀ ਦੁਕਾਨ ਲੁੱਟ ਹੋ ਗਈ ਹੈ। ਸਾਰੇ ਕੱਪੜੇ ਲੋਕੀ ਲੁੱਟ ਕੇ ਲਿਜਾ ਰਹੇ ਹਨ। ਇਹ ਉਸ ਦਿਨ ਦੀ ਪਹਿਲੀ ਘਟਨਾ ਸੀ। ਫਿਰ ਉਸ ਇਹ ਵੀ ਦੱਸਿਆ ਕਿ ਉਹ ਹੁਣੇ ਹੁਣੇ ਦੇਖ ਕੇ ਆਇਆ ਕਿ ਦੀਨੇ ਕੇ ਤਲਾਅ ਵਲੋਂ ਮਲਕਾ ਗੰਜ ਤੋਂ ਆ ਰਹੀ ਬੱਸ ਮੂਹਰੇ ਕਾਫੀ ਸਾਰੀ ਭੀੜ ਬਣਾ ਕੇ ਲੋਕਾਂ ਇਕ ਬੱਸ ਨੂੰ ਰੋਕ ਲਿਆ ਤੇ ਉਸ 'ਚੋਂ ਇਕ ਸਿੱਖ ਸੁਆਰੀ ਨੂੰ ਲਾਹ ਕੇ ਉਸ ਨੂੰ ਖੂਬ ਮਾਰ ਰਹੇ ਸਨ।

ਇਸੇ ਤਰ੍ਹਾਂ ਇਕ ਹੋਰ ਸਿੱਖ ਸੁਆਰੀ ਵੀ ਉਸੇ ਬੱਸ 'ਚ ਬੈਠੀ ਸੀ, ਪਰ ਉਸ ਦੀ ਪਤਨੀ ਨੇ ਹੁਸ਼ਿਆਰੀ ਕਰ ਸਰਦਾਰ 'ਤੇ ਆਪਣੀ ਸਾੜ੍ਹੀ ਪਾ ਉਸ ਨੂੰ ਬੱਸ ਦੀ ਸੀਟ ਦੇ ਥੱਲੇ ਨੂੰ ਸੁੱਟ ਦਿੱਤਾ। ਉਹ ਉਥੋਂ ਤਾਂ ਬਚ ਗਿਆ, ਪਰ ਅੱਗੇ ਇਕ ਹੋਰ ਭੀੜ ਸੀ ਜਿਸ ਨੇ ਉਸ ਨੂੰ ਮੁੜ ਲਾਹ ਲਿਆ ਕੇ ਕੁੱਟਣਾ ਸ਼ੁਰੂ ਕਰ ਦਿੱਤਾ। ਇਸੇ ਤਰ੍ਹਾਂ ਇਕ ਸਿੱਖ ਬੱਚਾ ਵੀ ਉਤਾਰ ਕੇ ਕਾਫੀ ਕੁੱਟਿਆ ਗਿਆ।

ਹਾਲੇ ਇਹ ਸਭ ਕੁਝ ਹਜ਼ਮ ਨਹੀਂ ਸੀ ਹੋਇਆ ਕਿ ਉਸੇ ਸ਼ਾਮ ਦੇ ਵੇਲੇ ਮੇਰੇ ਘਰ ਉੱਪਰ ਪੱਥਰਾਂ ਦੀ ਬਾਰਿਸ਼ ਸ਼ੁਰੂ ਹੋ ਗਈ। ਪਹਿਲਾਂ ਇੱਕਾ-ਦੁੱਕਾ ਤੇ ਫਿਰ ਧੜਾ-ਧੜ ਪੱਥਰ ਵਰ੍ਹਨੇ ਸ਼ੁਰੂ ਹੋ ਗਏ। ਕੁਝ ਸ਼ੀਸ਼ੇ ਵੀ ਟੁੱਟ ਗਏ। ਮੇਰਾ ਇਕ ਗਆਂਢੀ ਭੱਜਾ ਆਇਆ ਤੇ ਪੱਥਰ ਮਾਰਨ ਵਾਲਿਆਂ ਨੂੰ ਡਾਂਟਣ ਲੱਗਾ। ਭੀੜ 'ਚੋਂ ਇਕ ਬੰਦਾ ਕਹਿੰਦਾ ਕਿ "ਇਹ ਸਰਦਾਰ ਹੈ...ਇਨ੍ਹਾਂ ਨੇ ਹੀ ਸਾਡੀ ਇੰਦਰਾ ਮਾਰੀ ਹੈ।"

ਇੰਨੇ ਚਿਰ 'ਚ ਹੋਰ ਗੁਆਂਢੀ ਵੀ ਨਿਕਲ ਆਏ ਤੇ ਉਹ ਉਲਟਾ ਦੰਗਾਈਆਂ ਨੂੰ ਪੈ ਗਏ...ਇਕ ਨੇ ਕਿਹਾ "ਇਹ ਤੁਹਾਨੂੰ ਸਰਦਾਰ ਲਗਦੈ?...ਜੋ ਬੰਦਾ ਦਿਹਾੜੀ ਵਿਚ ਤਿੰਨ ਵਾਰੀ ਸ਼ੇਵ ਕਰਦਾ ਹੋਵੇ, ਉਹ ਸਰਦਾਰ ਕਿਸ ਗੱਲ ਤੋਂ ਹੋ ਗਿਆ?..."ਫਿਰ ਭੀੜ 'ਚੋਂ ਇਕ ਦੰਗਾਈ ਨੇ ਇਹ ਕਿਹਾ "ਇਸ ਦੇ ਘਰ ਸਰਦਾਰ ਆਉਂਦੇ ਬਹੁਤ ਹਨ...!" ਉਸ ਨੇ ਫਿਰ ਉਨ੍ਹਾਂ ਨੂੰ ਬੋਲਣੋ ਬੰਦ ਕਰਾ ਦਿੱਤਾ, ਜਦੋਂ ਉਸ ਇਹ ਕਿਹਾ ਕਿ "ਸਰਦਾਰ ਤਾਂ ਤੁਹਾਡੇ ਘਰ ਵੀ ਬਹੁਤ ਆਉਂਦੇ ਹਨ...ਪਰ ਇਸ ਗੱਲ ਨਾਲ ਫਿਰ ਤੂੰ ਖੁਦ ਵੀ ਸਰਦਾਰ ਨਹੀ ਬਣ ਜਾਵੇਂਗਾ ?" ਉਸ ਨੇ ਹੋਰ ਸਖਤ ਆਵਾਜ਼ ਵਿਚ ਦੁਹਰਾਇਆ "ਖਬਰਦਾਰ !ਜੇ ਕਿਸੇ ਨੇ ਇਸ ਘਰ ਜਾਂ ਘਰ ਦੇ ਕਿਸੇ ਬੰਦੇ ਵੱਲ ਅੱਖ ਚੁਕ ਕੇ ਵੀ ਦੇਖਿਆ...!" ਅਜਿਹੇ ਜੁਆਬ ਸੁਣ ਉਹ ਦੰਗਾਈ ਹੱਥ ਮਲਦੇ ਚਲੇ ਗਏ । ਸਾਡੇ ਸਾਹ 'ਚ ਸਾਹ ਆਇਆ।

ਕੁਝ ਗੁਆਂਢੀ ਅੱਧੀ ਰਾਤ ਤੀਕ ਮੇਰੇ ਕੋਲ ਬੈਠੇ ਰਹੇ। ਮੇਰੀ ਪਤਨੀ ਨੇ ਬੁਝੇ ਹੋਏ ਮੰਨ ਨਾਲ ਖਾਣਾ ਬਣਾਇਆ । ਉਨ੍ਹਾਂ 'ਚੋਂ ਕੁਝ ਨੇ ਜਾਂ ਕਹਿ ਲਓ ਸਾਨੂੰ ਖੁਆਉਣ ਖਾਤਿਰ ਕੁਝ ਬੁਰਕੀਆਂ ਸਾਡੇ ਸਾਂਝੀਆਂ ਕੀਤੀਆਂ ।ਮਗਰੋਂ ਉਹ ਚਲੇ ਗਏ। ਪਰ ਨੀਂਦ ਕਿੱਥੇ ਆ ਰਹੀ ਸੀ ? ਟੈਲੀਵਿਜ਼ਨ ਚਲਦਾ ਰਿਹਾ। ਕਿਸੇ ਨਾ ਕਿਸੇ ਤਰ੍ਹਾਂ ਰਾਤ ਕੱਟ ਹੋ ਗਈ ।

****

ਫਿਰ ਆਈ ਪਹਿਲੀ ਨਵੰਬਰ ਦੀ ਸਵੇਰ। ਤੇ ਅਗਲੀਆਂ ਕਈ ਸਵੇਰਾਂ ਵੀ...ਹਰ ਸਵੇਰ ਮਗਰੋਂ ਦੁਪਹਿਰ ਤੇ ਪਿੱਛੋਂ ਤ੍ਰਿਕਾਲਾਂ 'ਚ ਬਦਲ ਰਾਤਾਂ ਦਾ ਸੰਘਣਾ ਹਨੇਰਾ ਬਣ ਜਾਂਦੀ। ਪਰ ਪਹਿਲੋਂ ਜਿਹੀਆਂ ਸਵੇਰਾਂ, ਵਧੀਆ ਖਿਆਲ ਮੰਨ 'ਚ ਲਿਆਉਂਣ ਦੀ ਥਾਂ ਖੌਫ ਨਾਲ ਭਰੀਆਂ ਹੋਈਆਂ ਆਉਂਦੀਆਂ। ਇਸ ਪਹਿਲੀ ਸਵੇਰ ਬਾਹਰੋਂ ਦੇਖਿਆਂ ਥਾਂ ਥਾਂ ਧੂੰਆਂ ਨਜ਼ਰ ਆ ਰਿਹਾ ਸੀ। ਕਿਤੇ ਕਿਤੇ ਅੱਗ ਦੀਆਂ ਲਪਟਾਂ ਵੀ ਸਨ ! ਕੱਲ੍ਹ ਦੀ ਤਾਂ ਹੋਸ਼ ਹੀ ਨਹ਼ੀ ਸੀ ਕਿਉਂਕਿ ਹਾਲਾਤ ਹੀ ਇਸ ਤਰ੍ਹਾਂ ਬਣਦੇ ਗਏ ਕਿ ਕੁਝ ਵੀ ਸੁੱਝ ਨਹੀਂ ਸੀ ਰਿਹਾ।

ਹਾਲਾਂਕਿ ਕੱਲ੍ਹ ਮੇਰੇ ਸਾਰੇ ਗੁਆਂਢੀਆਂ ਨੇ ਸਾਡੇ 'ਚੋਂ ਕਿਸੇ ਨੂੰ ਵੀ ਬਾਹਰ ਜਾਣ ਤੋਂ ਵਰਜਿਆ ਸੀ, ਪਰ ਮੇਰੀ ਪਤਨੀ ਜਸਬੀਰ ਕਹਿੰਦੀ "ਦੁੱਧ ਤਾਂ ਚਾਹੀਦਾ ਹੀ ਹੈ, ਮੈਂ ਭੱਜ ਕੇ ਲੈ ਆਉਨੀ ਆਂ ।...ਆਹ ਨਾਲ ਹੀ ਤਾਂ ਡਾਅਰੀ ਹੈ ਤੇ ਨਾਲੇ ਔਰਤਾਂ ਨੂੰ ਤਾਂ ਨਹੀਂ ਕੁਝ ਕਹਿਣ ਲੱਗੇ ?"

ਰੋਜ਼ ਵਾਂਗ ਉਥੇ ਲੋਕੀ ਦੁੱਧ ਵਾਲੇ ਵਲੋਂ ਧਾਰ ਕੱਢਣ ਦੀ ਉਡੀਕ ਕਰ ਰਹੇ ਸਨ। ਜਸਬੀਰ ਵੀ ਉਨ੍ਹਾਂ ਵਿਚ ਹੀ ਜਾ ਖੜ੍ਹੀ ਹੋਈ। ਜਦ ਦੁੱਧ ਲੈ ਕੇ ਵਾਪਸ ਪਰਤੀ ਤਾਂ ਡਰ ਤੇ ਖੌਫ ਨਾਲ ਉਸ ਦੇ ਭੌਰ ਉੱਡੇ ਹੋਏ ਸਨ। ਉਸ ਦੱਸਿਆ ਕਿ ਦੁੱਧ ਲੈਣ ਆਏ ਲੋਕ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਸਨ। ਕੋਈ ਕੁਛ ਕਹਿ ਰਿਹਾ ਸੀ ਤੇ ਕੋਈ ਕੁਛ। ਉਥੇ ਹੀ ਇਕ ਹੋਰ ਔਰਤ ਨੇ ਜਸਬੀਰ ਨੂੰ ਦੱਸਿਆ ਕਿ "ਕਲ੍ਹ ਰਾਤੀਂ ਭੀੜ ਨੇ ਕਿਸੇ ਸਿੱਖ ਦੇ ਘਰ ਪੱਥਰ ਮਾਰੇ ਸਨ !" ਜਸਬੀਰ ਨੈ ਘਰ ਆ ਕੇ ਮੈਨੂੰ ਦੱਸਿਆ ਕਿ "ਮੈਂ ਉਸ ਦੀ ਹਾਂ 'ਚ ਹਾਂ ਮਿਲਾਉਂਦੀ ਰਹੀ। ਉਸ ਨੂੰ ਕੀ ਕਹਿੰਦੀ ਕਿ ਜਿੱਸ ਘਰ 'ਚ ਪੱਥਰ ਵੱਜੇ, ਉਹ ਘਰ ਮੇਰਾ ਹੀ ਸੀ?"

ਲੋਕਾਂ 'ਚ ਅਫਵਾਹਾਂ ਦਾ ਸਿਲਸਿਲਾ ਜਾਰੀ ਸੀ।...ਕੋਈ ਕੁਝ ਕਹਿ ਰਿਹਾ ਸੀ ਤੇ ਕੋਈ ਕੁਝ। ਅਫਵਾਹਾਂ ਅਨੁਸਾਰ ਸਾਰੀ ਦਿੱਲੀ ਵਿਚ ਕਾਫੀ ਸਾਰੀਆਂ ਮਾਰਕੀਟਾਂ 'ਚ ਅੱਗਾਂ ਲਗਣੀਆਂ ਤੇ ਦੁਕਾਨਾਂ ਲੁੱਟਣੀਆਂ ਸ਼ੁਰੂ ਹੋ ਚੁਕੀਆਂ ਸਨ। ਰਾਜੀਵ ਗਾਂਧੀ ਨੂੰ ਕੱਲ੍ਹ ਰਾਤ ਨੂੰ ਹੀ ਪ੍ਰਧਾਨ ਮੰਤਰੀ ਦੇ ਥਾਪ ਦਿੱਤਾ ਗਿਆ ਸੀ। ਇੰਦਰਾ ਗਾਂਧੀ ਦੀ ਮ੍ਰਿਤਿਕ ਦੇਹ ਤੀਨ ਮੂਰਤੀ ਹਾਊਸ 'ਚ ਲੋਕਾਂ ਦੇ ਅੰਤਮ ਦਰਸ਼ਨ ਲਈ ਰੱਖ ਦਿੱਤੀ ਗਈ ਸੀ। ਟੈਲੀਵਿਜ਼ਨ ਦਾ ਕੈਮਰਾ ਵਾਰ ਵਾਰ ਉਸ 'ਤੇ ਆਪਣਾ ਫੋਕਸ ਟਿਕਾ ਉਸ ਬਾਰੇ ਖਬਰਾਂ ਦੇ ਰਿਹਾ ਸੀ। ਲੋਕ ਅੰਤਿਮ ਦਰਸ਼ਨ ਕਰਨ ਆਉਣੇ ਸ਼ੁਰੂ ਹੋ ਚੁਕੇ ਸਨ। ਖਲਕਤ ਕਤਾਰ ਬਣ ਤੁਰੀ ਆਉਂਦੀ, ਤੇ ਲੋਕ ਆਪੋ-ਆਪਣੀ ਸ਼ਰਧਾਂਜਲੀ ਭੇਟ ਕਰ ਅੱਗੇ ਵਧਦੇ ਜਾ ਰਹੇ ਸਨ ।ਕਈ ਲੋਕ ਜੋ ਇੰਦਰਾ ਗਾਂਧੀ ਪਰਿਵਾਰ ਦੇ ਨੇੜੇ ਸਨ, ਮ੍ਰਿਤਿਕ ਸਰੀਰ ਨੂੰ ਘੇਰਾ ਪਾਈ ਖੜ੍ਹੇ ਲੋਕਾਂ ਨੂੰ ਅਗਾਂਹ ਤੋਰ ਰਹੇ ਸਨ। ਇਨ੍ਹਾਂ ਲੋਕਾਂ ਵਿਚ ਹੋਰਾਂ ਤੋਂ ਬਿਨਾਂ ਅਮਿਤਾਭ ਬੱਚਨ ਵੀ ਸਨ ਤੇ ਰਾਜੀਵ ਗਾਂਧੀ ਵੀ।

ਬੰਗਲੋ ਰੋਡ, ਕਮਲਾ ਨਗਰ ਇਲਾਕੇ ਵਿਚ ਸਿੱਖਾਂ ਦੀਆਂ ਦੁਕਾਨਾਂ ਦੇ ਸ਼ਟਰ ਕਿਸੇ ਵਲੋਂ ਉਤਾਂਹ ਚੁਕ ਦਿੱਤੇ ਗਏ ਸਨ। ਲੋਕਾਂ ਨੂੰ ਉਨ੍ਹਾਂ ਦੁਕਾਨਾਂ ਅੰਦਰੋਂ ਸਾਮਾਨ ਲੁੱਟ ਲੈਣ ਲਈ ਉਕਸਾਇਆ ਜਾ ਰਿਹਾ ਸੀ। ਸ਼ਟਰ ਖੋਲ੍ਹਣ ਤੇ ਇਸ ਨੂੰ ਲੁੱਟਣ ਲਈ ਉਕਸਾਉਣ ਵਾਲੇ ਲੋਕ ਕੌਣ ਸਨ ? ਇਹ ਕੋਈ ਨਹੀਂ ਸੀ ਜਾਣਦਾ। ਲੁੱਟਣ ਵਾਲੀ ਭੀੜ 'ਚ ਕਾਫੀ ਸਾਰੇ ਦਿੱਲੀ ਯੂਨੀ-ਵਰਸਿਟੀ ਦੇ ਹੋਸਟਲਾਂ 'ਚ ਰਹਿਣ ਵਾਲੇ ਵਿਦਿਆਰਥੀ ਵੀ ਸਨ। ਉਹੀ ਲੋਕ ਕੁਝ ਖਾਣ ਪੀਣ ਕਮਲਾ ਨਗਰ ਆਉਂਦੇ ਸਨ। ਜਦ ਭੀੜ ਲੁੱਟ ਰਹੀ ਸੀ ਤਾਂ ਇਹ ਵਿਦਿਆਰਥੀ ਵੀ ਸ਼ਾਮਲ ਹੋ ਗਏ। ਪਰ ਉਹ ਪ੍ਰੋਫੈਸ਼ਨਲ ਚੋਰ ਜਾਂ ਲੁਟੇਰੇ ਨਹੀਂ ਸਨ, ਇਸ ਲਈ ਤੇ ਸ਼ਾਇਦ ਆਪੋ ਆਪਣੀ ਲੋੜ ਜਾਂ ਅਣਹੋਂਦ ਦੀਆਂ ਚੀਜ਼ਾਂ ਹੀ

**(ਬਾਕੀ ਸਫਾ 20 ਤੇ)**

# ਚਾਰ ਦਿਨ ਦੀ ਦਿੱਲੀ

(ਸਫਾ 19 ਦੀ ਬਾਕੀ)

ਲਿਜਾ ਰਹੇ ਸਨ। ਜਿਵੇਂ ਕਿ ਇਕ ਬਿਹਾਰੀ ਵਿਦਿਆਰਥੀ ਨੂੰ ਦੋ ਜੀਨਜ਼ ਦੀਆਂ ਪੈਂਟਾਂ ਲੁੱਟ ਕੇ ਹੀ ਤਸੱਲੀ ਸੀ। ਤੇ ਕੁੜੀਆਂ ਨੂੰ ਮੇਕ ਅੱਪ ਦੇ ਸਾਮਾਨ ਦੀ। ਪਹਿਲੇ ਦਿਨ ਇਕ ਦੋ ਕੁੜੀਆਂ ਨੇ ਤਾਂ ਇਹੋ ਜਿਹਾ ਕਾਰਾ ਕੀਤਾ, ਪਰ ਮੁੜਕੇ ਅਜਿਹੀਆਂ ਵਿਦਿਆਰਥਣਾਂ ਕਿਸੇ ਨੂੰ ਨਜ਼ਰ ਨਹੀਂ ਆਈਆਂ। ਸ਼ਾਇਦ ਪਹਿਲੇ ਉਹ ਕਿਸੇ ਫੰਨ ਦੀ ਤਵੱਕੋ ਕਰ ਕੇ ਆਈਆਂ ਹੋਣਗੀਆਂ, ਪਰ ਮਗਰੋਂ ਕਤਲ-ਏ-ਆਮ ਦੇ ਕਾਰਣ ਸਹਿਮ ਜਾਂ ਡਰ ਗਈਆਂ ਹੋਣ।

ਟ੍ਰੈਲੀਵਿਜ਼ਨ 'ਤੇ ਲੋਕ ਇੰਦਰਾ ਗਾਂਧੀ ਦੇ ਦਰਸ਼ਨਾਂ ਲਈ ਆ-ਜਾ ਰਹੇ ਸਨ। ਰਾਜੀਵ ਗਾਂਧੀ ਤੇ ਹੋਰ ਸਾਥੀ ਭੀੜ ਨੂੰ ਰੁਕਣ ਤੇ ਇਕੱਠ ਹੋਣ ਤੋਂ ਬਚਾਉਣ ਲਈ ਉਨ੍ਹਾਂ ਨੂੰ ਅਗਾਂਹ ਤੋਰੀ ਜਾ ਰਹੇ ਸਨ ਕਿ ਅਚਾਨਕ ਵਿਚੋਂ ਨੌਜੁਆਨ ਮੁੰਡਿਆਂ ਦੇ ਇਕ ਗਰੁੱਪ ਨੇ ਨਾਅਰਾ ਲਗਾ ਦਿੱਤਾ, "ਖੂਨ ਕਾ ਬਦਲਾ ਖੂਨ", ਪਰ ਰਾਜੀਵ ਗਾਂਧੀ ਨੇ ਉਸ ਗਰੁੱਪ ਨੂੰ ਇਕ ਪਾਸੇ ਕਰ ਬਹੁਤ ਠਰ੍ਹੰਮੇਂ ਨਾਲ ਸਮਝਾਇਆ, "ਆਪ ਲੋਗ ਸ਼ਾਂਤ ਹੋ ਜਾਈਏ, ਹਮ ਬਦਲਾ ਲੇਂਗੇ, ਪਰ ਅਪਨੇ ਤਰੀਕੇ ਸੇ...!" ਇੰਨੀ ਕੁ ਤਸੱਲੀ ਨਾਲ ਉਹ ਭੀੜ ਅਗਾਂਹ ਨਹੀਂ ਸੀ ਤੁਰ ਰਹੀ, ਪਰ ਅਖੀਰ ਰਾਜੀਵ ਗਾਂਧੀ ਉਨ੍ਹਾਂ ਨੂੰ ਅਗੇ ਤੋਰਨ 'ਚ ਕਾਮਯਾਬ ਹੋ ਗਏ, ਤੇ ਲੋਕ ਮੁੜ ਰੁਟੀਨ ਵਿਚ ਤੁਰਨੇ ਸ਼ੁਰੂ ਹੋ ਗਏ । ਟੈਲੀਵਿਜ਼ਨ ਚਲੀ ਜਾ ਰਿਹਾ ਸੀ। ਲੋਕਾਂ ਦੇ ਸ਼ੋਕ ਸੁਨੇਹਿਆਂ ਬਾਰੇ ਵੀ ਦਸ ਰਿਹਾ ਸੀ। ਅਸੀਂ ਬੰਦ ਘਰ ਵਿਚ ਟੈਲੀਵਿਜ਼ਨ ਮੁਹਰੇ ਦੁਬ੍ਹਕੇ ਬੈਠੇ ਸਾਂ। ਕਦੇ ਕੋਈ ਸੀਨ ਆ ਰਿਹਾ ਸੀ ਤੇ ਕਦੇ ਕੋਈ।

ਸ਼ਹਿਰ ਵਿਚ ਪਹਿਲਾਂ ਹੀ ਲਾਂਬੂ ਲਗਣੇ ਸ਼ੁਰੂ ਹੋ ਚੁੱਕੇ ਸਨ। ਕੱਟ-ਮਾਰ ਵੀ ਹੋ ਰਹੀ ਸੀ। ਲੁੱਟ-ਮਾਰ ਦੀ ਦੀ ਤਾਂ ਇੰਤਹਾ ਸੀ। ਸ਼ਹਿਰ ਵਿਚ ਅਜੀਬੋ-ਗਰੀਬ ਆਵਾਜ਼ਾਂ ਆ ਰਹੀਆਂ ਸਨ। ਕਿਤੇ ਚੀਕਾਂ। ਕਿਤੇ ਲੇਰਾਂ। ਕਿਤੇ ਵਿਲਕਣ।

ਫਿਰ ਇਕ ਸਭ ਤੋਂ ਭਿਆਨਕ ਖਬਰ ਇਹ ਆਈ ਸੀ ਕਿ ਸਿੱਖਾਂ ਨੇ ਬਦਲੇ ਦੀ ਭਾਵਨਾ ਨਾਲ ਕਸ਼ਮੀਰੀ ਗੇਟ ਇਲਾਕੇ 'ਚ ਪੈਂਦੇ ਕੁੜੀਆਂ ਦੇ ਕਾਲਜ ਦੇ ਹੋਸਟਲ 'ਚ ਵੜ ਕੇ ਉਨ੍ਹਾਂ ਦੀ ਇੱਜ਼ਤ ਲੁੱਟਣੀ ਸ਼ੁਰੂ ਕਰ ਦਿੱਤੀ ਹੈ। ਇਹ ਖਬਰ ਸ਼ਾਇਦ ਦੋ ਨਵੰਬਰ ਦੀ ਸੀ ਜਾਂ ਇਕ ਦੀ। ਉੱਤਰੀ ਦਿੱਲੀ ਦੇ ਸਾਰਿਆਂ ਇਲਾਕਿਆਂ ਵਿਚ ਇਹ ਖਬਰ ਅੱਗ ਵਾਂਗ ਫੈਲ ਗਈ ਸੀ। ਇਸ ਖਬਰ ਨੇ ਤਾਂ ਮੇਰੀ ਵੀ ਤ੍ਰਾਹ ਹੀ ਕੱਢ ਦਿੱਤੀ ਸੀ। ਹਾਏ ਓ ਰੱਬਾ। ਆਹ ਕੀ ਕੀਤਾ ਸਿੱਖਾਂ ਨੇ?

ਉਂਝ ਤਾਂ ਕਈ ਹੋਰ ਵੀ ਕਈ ਅਫਵਾਹਾਂ ਖੂਬ ਗਰਮ ਸਨ। ਪਹਿਲਾਂ ਹੀ ਇਕਔਰਤ ਅਕਾਲੀ ਨੇਤਾ ਨੇ ਅਖਬਾਰਾਂ 'ਚ ਇਹ ਬਿਆਨ ਦੇ ਕੇ ਘਾਣ ਕਰ ਦਿੱਤਾ ਸੀ ਕਿ "ਪੰਜਾਬੋਂ ਬਾਹਰ ਵੱਸਦੇ ਸਿੱਖ ਤਾਂ ਸਾਡੇ ਲਈ ਪਹਿਲਾਂ ਹੀ ਮਰ ਚੁੱਕੇ ਹਨ।...ਜੇ ਉਹ ਆ ਸਕਦੇ ਹਨ ਤਾਂ ਬਚ ਕੇ ਪੰਜਾਬ ਆ ਜਾਣ।" ਅਜਿਹੇ ਮੌਕੇ ਅਜਿਹਾ ਬਿਆਨ? ਬਲਦੀ 'ਤੇ ਤੇਲ ਤਾਂ ਪਹਿਲਾਂ ਹੀ ਪਾ ਚੁੱਕਾ ਸੀ।

ਪਹਿਲਾਂ ਮਠਿਆਈਆਂ ਵੰਡਣ ਦੀਆਂ ਖਬਰਾਂ। ਪੀਣ ਵਾਲੇ ਪਾਣੀ 'ਚ ਜ਼ਹਿਰ ਮਿਲਾਉਣ ਦੀਆਂ ਖਬਰਾਂ। ਨਵੀਂ ਦਿੱਲੀ ਸਟੇਸ਼ਸ਼ਨ 'ਤੇ ਪੰਜਾਬ ਤੋਂ ਸਿੱਖਾਂ ਨੇ ਹਿੰਦੂਆਂ ਨੂੰ ਵੱਢ ਕੇ ਲਾਸ਼ਾਂ ਦੀ ਗੱਡੀ ਭੇਜੀ ਹੈ ਵਰਗੀਆਂ ਖਬਰਾਂ ਸੁਣ ਸੁਣ ਦਿੱਲ ਦਹਿਲ ਰਿਹਾ ਸੀ।

ਪਰ ਇਸ ਖਬਰ ਨੇ ਤਾਂ ਸਾਹ ਹੀ ਸੁਕਾ 'ਤਾ ਸੀ ਮੇਰਾ। ਪਰ ਇਸ ਅਫਵਾਹ ਨੇ ਐਂਟੀ-ਸਿੱਖ ਭਾਵਨਾ ਨੂੰ ਭੜਕਾਉਣ 'ਚ ਬਹੁਤ ਅਹਿਮ ਰੋਲ ਅਦਾ ਕੀਤਾ ਸੀ ਉਸ ਦਿਨ। ਇਥੋਂ ਤੀਕ ਕਿ ਇਹ ਸੁਣ ਮੈ ਖੁਦ ਪਸੀਜਿਆ ਗਿਆ ਸਾਂ। ਮੇਰਾ ਖੂਨ ਜਿਵੇਂ ਮੇਰੇ ਅੰਦਰ ਹੀ ਜੰਮ ਗਿਆ ਹੋਵੇ। ਮੈਨੂੰ ਹਾਲੇ ਵੀ ਐਨ ਉਸੇ ਤਰ੍ਹਾਂ ਚੇਤੇ ਹੈ ਜਦੋਂ ਇਕ ਗੁਆਂਢੀ ਨੇ ਮੇਰੇ ਕੋਲ ਆਣ ਕੇ ਇਹ ਗੱਲ ਦੱਸੀ ਸੀ। ਉਸ ਵੇਲੇ ਮੈਨੂੰ ਲੱਗਾ ਸੀ ਜਿਵੇਂ ਮੇਰੇ ਮੂਹਰੇ ਸਿੱਖ ਇਤਿਹਾਸ ਦੇ ਵਰਕੇ ਉੜ ਉੜ ਮੇਰੇ ਮੂੰਹ 'ਤੇ ਲਫੇੜਿਆਂ ਵਾਂਗ ਵੱਜ ਰਹੇ ਰਹੇ ਹੋਣ...ਜਿਨ੍ਹਾਂ ਵਰਕਿਆਂ 'ਤੇ ਮੋਟੇ ਮੋਟੇ ਅੱਖਰਾਂ 'ਚ ਉਕਰਿਆ ਇਸ ਦੇ ਉਲਟ ਹੋਵੇ। ਉਹ ਇਤਿਹਾਸ, ਜੋ ਅਸੀਂ ਪੜ੍ਹਦੇ ਸੁਣਦੇ ਰਹੇ ਸਾਂ। ਅਸੀਂ ਇਤਿਹਾਸ ਦੇ ਪੰਨਿਆਂ 'ਤੇ ਇਹੀ ਲਿਖਿਆ ਪੜ੍ਹਿਆ ਸੀ ਕਿ ਜਦੋਂ ਤੋਂ ਸਿੱਖ ਹੋਂਦ ਵਿਚ ਆਇਆ, ਉਦੋਂ ਤੋਂ ਹੋਰ ਹਰ ਕੌਮਾਂ ਦਾ ਬੰਦਾ ਮਾਣ ਨਾਲ ਇਹ ਕਸਮ ਖਾ ਸਕਦਾ ਸੀ ਕਿ ਜੇ ਸੌ ਕੁੜੀਆਂ ਵਿਚ ਇਕ ਵੀ ਸਿੱਖ ਹੈ ਤਾਂ ਉਹ ਕੁੜੀਆਂ ਸੌ-ਫੀਸਦੀ ਸੁਰੱਖਿਅਤ ਹਨ।

ਤੇ ਅੱਜ ? ਉਸੇ ਗੁਰੂ ਦਾ ਖਾਲਸ ਸਿੰਘ, ਭਾਵੇਂ ਲੱਖ ਲੱਬ-ਲਬੇੜ 'ਚ ਭਿੱਜਾ ਹੋਵੇ ਪਰ ਇਹੋ ਜਿਹੀ ਘਿਨਾਉਣੀ ਹਰਕਤ 'ਚ ਕਿਵੇਂ ਜਾਮਨ ਹੋ ਸਕਦਾ? ਤੇ ਉਹ ਵੀ ਮਾਸੂਮ ਤੇ ਲਾਚਾਰ ਬੱਚੀਆ ਨਾਲ ਇਹੋ ਜਿਹੇ ਘਿਨਾਉਣੇ ਕਰਮ ਵਿਚ?...ਜਦੋਂ ਮੈਨੂੰ ਇਹ ਗੱਲ ਉਸ ਨੇ ਦੱਸੀ ਤਾਂ ਮੈਂ ਇਹ ਗੱਲ ਮੰਨਣੋਂ ਇਨਕਾਰ ਕਰ ਦਿੱਤਾ। ਮੈਂ ਉਨ੍ਹਾਂ ਨੂੰ ਕਿਹਾ ਕਿ ਇੱਕਾ-ਦੁੱਕਾ ਇਨਸਾਨ ਤਾਂ ਹਰ ਕੌਮ ਵਿਚ ਮਾੜੇ ਹੋ ਸਕਦੇ ਹਨ ਪਰ ਪੂਰੀ ਕੌਮ ਦਾ ਇਹ ਵਿਹਾਰ ਹਜ਼ਮ ਕਰਨ ਯੋਗ ਨਹੀਂ। ਪੂਰੀ ਦੀ ਪੂਰੀ ਸਿੱਖ ਕੌਮ ਅਜਿਹਾ ਨਹੀਂ ਕਰ ਸਕਦੀ ।

ਉਂਜ ਤਾਂ ਉਸ ਨੂੰ ਵੀ ਇਹ ਸੁਣ ਬਹੁਤ ਗਹਿਰਾ ਝਟਕਾ ਲੱਗਾ ਸੀ ਕਿ ਸਿੱਖ ਵੀ ਐਨੇ ਗਿਰ ਸਕਦੇ ਹਨ?...ਕੀ ਸਿੱਖਾਂ 'ਚ ਦੀਨ-ਈਮਾਨ ਹੀ ਨਹੀਂ ਰਿਹਾ?...ਧੀਆਂ- ਭੈਣਾਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ...ਦੁਸ਼ਮਣ ਦੀਆਂ ਧੀਆਂ ਭੈਣਾਂ ਨੂੰ ਬਦੇਸ਼ੀ ਧਾੜਵੀਆਂ ਤੋਂ ਬਚਾ ਕੇ ਉਨ੍ਹਾਂ ਦੇ ਮਾਪਿਆਂ ਕੋਲ ਮਹਿਫੂਜ਼ ਪਹੁੰਚਾਉਣ ਵਾਲਾ ਸਿੱਖ ਅੱਜ ਕੀ ਲੋਹੜਾ ਲੈ ਆ ਆਇਆ ਸੀ?...ਉਸ ਨੂੰ ਵੀ ਯਕੀਨ ਨਹੀਂ ਸੀ ਆ ਰਿਹਾ। ਪਰ ਜਿੱਥੋਂ ਉਸ ਨੂੰ ਪਤਾ ਲੱਗਾ ਸੀ ਉਹ ਵੀ ਸੱਚ ਸੀ। ਮੈਨੂੰ ਪਤਾ ਲੱਗਦਾ ਤਾਂ ਮੈਂ ਵੀ ਸੱਚ ਹੀ ਮੰਨਦਾ। ਹੋਇਆ ਇੰਝ ਕਿ ਇਸ ਕਾਲਜ ਦੀ ਵਾਈਸ ਪ੍ਰਿੰਸੀਪਲ ਨੂੰ ਅੱਧੀ ਰਾਤੇ ਫੋਨ ਆਇਆ। ਉਹ ਸਾਡੇ ਘਰ ਦੇ ਕੋਲ ਹੀ ਰਹਿੰਦੇ ਸਨ। ਮੇਰੇ ਉਸ ਦੋਸਤ ਨੂੰ ਵੀ ਪਹਿਲਾਂ ਉਸੇ ਤੋਂ ਪਤਾ ਲੱਗਾ ਸੀ। ਮੈਨੂੰਤਾਂ ਯਕੀਨ ਹੀ ਨਹੀਂ ਸੀ ਆ ਰਿਹਾ ਪਰ ਉਹ ਖੁਦ ਵੀ ਪਰੇਸ਼ਾਨ ਸੀ।ਅਸੀਂ ਦੁਆ ਕਰ ਰਹੇ ਸਾਂ ਕਿ ਰੱਬ ਕਰੇ ਇਹ ਝੂਠ ਹੋਵੇ...!

ਘਰ 'ਚ ਸਾਰੇ ਜੀਅ ਇਕ ਦੂਜੇ ਵਲ ਦੇਖ ਰਹੇ ਸਨ...ਟੀ.ਵੀ. ਦੀ ਖਬਰ ਕਿਸੇ ਦੇ ਕੰਨਾਂ 'ਚ ਨਹੀਂ ਸੀ ਜਾ ਰਹੀ...ਸਾਰੇ ਇਸ ਲੋਹੜੇ ਤੋਂ ਦੁਖੀ ਸਨ...!

ਪਰ ਦੂਸਰੀ ਸਵੇਰ ਹੁੰਦਿਆਂ ਹੀ ਕੁਝ ਰਾਹਤ ਦੀ ਖਬਰ ਆਈ। ਪਤਾ ਲੱਗਾ ਕਿ ਇਹ ਖਬਰ ਝੂਠੀ ਸੀ। ਇਹ ਗੱਲ ਉਸੇ ਦੋਸਤ ਨੇ ਖੁਦ ਹੀ ਤਸਦੀਕ ਕੀਤੀ ਜਿਸ ਨੇ ਇਹ ਖਬਰ ਸੁਣਾਈ ਸੀ। ਉਸ ਆਪਣੀ ਖਬਰ 'ਤੇ ਸ਼ਰਮਸਾਰ ਹੁੰਦਿਆਂ ਦੱਸਿਆ ਕਿ ਕਸ਼ਮੀਰੀ ਗੇਟ ਵਿਖੇ ਕੁੜੀਆਂ ਦੇ ਕਾਲਜ ਉਪਰ ਸਿੱਖਾਂ ਨੇ ਜਬਰ-ਜਨਾਹ ਦੇ ਮਕਸਦ ਨਾਲ ਹਮਲਾ ਨਹੀਂ ਸੀ ਕੀਤਾ...ਸਗੋਂ ਉਹ ਤਾਂ ਅੱਧੀ ਰਾਤ ਵੇਲੇ ਆਪਣੀ ਜਾਨ ਬਚਾਉਣ ਲਈ ਛੱਤ ਭਾਲਦੇ ਉਸ ਕਾਲਜ 'ਚ ਵੜ ਰਹੇ ਸਨ...ਉਨ੍ਹਾਂ ਨੂੰ ਤਾਂ ਇਹ ਵੀ ਪਤਾ ਨਹੀਂ ਸੀ ਕਿ ਉਹ ਕੁੜੀਆਂ ਦਾ ਕਾਲਜ ਹੈ...! ਲੋਕਾਂ ਵਿਚ ਇਹ ਚਰਚਾ ਸੀ ਕਿ ਸਰਕਾਰ ਦੇ ਕਹਿਣ 'ਤੇ ਪੁਲੀਸ ਵਾਲੇ ਸਿੱਖ ਪਰਿਵਾਰਾਂ ਨੂੰ ਦਿੱਲੀ ਦੇ ਪਿੰਡਾਂ 'ਚੋਂ ਕੱਢ ਕੇ ਲਿਆਏ ਸਨ, ਕਿਉਂਕਿ ਦਿੱਲੀ ਦੇ ਬਹੁਤ ਸਾਰੇ ਪਿੰਡਾਂ ਵਿਚ ਇੱਕਾ ਦੁੱਕਾ ਹੀ ਸਿੱਖ ਪਰਿਵਾਰ ਰਹਿੰਦੇ ਸਨ ਤੇ ਉਨ੍ਹਾਂ ਨੂੰ ਉੱਥੇ ਇਕੱਲਿਆਂ ਹੋਣ ਕਰਕੇ ਵਧੇਰੇ ਖਤਰਾ ਹੈ। ਇਸ ਲਈ ਉਨ੍ਹਾਂ ਨੂੰ ਪਿੰਡਾਂ ਦੇ ਖਤਰੇ 'ਚੋਂ ਕੱਢ ਕੇ ਸਰਕਾਰੀ ਜਾਂ ਗੈਰ-ਸਰਕਾਰੀ ਕੈਂਪਾਂ 'ਚ ਪਹੁੰਚਾ ਦਿੱਤਾ ਜਾਵੇ...ਤੇ ਪੁਲੀਸ ਵਾਲਿਆਂ ਨੇ ਉਨ੍ਹਾਂ ਨੂੰ ਪਿੰਡਾਂ 'ਚੋਂ ਤਾਂ ਲੈ ਆਂਦਾ ਪਰ ਕੁਝ ਸ਼ਰਾਰਤੀ ਪੁਲਸੀਆਂ ਨੇ ਉਨ੍ਹਾਂ ਲੋਕਾਂ ਨੂੰ ਲਿਆ ਕੇ ਸੜਕ 'ਤੇ ਹੀ ਬੱਸਾਂ 'ਚੋਂ ਹੇਠਾਂ ਲਾਹ ਲਾਵਾਰਿਸ ਛੱਡ ਦਿੱਤਾ। ਉਨ੍ਹਾਂ ਲਈ ਤਾਂਹਰ ਪਾਸੇ ਮੌਤ ਮੰਡਰਾ ਰਹੀ ਸੀ।ਉਹ ਵਿਚਾਰੇ ਤਾਂ ਅੱਧੀ ਰਾਤੇ ਥਾਂਹ ਭਾਲ ਰਹੇ ਸਨ ਸਿਰ ਲੁਕਾਉਣ ਲਈ ਤੇ ਦੂਜੇ ਪਾਸੇ ਉਨ੍ਹਾਂ ਹੀ ਪੁਲੀਸ ਵਾਲਿਆਂ 'ਚੋਂ ਜਾਂ ਕਿਸੇ ਦੰਗਾਈ ਨੇ ਇਹ ਅਫਵਾਹ ਉਡਾ ਦਿੱਤੀ ਸੀ ਕਿ "ਅਸੀਂ ਤਾਂ ਇਨ੍ਹਾਂ ਨੂੰ ਪਿੰਡਾਂ ਦੇ ਖਤਰਿਆਂ ਤੋਂ ਬਚਾ ਕੇ ਲਿਆਏ ਸਾਂ ਪਰ ਇਹੀ ਸਿੱਖ ਹੋਸਟਲ ਦੀਆਂ ਕੁੜੀਆਂ ਦੀ ਬੇਹੁਰਮਤੀ ਕਰਨ ਤੁਰ ਪਏ ਹਨ..!" ਤੇ ਅਜਿਹੀ ਅਫਵਾਹ ਤਾਂ ਅੱਗ ਵਾਂਗ ਫੈਲਦੀ ਹੀ ਹੈ।

ਮੇਰਾ ਇਕ ਛੋਟਾ ਭਰਾ ਸਰਾਇ ਰੋਹਿਲਾ ਵੱਲ ਰਹਿੰਦਾ ਸੀ। ਮੇਰੇ ਪਿਤਾ ਪੱਗ ਬੰਨ੍ਹਦੇ ਸਨ ਤੇ ਇਸੇ ਭਰਾ ਕੋਲ ਹੀ ਰਹਿੰਦੇ ਸਨ। ਹੋਰ ਸਾਡੇ ਘਰ 'ਚ ਕੋਈ ਪੱਗ ਨਹੀਂ ਸੀ ਬੰਨ੍ਹਦਾ। ਉਨ੍ਹਾਂ ਚਾਰ ਦਿਨਾਂ ਦਾ ਕਿਸੇ ਨੂੰ ਕੁਝ ਵੀ ਪਤਾ ਨਹੀਂ ਸੀ। ਕੌਣ ਜੀਊਂਦਾ ਤੇ ਕੌਣ ਮਰਿਆ। ਜਦੋਂ ਮਾੜੀ ਮੋਟੀ ਸ਼ਾਂਤੀ ਹੋਈ ਤਾਂ ਪਤਾ ਲਗਾ ਕਿ ਮੇਰੇ ਪਿਤਾ ਕਿਵੇਂ ਛੁਪ ਛੁਪਾ ਕੇ ਬਚੇ ਸਨ। ਮੇਰੇ ਪਿਤਾ ਨੇ ਦੱਸਿਆ ਕਿ ਉਹ ਇਕ ਨਵੰਬਰ ਨੂੰ ਉਹ ਹਮੇਸ਼ਾਂ ਵਾਂਗ ਭੋਲੇ-ਪੰਨ 'ਚ ਹੀ ਆਪਣੇ ਕੰਮ 'ਤੇ ਚਲੇ ਗਏ। ਉਨ੍ਹਾਂ ਨੂੰ ਕੋਈ ਖਬਰ ਨਹੀਂ ਸੀ ਇਸ ਸਭ ਕਾਸੇ ਦੀ।ਜਦ ਉਹ ਪੁਰਾਣੀ ਦਿੱਲੀ ਰੇਲਵੇ ਸਟੇਸ਼ਨ 'ਤੇ ਆਪਣੇ ਕੰਮ ਵਾਲੀ ਥਾਂ ਪਹੁੰਚੇ ਤਾਂ ਉਨ੍ਹਾਂ ਦੇ ਸਾਥੀ ਹੈਰਾਨ ਸਨ। ਉਨ੍ਹਾਂ ਮੇਰੇ ਪਿਤਾ ਨੂੰ ਡਾਂਟਿਆ ਕਿ ਅੱਜ ਉਹ ਘਰ ਕਿਓਂ ਨਹੀਂ ਬੈਠੇ ?ਬਾਹਰ ਲਾਂਬੂ ਲੱਗੇ ਹੋਏ ਹਨ? ...ਫਿਰ ਉਨ੍ਹਾਂ ਸਲਾਹ ਕੀਤੀ ਤੇ ਮੇਰੇ ਪਿਤਾ ਨੂੰ ਆਪਣੀ ਪੱਗ ਉਤਾਰਨ ਲਈ ਬੇਨਤੀ ਕੀਤੀ। ਮਗਰੋਂ ਉਨ੍ਹਾਂ ਮੇਰੇ ਪਿਤਾ ਦੇ ਸਿਰ ਦੇ ਵਾਲ ਖਿਲਾਰ ਦਿੱਤੇ। ਉਸ ਦਿਨ ਉਨ੍ਹਾਂ ਕੁਦਰਤੀ ਹੀ ਭਗਵਾਂ ਕੁੜਤਾ ਪਾਇਆ ਹੋਇਆ ਸੀ।ਪੱਗ ਲਾਹ ਕੇ ਵਾਲ ਖਿਲਾਰਨ ਕਰਕੇ ਉਨ੍ਹਾਂ ਦਾ ਲਗਭਗ ਸਾਧੂਆਂ ਵਰਗਾ ਭੇਸ ਬਣ ਗਿਆ। ਉਨ੍ਹਾਂ ਦੇ ਹੀ ਕੁਝ ਸਾਥੀ ਉਨ੍ਹਾਂ ਨੂੰ ਫਤੇਹਪੁਰੀ ਤੋਂ ਮਾਲ ਗੱਡੀ ਦੇ ਇਕ ਐਸੇ ਡੱਬੇ ਵਿਚ ਚੜ੍ਹਾ ਗਏ ਜੋ ਕਿਸੇ ਸਾਮਾਨ ਦੀਆਂ ਪੇਟੀਆਂ ਨਾਲ ਭਰਿਆ ਹੋਇਆ ਸੀ। ਇਕ ਬੰਦਾ ਨਾਲ ਉਨ੍ਹਾਂ ਦੀ ਹਿਫਾਜ਼ਤ ਲਈ ਭੇਜਿਆ। ਉਹ ਦੋਨੋਂ ਡੱਬੇ ਅੰਦਰ ਸਾਮਾਨ ਪਿਛੇ ਲੁਕ ਕੇ ਬੈਠ ਗਏ ਤੇ ਅਖੀਰ ਸਰਾਇ ਰੋ-ਹੇਲਾ ਸਟੇਸ਼ਨ ਤੋਂ ਬਚਦੇ ਬਚਾਉਂਦੇ ਕਿਸੇ ਤਰ੍ਹਾਂ ਘਰ ਪਹੁੰਚੇ ਸਨ।

*****

ਇੰਦਰਾ ਗਾਂਧੀ ਦੀ ਮ੍ਰਿਤਕ ਦੇਹ ਦੇ ਸੰਸਕਾਰ ਦਾ ਦਿਨ ਮਿਥ ਹੋ ਗਿਆ ਸੀ। ਬਾਹਰੋਂ ਡਿਗਨੀਟੀਅਰੀਜ਼ ਆਉਣੇ ਸ਼ੁਰੂ ਹੋ ਗਏ ਸਨ। ਸੰਸਕਾਰ ਵਾਲੇ ਦਿਨ ਕਰਫਿਊ ਹਟਾ ਦਿੱਤਾ ਗਿਆ ਸੀ। ਪਰ ਸ਼ਹਿਰ ਦੇ ਹਾਲਾਤ ਵਿਚ ਕੋਈ ਬਹੁਤਾ ਸੁਧਾਰ ਨਹੀਂ ਸੀ ਹੋਇਆ।

ਜਮਨਾ ਪਾਰ ਮੇਰਾ ਦੋਸਤ ਮੁਲਖ ਰਾਜ ਰਹਿੰਦਾ ਸੀ। ਕੱਟੜ ਜਨਸੰਘੀ। ਉਸ ਦੇ ਨੇੜੇ ਹੀ ਲੋਕ ਪ੍ਰਿੰਟਰ ਵਾਲਾ ਬਲਵੰਤ ਸਿੰਘ ਵੀ ਰਹਿੰਦਾ ਸੀ ਜਿਸ ਦੀ ਪੈੱਸ ਵਿਚ ਪੰਜਾਬੀ ਦੀਆਂ ਬਹੁਤ ਸਾਰੀਆਂ ਅਖਬਾਰਾਂ/ਮੈਗਜ਼ੀਨਾਂ ਛਪਦੀਆਂ ਹੁੰਦੀਆਂ ਸਨ। ਉਸੇ ਕੋਲ ਅੰਮ੍ਰਿਤਾ ਪ੍ਰੀਤਮ/ਇਮਰੋਜ਼ ਦਾ ਰਸਾਲਾ "ਨਾਗਮਣੀ" ਵੀ ਛਪਦਾ ਹੁੰਦਾ ਸੀ। ਉਸ ਦੀ ਪ੍ਰੈੱਸ ਵਿਚ ਉਸੇ ਦੇਘਰ ਦੇ ਹੀ 13-14 ਲੋਕ ਕੰਮ ਕਰਦੇ ਸਨ। ਜਦੋਂ ਇੰਦਰਾ ਗਾਂਧੀ ਦਾ ਕਤਲ ਹੋਇਆ ਤੇ ਸ਼ਹਿਰ 'ਚ ਸੰਨਾਟਾ ਜਿਹਾ ਦਿੱਸਿਆ ਤਾਂ ਮੁਲਖ ਰਾਜ ਬਲਵੰਤ ਸਿੰਘ ਦੇ ਪੂਰੇ ਪਰਿਵਾਰ ਨੂੰ ਆਪਣੇ ਘਰ ਲੈ ਆਇਆ। ਉਸ ਮੈਨੂੰ ਵੀ ਸੁਨੇਹਾ ਭੇਜਿਆ ਸੀ ਕਿ ਮੈ ਪਰਿਵਾਰ ਲੈ ਕੇ ਉਸ ਦੇ ਘਰ ਆ ਜਾਵਾਂ। ਪਰ ਮੁਲਖ ਰਾਜ ਦਾ ਜੋ ਬੰਦਾ ਸਾਨੂੰ ਲੈਣ ਆਇਆ ਸੀ, ਸਾਡੇ ਸਮਝਾਉਣ ਤੇ ਉਹ ਸਾਡੀ ਸੁੱਖ ਸਾਂਦ ਦਾ ਸੁਨੇਹਾਂ ਲੈ ਵਾਪਸ ਚਲਾ ਗਿਆ। ਜਾਣ ਤੋਂ ਪਹਿਲਾਂ ਮੁਲਖ ਰਾਜ ਦੇ ਬੰਦੇ ਨੇ ਦਿੱਲ ਹਿਲਾ ਦੇਣ ਵਾਲੀਆਂ ਗੱਲਾਂ ਦੱਸੀਆਂ। ਉਸ ਦੱਸਿਆ ਕਿ ਉਸ ਰਾਹ 'ਚ ਬਹੁਤ ਤਬਾਹੀ ਹੋਈ ਦੇਖੀ ਏ। ਭਜਨਪੁਰਾ, ਮੌਜਪੁਰ, ਲੋਨੀ, ਸ਼ਾਹਦਰਾ ਤੇ ਉਧਰ ਹੋਰ ਸਾਰੇ ਇਲਾਕੇ 'ਚ ਇਕ ਅਜੀਬ ਮਾਹੌਲ ਹੈ। ਲੋਕਾਂ ਦੀ ਭੀੜ ਇਧਰ ਭੱਜਦੀ ਹੈ। ਉੱਧਰ ਭੱਜਦੀ ਹੈ।ਕਿਤੇ ਕੋਈ ਸਿੱਖ ਨਜ਼ਰੀਂ ਪੈ ਜਾਵੇ। ਬੱਸ 'ਲਾ 'ਲਾ ਕਰਕੇ ਪਿੱਛੇ ਪੈ ਜਾਂਦੇ ਹਨ। ਲੁੱਟਣ ਵਾਲੇ ਲੁੱਟਦੇ। ਤਮਾਸ਼ਬੀਨ ਕੁੱਟਦੇ ਤੇ ਮਾਰਨ ਵਾਲੇ ਆ ਕੇ ਘੜੱਚ ਕਰ ਦਿੰਦੇ। ਅਜੀਬ ਤਰ੍ਹਾਂ ਦੇ ਹਥਿਆਰ ਸਨ, ਉਨ੍ਹਾਂ ਲੋਕਾਂ ਦੇ ਹੱਥਾਂ ਵਿਚ। ਜਿਵੇਂ ਝਟਕਈਆਂ ਜਾਂ ਬੁੱਚੜਾਂ ਦੀਆਂ ਦੁਕਾਨਾਂ 'ਤੇ ਹੁੰਦੇ ਨੇ। ਥਾਂ ਥਾਂ ਅੱਗ ਲੱਗੀ ਹੋਈ ਏ।ਕਿਤੇ ਕੋਈ ਸਿੱਖ ਨਜ਼ਰੀਂ ਪੈ ਜਾਵੇ ਸਹੀ। ਜਦ ਤੀਕ ਉਹਦਾ ਸਾਹ ਸੱਤ ਨਾ ਖਿੱਚ ਲੈਣ, ਹਟਦੇ ਈ ਨਈਂ। ਉਸ ਇਹ ਵੀ ਦੱਸਿਆ ਕਿ ਵਜ਼ੀਰਾਬਾਦ ਪੁਲ ਤੋਂ ਅਗੇ ਗੁਰਦੁਆਰੇ 'ਚ ਬਹੁਤ ਲੋਕ ਸ਼ਰਨ ਲੈ ਚੁੱਕੇ ਹਨ। ਕਾਰਾਂ ਤੇ ਹੋਰ ਗੱਡੀਆਂ ਸਾਰੇ ਰਾਹ ਸੜਦੀਆਂ ਦੇਖੀਆਂ ਸੀ ਉਸ ਨੇ। ਭੀੜ ਨੂੰ ਜਿਥੇ ਕੋਈ ਅੱਖਰ ਪੰਜਾਬੀ 'ਚ ਲਿਖਿਆ ਦਿਸਿਆ। ਜਾਂ ਕਿਤੇ ਕਿਸੇ ਟਰੱਕ ਜਾਂ ਕਾਰ 'ਚ ਸਿੱਖ ਗੁਰੂ ਦੀ ਫੋਟੋ ਲੱਗੀ ਦਿਸੀ ਤਾਂ ਬੱਸ ਉਹ ਮੁੱਕਾ ਹੀ ਮੁੱਕਾ।

ਭਾਵੇਂ ਉਹ ਮੋਨਾ ਹੋਵੇ ਤੇ ਭਾਵੇਂ ਪੱਗ ਵਾਲਾ।ਉਹ ਦੱਸ ਰਿਹਾ ਸੀ ਕਿ ਸ਼ਾਹਦਰੇ ਤੋਂ ਅੱਗੇ ਇਕ ਸਿਨੇਮੇ ਦੇ ਮਾਲਕਾਂ ਦੇ ਘਰ ਭੀੜ ਨੇ ਜਦ ਪਹਿਲਾਂ ਹੱਲਾ ਬੋਲਿਆ ਤਾਂ ਅੰਦਰੋਂ ਕਿਸੇ ਸਿੱਖ ਨੇ ਗੋਲੀ ਚਲਾ ਦਿੱਤੀ। ਉਹ ਦੱਸਦਾ ਕਿ ਲੋਕੀ ਤਾਂ ਕਹਿੰਦੇ ਨੇ ਕਿ ਉਸ ਨੇ ਅੰਦਰੋਂ ਸ਼ਾਇਦ ਇਹ ਗੋਲੀ ਆਤਮ ਰੱਖਿਆ ਲਈ ਚਲਾਈ ਸੀ ਤਾਕਿ ਭੀੜ ਉਥੋਂ ਤਾਂ ਡਰ ਕੇ ਚਲੀ ਜਾਏ। ਭੀੜ ਉਦੋਂ ਤਾਂ ਉਥੋਂ ਚਲੀ ਵੀ ਗਈ ਪਰ ਮਗਰੋਂ ਛੇਤੀ' ਹੀ ਉਸੇ ਭੀੜ ਨੇ ਹੋਰ ਲੋਕ ਇਕੱਠੇ ਕਰ ਤਾਦਾਦ ਵੱਡੀ ਕਰ ਫਿਰ ਹੱਲਾ ਬੋਲਿਆ...ਭੀੜ 'ਚ ਮੂਹਰਲੇ ਬੰਦਿਆਂ, ਜਿਨ੍ਹਾਂ ਦੇ ਅਜੀਬ ਖੂੰਖਾਰੀ ਚਿਹਰੇ ਸਨ ਨੇ ਬਿਲਡਿੰਗ ਨੂੰ ਹੀ ਅੱਗ ਲਗਾ ਦਿੱਤੀ। ਉਸ ਸਿਨੇਮੇ ਦੇ ਮਾਲਿਕ ਦਾ ਪੂਰਾ ਖਾਨਦਾਨ ਤਾਂ ਝੁਲਸਿਆ ਗਿਆ ਤੇ ਉਨ੍ਹਾਂ ਦੇ ਨਾਲ ਨਾਲ ਜਿੰਨੇ ਲੋਕਾਂ ਨੇ ਉਸ ਘਰ ਅੰਦਰ ਸ਼ਰਣ ਲਈ ਹੋਈ ਸੀ ਉਨ੍ਹਾਂ ਦਾ ਨਾਮੋ ਨਿਸ਼ਾਨ ਵੀ ਮਿਟ ਗਿਆ।ਜੋ ਸ਼ਰਣ ਲੈਣ ਲਈ ਆਏ ਸਨ ਉਹ ਵੀ ਵਿੱਚੇ ਵਿੱਚੇ ਹੀ ਚਿਣ ਹੋ ਗਏ। ਕਈਆਂ ਬਾਹਰ ਨਿਕਲ ਭੱਜਣ ਦੀ ਕੋਸ਼ਿਸ਼ ਵੀ ਕੀਤੀ। ਪਰ ਉਨ੍ਹਾਂ ਨੂੰ ਮੁੜ ਚੁੱਕ ਕੇ ਉਸੇ ਭਾਂਬੜ ਦੇ ਹਵਾਲੇ ਕਰ ਦਿੱਤਾ ਗਿਆ।

ਬਲਵੰਤ ਸਿੰਘ ਤੇ ਉਸ ਦੇ ਪਰਿਵਾਰ ਦੇ ਉਹ ਤੇਰਾ/ਚੌਦਾਂ ਜਣੇ ਇਕੱਤੀ ਅਕਤੂਬਰ ਤੋਂ ਕਰਫਿਊ ਹਟਣ ਵਾਲੇ ਦਿਨ ਤਕ ਮੁਲਖ ਰਾਜ ਦੇ ਘਰ ਹਿਫਾਜ਼ਤ ਨਾਲ ਰਹੇ। ਪਰ ਇੰਦਰਾ ਗਾਂਧੀ ਦੇ ਸੰਸਕਾਰ ਵਾਲੇ ਦਿਨ ਬਲਵੰਤ ਸਿੰਘ ਨੇ ਮੁਲਖ ਰਾਜ ਨਾਲ ਇਸ ਗੱਲ ਤੇ ਜ਼ਿੱਦ ਕੀਤੀ ਕਿ "ਹੁਣ ਤਾਂ ਸ਼ਾਂਤੀ ਹੈ। ਕਰਫਿਊ ਵੀ ਹਟ ਗਿਆ। ਹੁਣ ਉਹ ਘਰ ਚੱਲਦੇ ਹਨ। " ਮੁਲਖ ਰਾਜ ਨੇਦੱਸਿਆ ਕਿ ਉਸ ਨੇ ਬਹੁਤ ਜ਼ਿੱਦ ਕੀਤੀ, ਪਰ ਬਲਵੰਤ ਹੋਰ ਰੁਕਣ ਲਈ ਨਾ ਮੰਨਿਆ। ਕਹਿੰਦਾ "ਆਪਣਾ ਦੇਸ਼ ਹੈ...ਆਪਣੇ ਦੇਸ਼ 'ਚ ਹੀ ਕਾਹਦਾ ਡਰ?"

ਮੁਲਖ ਰਾਜ ਬਹੁਤ ਰੋਇਆ ਸੀ ਓਸ ਦਿਨ ਮੇਰੇ ਕੋਲ ਇਸ ਗੱਲ ਨੂੰ ਲੈ ਕੇ। ਕਹਿੰਦਾ ਸਾਰੇ ਦੇ ਸਾਰੇ ਜੀਅ ਬਲਵੰਤ ਦੇ ਕਹਿਣ 'ਤੇ ਉਸ ਦੇ ਘਰ ਵਲ ਨੂੰ ਪੈਦਲ ਹੀ ਤੁਰ ਪਏ। ਉਹ ਹਾਲੇ ਅੱਧ 'ਚ ਹੀ ਪਹੁੰਚੇ ਹੋਣਗੇ ਕਿ ਉਹਨਾਂ ਦੇ ਪੱਗਾਂ ਬੰਨ੍ਹੀਆਂ ਦੇਖ ਉਨ੍ਹਾਂ ਕੋਲ ਆ ਕੇ ਇਕ ਮਿਲਟਰੀ-ਟਰੱਕ ਰੁਕਿਆ। ਉਸ 'ਚੋਂ ਕੁਝ ਬੰਦੇ ਮਿਲਟਰੀ ਦੀ ਵਰਦੀ ਪਾਈ ਉਤਰੇ ਤੇ ਬਲਵੰਤ ਸਿੰਘ ਨੂੰ ਕਹਿੰਦੇ, "ਸਰਦਾਰ ਜੀ, ਤੁਸੀਂ ਕਿੱਥੇ ਘੁੰਮ ਰਹੇ ਹੋ ?ਹਾਲੇ ਖਤਰਾ ਹੈ। ਆਓ ਤੁਹਾਨੂੰ ਮਿਲਟਰੀ ਦੇ ਕੈਂਪ ਪਹੁੰਚਾ ਦਿੰਦੇ ਹਾਂ।"

ਮੁਲਖ ਰਾਜ ਨੇ ਅੱਗੋਂ ਦੱਸਿਆ ਕਿ ਬਲਵੰਤ ਪਹਿਲਾਂ ਤਾਂ ਸਹਿਮਿਆ ਤੇ ਉਸ ਨੂੰ ਇਹ ਪਹਿਚਾਣ ਨਾ ਹੋਈ ਕਿ ਇਹ ਦੰਗਾਈ ਹਨ ਜੋ ਮਿਲਟਰੀ ਵਾਲਿਆਂ ਦਾ ਭੇਸ ਵਟਾਈ ਫਿਰ ਰਹੇ ਸਨ ਇਹੋ ਜਿਹੇ ਕੰਮਾਂ ਨੂੰ ਅੰਜਾਮ ਦੇਣ ਲਈ। ਉਨ੍ਹਾਂ ਕੋਲ ਟਰੱਕ ਤੇ ਮਿਲਟਰੀ ਦੀਆਂ ਵਰਦੀਆਂ ਜਾਂ ਚੋਰੀ ਦੀਆਂ ਸਨ ਤੇ ਜਾਂ ਕਿਰਾਏ ਦੀਆਂ, ਜੋ ਉਨ੍ਹਾਂ ਉੱਥੋਂ ਲਈਆਂ ਹੋ ਸਕਦੀਆਂ ਹਨ ਜਿੱਥੋਂ ਨਾਟਕ ਸਟੇਜ ਕਰਨ ਵਾਲੇ ਅਜਿਹਾ ਸਾਮਾਨ ਪਰਾਪਤ ਕਰਦੇ ਹਨ। ਅਜਿਹਾ ਕੁਝ ਕਬਾੜੀਆਂ ਕੋਲੋਂ ਵੀ ਮਿਲ ਜਾਂਦਾ ਸੀ।

ਬਲਵੰਤ ਸਿੰਘ ਅਖੀਰ ਉਨ੍ਹਾਂ ਦੀ ਗੱਲ ਮੰਨ ਗਿਆ ਤੇ ਵਿਸ਼ਵਾਸ ਕਰ ਸਰੀਰਕ ਤੌਰ 'ਤੇ ਢਿੱਲਾ ਜਿਹਾ ਹੋ ਗਿਆ। ਜਦ ਉਹ ਸਾਰੇ ਟਰੱਕ ਵਲ ਵਧੇ ਹੀ ਸਨ ਕਿ ਉਹਦੇ 'ਚੋਂ ਕਈ ਹੋਰ ਦੰਗਾਈ ਮਿਲਟਰੀ ਦੀਆਂ ਟੁੱਟੀਆਂ-ਫੁੱਟੀਆਂ ਵਰਦੀਆਂ ਪਾਈ ਉਸ ਟਰੱਕ ਵਿਚੋਂ ਨਿਕਲ ਆਏ ਤੇ ਦੇਖਦਿਆਂ ਹੀ ਦੇਖਦਿਆਂ ਉਨ੍ਹਾਂ ਸਭ ਨੂੰ ਕਾਬੂ ਕਰ ਘੇਰਾ ਪਾਅ ਕੇ ਉਹਨਾਂ ਉਪਰ ਮਿੱਟੀ ਦਾ ਤੇਲ ਛਿੜਕ ਅੱਗਾਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ। ਉਹ ਸਾਰੇ ਦੇ ਸਾਰੇ ਜੀਅ-ਔਰਤਾਂ, ਬੱਚੇ, ਮਰਦ, ਚੀਖ-ਚਹਾੜਾ ਪਾਉਂਦੇ ਰਹੇ ਪਰ ਦੰਗਾਈ ਆਪਣਾ ਕੰਮ ਕਰਦੇ ਰਹੇ। ਅੱਗ ਦੀ ਤੀਲ੍ਹੀ ਭਾਂਬੜ ਬਣਦੀ ਗਈ ਤੇ ਅਭੋਲ ਰੂਹਾਂ ਦੀਆਂ ਆਤਮਾਵਾਂ ਉਨ੍ਹਾਂ ਦੇ ਸਰੀਰਾਂ 'ਚੋਂ ਨਿਕਲ ਪਤਾ ਨਹੀਂ ਕਿੱਧਰ ਨੂੰ ਉੜਨੀਆਂ ਸ਼ੁਰੂ ਸਨ ਕਿ ਉਨ੍ਹਾਂ 'ਚੋਂ ਮੌਕਾ ਦੇਖ ਬਲਵੰਤ ਦਾ ਭਾਣਜਾ ਹਰਮੀਤ ਉੱਥੋਂ ਭੱਜ ਨਿਕਲਿਆ।

ਉਹ ਉਂਜ ਵੀ ਪਤਲਾ ਤੇ ਫੁਰਤੀਲਾ ਸੀ। ਪਿਛਲੀਆਂ ਗਲੀਆਂ 'ਚੋਂ ਹੁੰਦਾ ਹੋਇਆ,ਉਹ ਇਕ ਘਰ ਅੰਦਰ ਵੜ ਆਪਣੇ ਚਿੱਤੋਂ ਲੁਕ ਤਾਂ ਗਿਆ ਪਰ ਦੰਗਾਈ ਲੱਭਦੇ ਲੱਭਦੇ ਉਥੇ ਤੀਕ ਵੀ ਪਹੁੰਚ ਗਏਜਿਸ ਘਰ ਵਿਚ ਉਹ ਲੁਕਿਆ ਹੋਇਆ ਸੀ। ਅਫਸੋਸ ਤਾਂ ਹੋਰ ਵੀ ਇਸ ਗੱਲ ਦਾ ਹੋਇਆ ਕਿਉਸ ਘਰ ਦੇ ਬਾਹਰਲੇ ਪਾਸੇ ਖੜ੍ਹੀ ਇਕ ਔਰਤ ਨੇ ਉਂਗਲ ਨਾਲ ਇਸ਼ਾਰਾ ਕਰ ਉਨ੍ਹਾਂ ਦੰਗਾਈਆਂ ਨੂੰ ਦੱਸ ਦਿੱਤਾ ਕਿ ਉਹ ਇੱਥੇ ਛੁਪਿਆ ਹੋਇਆ। ਬੱਸ। ਦੰਗਾਈਆਂਨੇ ਹਰਮੀਤ ਨੂੰ ਵੀ ਉਥੋਂ ਹੀ ਬਾਹਰ ਕੱਢ ਉਸੇ ਘਰ ਦੇ ਮੁਹਰਲੀ ਗਲੀ ਵਿਚ ਉਸ ਉਤੇ ਵੀ ਤੇਲ ਛਿੜਕ ਅੱਗ ਲਗਾ ਦਿੱਤੀ।ਹਰਮੀਤ ਦਾ ਸਰੀਰ ਵੀ ਸੜ ਰਿਹਾ ਸੀ।

ਉਸ ਨੇ ਕਦੇ ਬੜੇ ਚਾਅ ਨਾਲ ਚਾਂਦਨੀ ਚੌਂਕ 'ਤੋਂ ਆਪਣੇ ਹੱਥ ਦੇ ਪਿੱਛੇ "੧ਓ" ਲਿਖਵਾਇਆ ਸੀ ਤੇ ਦੂਜੇ ਹੱਥ ਦੇ ਪਿੱਛੇ "ਓਮ", ਕਿਉਂਕਿ ਉਹ ਮੰਦਿਰ ਨੂੰ ਵੀ ਓਨਾ ਹੀ ਪਿਆਰ ਕਰਦਾ ਸੀ ਜਿੰਨਾ ਗੁਰਦੁਆਰੇ ਨੂੰ। ਪਰ ਅੱਜ ਹਰਦੀਪ ਦੇ ਸਰੀਰ ਦੇ ਨਾਲ ਨਾਲ ਉਹ ਦੋਨੋਂ ਪਵਿੱਤਰ ਨਿਸ਼ਾਨ ਵੀ ਉਸ ਅੱਗ 'ਚ ਸੜ ਰਹੇ ਸਨ।

ਐਨ ਉਸੇ ਹੀ ਸਮੇਂ ਇੰਦਰਾ ਗਾਂਧੀ ਦਾ ਦੇਹ-ਸੰਸਕਾਰ ਸ਼ੁਰੂ ਹੋਣਾ ਸੀ। ਕੁਝ ਪਲਾਂ 'ਚ ਹੀ ਉਹ ਵੀ ਸ਼ੁਰੂ ਹੋ ਗਿਆ। ਤੇ ਜਿਸ ਵੇਲੇ ਇੰਦਰਾ ਗਾਂਧੀ ਦੀ ਦੇਹ ਸੜ ਰਹੀ ਸੀ, ਐਨ ਉਸੇ ਵੇਲੇ ਦੂਜੇ ਪਾਸੇ ਬਲਵੰਤ ਦੇ ਪਰਿਵਾਰ ਦੇ ਉਹ ਸਾਰੇ ਦੇ ਸਾਰੇ ਜੀਅ ਤੜਪਦੇ ਸਾਹ ਛੱਡ ਰਹੇ ਸਨ ਤੇ ਨਾਲ ਹੀ ਲੋਅ ਦੇਣ ਵਾਲੇ "ਹਰ ਦੀਪ"ਦੇ ਉਹ ਦੋਨੋਂ ਪਵਿਤਰ "ਸ਼ਬਦ" ਵੀ ਸੜ ਰਹੇ ਸਨ। ਇਨ੍ਹਾਂ ਪ੍ਰਾਣੀਆਂ ਵਿਚਕਾਰ ਤਾਂ ਬੱਸ ਇਕ ਸੁੱਕੀ ਹੋਈ ਵਿਚਾਰੀ ਜਮਨਾ ਨਦੀ ਹੀ ਸੀ।

ਬਹੁਤ ਕੁਝ ਹੋਰ ਵੀ ਹੋਇਆ। ਬਹੁਤਲੰਬੀ ਕਹਾਣੀ ਹੈ। ਪਰ ਇਥੇ ਇਹ ਗੱਲ ਕਹਿ ਕੇ ਹੀ ਖਤਮ ਕਰਦਾ ਹਾਂ ਕਿ ਸ਼ਾਇਦ ਹੀ ਦੁਨੀਆਂ ਦੇ ਕਿਸੇ ਸ਼ਰੀਫ ਨਾਗਰਿਕਾਂ ਨਾਲ ਇਸ ਤਰ੍ਹਾਂ ਦਾ ਵਿਸ਼ਵਾਸਘਾਤ ਹੋਇਆ ਹੋਵੇ।

# ਅਣਗੌਲ਼ਿਆ ਸ਼ਹੀਦ: ਬਾਬੂ ਹਰਨਾਮ ਸਿੰਘ ਸਾਹਰੀ

(ਸਫਾ 21 ਦੀ ਬਾਕੀ)

ਅਤੇ ਹਥਿਆਰ ਪਹੁੰਚਾਉਣਾ ਸੀ। ਬਾਬੂ ਹਰਨਾਮ ਸਿੰਘ 16 ਜੁਲਾਈ 1914 ਨੂੰ ਆਪਣੇ ਸਾਥੀਆਂ ਨਾਲ ਸਰਹੱਦ ਪਾਰ ਕਰਕੇ ਅਮਰੀਕਾ ਦੇ ਸ਼ਹਿਰ ਸੁਮਾਸ ਚਲੇ ਗਏ।ਪਰ ਬਦਕਿਸਮਤੀ ਨਾਲ ਉਹ ਇੱਥੇ ਆਪਣੇ ਸਾਥੀਆਂ ਭਾਈ ਭਾਗ ਸਿੰਘ, ਬਰਕਤਉਲਾ ਅਤੇ ਭਾਈ ਬਲਵੰਤ ਸਿੰਘ ਨਾਲ ਹਥਿਆਰਾਂ ਸਮੇਤ ਗ੍ਰਿਫਤਾਰ ਕਰ ਲਏ ਗਏ। ਬਾਕੀ ਸਾਥੀਆਂ ਨੂੰ ਤਾਂ ਰਿਹਾਅ ਕਰ ਦਿੱਤਾ ਗਿਆ ਪਰ ਬਾਬੂ ਜੀ ਤੇ ਹੋਰ ਕਈ ਕਾਨੂੰਨੀ ਧਾਰਾਵਾਂ ਲਾ ਕੇ ਜ਼ੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਬੰਦ ਦੌਰਾਨ ਸਤੰਬਰ ਦੇ ਦੂਜੇ ਹਫਤੇ ਬਾਬੂ ਜੀ ਦੀ ਅਮਰੀਕਾ ਵਿਚਲੀ ਰਿਹਾਇਸ਼ ਤੇ ਪੁਲਿਸ ਨੇ ਛਾਪਾ ਮਾਰਿਆ।

ਉੱਥੋਂ ਮਿਲੀਆਂ ਚਿੱਠੀਆਂ ਤੋਂ ਪਤਾ ਲਗਦਾ ਸੀ ਕਿ ਆਪ ਬੰਬ ਬਣਾਉਣ ਦੀ ਵੀ ਮੁਹਾਰਤ ਰੱਖਦੇ ਸਨ। ਬਾਬੂ ਜੀ ਤੇ ਹੋਰ ਸੰਗੀਨ ਜੁਰਮ ਲਾ ਕੇ 26 ਸਤੰਬਰ 1914 ਨੂੰ ਅਮਰੀਕਾ ਤੋਂ ਡੀਪੋਰਟ ਕਰ ਦਿੱਤਾ ਗਿਆ।ਡੀਪੋਰਟ ਕੀਤੇ ਜਾਣ ਤੋਂ ਬਾਅਦ ਆਪ ਦਾ ਜਹਾਜ਼ ਜਪਾਨ ਦੀ ਬੰਦਰਗਾਹ ਯੋਕੋਹਾਮਾ ਪੁੱਜਾ।ਆਪ ਯੋਕੋਹਾਮਾ ਦੀ ਬੰਦਰਗਾਹ ਤੋਂ ਖਿਸਕ ਗਏ।14 ਅਕਤੂਬਰ 1914 ਤੋਂ 2 ਜਨਵਰੀ 1915 ਤੱਕ ਯੋਕੋਹਾਮਾ ਵਿਚ ਹੀ ਰਹੇ।ਇੱਥੇ ਪ੍ਰਸਿੱਧ ਗ਼ਦਰੀ ਯੋਧੇ ਸੋਹਨ ਲਾਲ ਪਾਠਕ ਨੂੰ ਮਿਲੇ ਅਤੇ ਉਸਨੂੰ ਮੁੜ ਬੈਂਕਾਕ ਵਿਚ ਮਿਲਣ ਦਾ ਵਾਅਦਾ ਲਿਆ। ਜਪਾਨ ਵਿਚ ਹੀ ਬਾਬੂ ਜੀ ਨੇ ਜਪਾਨ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਅਤੇ ਉਸ ਕੋਲੋਂ ਅੰਗਰੇਜ਼ਾਂ ਦੇ ਖਿਲਾਫ਼ ਮੱਦਦ ਮੰਗੀ। ਇੱਥੇ ਉਹਨਾਂ ਬਹੁਤ ਸਾਰੇ ਗ਼ਦਰੀਆਂ ਨਾਲ ਮੇਲ ਮਿਲਾਪ ਕੀਤਾ। ਗ਼ਦਰ ਪਾਰਟੀ ਦੀ ਸਿਆਮ-ਬਰਮਾ ਪਲੈਨ ਦੀ ਜਿੰਮੇਵਾਰੀ ਬਾਬੂ ਹਰਨਾਮ ਸਿੰਘ, ਸੋਹਨ ਲਾਲ ਪਾਠਕ ਅਤੇ ਸੰਤੋਖ ਸਿੰਘ ਧਰਦਿਓ ਵਰਗੇ ਗ਼ਦਰੀ ਯੋਧਿਆ ਦੇ ਹੱਥ ਵਿਚ ਸੀ।ਬਾਬੂ ਜੀ ਅਤੇ ਪੰਡਤ ਸੋਹਨ ਲਾਲ ਦੀ ਸਿਦਕ ਦਿਲੀ ਦੇਖੋ, ਇਹਨਾਂ ਬਰਮਾ ਜਾ ਕੇ ਗ਼ਦਰ ਕਰਨ ਤੋਂ ਪਹਿਲਾਂ ਉੱਥੇ ਬਹਾਦਰ ਸ਼ਾਹ ਜਫਰ ਦੀ ਕਬਰ ਲੱਭੀ ਤੇ ਉਸ ਮੁਹਰੇ ਖੜ ਕੇ ਸਹੁੰ ਖਾਧੀ ਕਿ ਆਪਣੇ ਖੂਨ ਦੇ ਆਖਰੀ ਤੁਪਕੇ ਤੱਕ ਉਹ ਹਿੰਦੋਸਤਾਨ ਦੀ ਅਜ਼ਾਦੀ ਲਈ ਜੂਝਣਗੇ।

ਬਰਮਾ ਵਿਚ ਉਹਨਾਂ ਮਿੱਥੇ ਪ੍ਰੋਗ੍ਰਾਮ ਤਹਿਤ ਫੌਜ਼ੀ ਬੈਰਕਾਂ ਵਿਚ ਫੌਜ਼ੀਆਂ ਨਾਲ ਸੰਪਰਕ ਕਰਕੇ ਉਹਨਾਂ ਨੂੰ ਆਪਣੇ ਨਾਲ ਜੋੜ ਲਿਆ।ਥਾਹੋਂ ਥਾਈਂ ਆਪਣੇ ਸਾਥੀ ਪਹੁੰਚਾ ਦਿੱਤੇ। ਪਰ ਇਹਨੀਂ ਦਿਨੀ ਬਾਬੂ ਹੁਰਾਂ ਦਾ ਇੱਕ ਸਾਥੀ ਚਾਲੀਆ ਰਾਮ ਗ਼ਦਰੀ ਸਾਹਿਤ ਲੈ ਕੇ ਆਉਂਦਾ ਹੋਇਆ ਫੜਿਆ ਗਿਆ। ਪ੍ਰਸ਼ਾਸਨ ਨੂੰ ਇਹਨਾਂ ਦੇ ਗੁਪਤ ਮਿਸ਼ਨ ਦੀ ਸੂਹ ਮਿਲ ਗਈ। ਸਾਥੀਆਂ ਦੀ ਫੜੋ ਫੜੀ ਸ਼ੁਰੂ ਹੋ ਗਈ। ਇਹਨਾਂ ਨੇ ਬਰਮਾ ਦੀ ਇੱਕ ਬੈਰਕ ਤੇ ਕਬਜ਼ਾ ਵੀ ਕਰ ਲਿਆ ਸੀ ਪਰ ਸਾਥੀਆਂ ਦੀ ਤਾਦਾਦ ਅਤੇ ਲੋੜੀਂਦਾ ਗੋਲੀ ਸਿੱਕਾ ਘੱਟ ਹੋਣ ਕਰਕੇ ਸਫਲਤਾ ਹੱਥ ਨਾ ਲੱਗੀ। ਮਾੜਾ ਸਮਾਂ ਭਾਂਪ ਕੇ ਬਾਬੂ ਹਰਨਾਮ ਸਿੰਘ ਨੇ ਆਪਣੇ ਸਾਥੀਆਂ ਨੂੰ ਦੂਰ ਪਰੇ ਲੁਕ ਛੁਪ ਜਾਣ ਲਈ ਕਹਿ ਦਿੱਤਾ।

ਆਪ ਵੀ ਇਹ ਰੰਗੂਨ ਤੋਂ ਤਾਂ ਬਚ ਕੇ ਨਿਕਲ ਗਏ ਪਰ ਬਰਮਾ ਵਾਲੇ ਪਾਸੇ ਮਾਆਵਡੀ ਦੇ ਕੋਲ ਫੜੇ ਗਏ।ਬਾਬੂ ਜੀ ਨੂੰ ਮੌਲਮੀਨ ਦੀ ਜ਼ੇਲ੍ਹ ਵਿਚ ਬੰਦ ਕਰ ਦਿੱਤਾ ਗਿਆ।ਇਸ ਜ਼ੇਲ੍ਹ ਵਿਚ ਹੋਰ ਵੀ ਬਹੁਤ ਸਾਰੇ ਗ਼ਦਰੀ ਸਨ। ਬਾਬੂ ਹਰਨਾਮ ਸਿੰਘ 1 ਸਤੰਬਰ 1915 ਨੂੰ ਆਪਣੇ ਦੋ ਸਾਥੀਆਂ ਨਾਲ ਜ਼ੇਲ੍ਹ ਦੀਆਂ ਸੀਖਾਂ ਕੱਟ ਕੇ ਭੱਜ ਨਿਕਲੇ।ਮੌਲਮੀਨ ਦਰਿਆ ਕਿਸ਼ਤੀ ਰਾਹੀਂ ਪਾਰ ਕਰਦੇ ਸਮੇਂ ਆਪ ਨੂੰ ਪੁਲਿਸ ਦਾ ਘੇਰਾ ਪੈ ਗਿਆ। ਪੁਲਿਸ ਨੇ ਗ੍ਰਿਫਤਾਰ ਕਰਕੇ ਮੁੜ ਮੌਲਮੀਨ ਦੀ ਜ਼ੇਲ੍ਹ ਵਿਚ ਬੰਦ ਕਰ ਦਿੱਤਾ। ਬਰਮਾ ਵਿਖੇ ਬਾਬੂ ਹਰਨਾਮ ਸਿੰਘ ਸਮੇਤ 17 ਗ਼ਦਰੀਆ ਤੇ 'ਫਸਟ ਬਰਮਾ ਕਾਂਸਪੀਰੇਸੀ ਕੇਸ' ਨਾਂ ਦਾ ਮੁਕੱਦਮਾ ਚਲਾਇਆ ਗਿਆ ਜੋ ਲਾਹੌਰ ਸਾਜਿਸ਼ ਕੇਸ ਦਾ ਹੀ ਦੂਜਾ ਰੂਪ ਸੀ। ਇਹਨਾਂ ਉਪਰ ਦੋਸ਼ ਲਾਏ ਗਏ ਕਿ ਇਹਨਾਂ ਨੇ ਬਾਦਸ਼ਾਹ ਸਲਾਮਤ ਦੇ ਉਲਟ ਸਾਜਿਸ਼ ਘੜ ਕੇ ਫੌਜ਼ਾਂ ਨੂੰ ਬਾਗੀ ਹੋਣ ਲਈ ਉਕਸਾਇਆ ਹੈ, ਬ੍ਰਿਟਸ਼ ਸਰਕਾਰ ਦਾ ਤਖਤਾ ਉਲਟਾਉਣ ਲਈ ਹਥਿਆਰਾਂ ਦੀ ਵਰਤੋਂ ਕੀਤੀ ਹੈ ਅਤੇ ਬਾਦਸ਼ਾਹ ਸਲਾਮਤ ਦੀ ਆਗਿਆਕਾਰ ਰਿਆਸਤ ਵਿਚ ਬੇਦਿਲੀ ਫੈਲਾਉਣ ਦੀ ਕੋਸ਼ਿਸ ਕੀਤੀ ਹੈ। ਇਸ ਕੇਸ ਵਿਚ 90 ਗਵਾਹੀਆਂ ਭੁਗਤੀਆਂ। ਚਾਰ ਬੰਦਿਆਂ ਨੂੰ ਪੁਖਤਾ ਸਬੂਤ ਨਾ ਹੋਣ ਕਾਰਨ ਛੱਡ ਦਿੱਤਾ ਗਿਆ। ਨਵਾਬ ਸਿੰਘ ਅਤੇ ਜੋਧ ਸਿੰਘ ਵਰਗੇ ਗ਼ਦਾਰਾਂ ਦੇ ਬਿਆਨਾਂ ਦੇ ਅਧਾਰ ਤੇ ਬਾਬੂ ਹਰਨਾਮ ਸਿੰਘ ਸਮੇਤ ਸੱਤ ਦੇਸ਼ ਭਗਤਾਂ ਨੂੰ ਫਾਂਸੀ ਅਤੇ ਛੇਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਫਾਂਸੀ ਦੀ ਸਜਾ ਸੁਣ ਕੇ ਬਾਬੂ ਹਰਨਾਮ ਸਿੰਘ ਦਾ ਚਿਹਰਾ ਹੋਰ ਦਗਣ ਲਗ ਪਿਆ।ਉਹ ਜ਼ੇਲ੍ਹ ਵਿਚ ਅਕਸਰ ਦੇਸ਼ ਭਗਤੀ ਦੇ ਗੀਤ ਗਾਉਂਦੇ ਰਹਿੰਦੇ ਸਨ।ਸਾਹਰੀ ਪਿੰਡ ਦਾ ਇਹ ਮਾਣਮੱਤਾ ਨਾਇਕ ਵਿਦੇਸ਼ੀ ਧਰਤੀ ਤੇ ਸੁਤੰਤਰਤਾ ਦੀ ਜੰਗ ਲੜਦਿਆਂ 14 ਨਵੰਬਰ 1916 ਨੂੰ ਫਾਂਸੀ ਦਾ ਰੱਸਾ ਚੁੰਮ ਕੇ ਸ਼ਹਾਦਤ ਦਾ ਜਾਮ ਪੀ ਗਿਆ ਅਤੇ ਉਸੇ ਮਿੱਟੀ ਵਿਚ ਰਮ ਕੇ ਲੋਕ ਨਾਇਕ ਬਣ ਗਿਆ ਜਿਸ ਮਿੱਟੀ ਵਿਚ ਬਹਾਦਰ ਸ਼ਾਹ ਜ਼ਫ਼ਰ ਰਮਿਆ ਸੀ।


# ਅਣਗੌਲ਼ਿਆ ਸ਼ਹੀਦ: ਬਾਬੂ ਹਰਨਾਮ ਸਿੰਘ ਸਾਹਰੀ

## (ਫਾਂਸੀ 14 ਨਵੰਬਰ,1916 -- ਸ਼ਹੀਦੀ ਸ਼ਤਾਬਦੀ 14 ਨਵੰਬਰ, 2016)

ਬਾਬੂ ਹਰਨਾਮ ਸਿੰਘ ਦਾ ਜਨਮ ਸੰਨ 1884 ਈ. ਵਿਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਸਾਹਰੀ ਵਿਖੇ ਪਿਤਾ ਸ. ਲਾਭ ਸਿੰਘ ਅਤੇ ਮਾਤਾ ਸ਼੍ਰੀ ਮਤੀ ਚੰਦ ਕੌਰ ਦੀ ਕੁੱਖੋਂ ਹੋਇਆ।ਪਿੰਡ ਸਾਹਰੀ ਹੁਸ਼ਿਆਰਪੁਰ ਤੋਂ ਫਗਵਾੜਾ ਜਾਣ ਵਾਲੀ ਸੜਕ ਦੇ ਲਹਿੰਦੇ ਪਾਸੇ ਹੁਸ਼ਿਆਰਪੁਰ ਤੋਂ 12 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ।ਸਾਹਰੀ ਨੂੰ ਸੰਤਾਂ ਮਹਾਂਪੁਰਖਾਂ ਦੀ ਨਗਰੀ ਵੀ ਕਿਹਾ ਜਾਂਦਾ ਹੈ। ਇੱਥੇ ਹਰ ਕਮਿਊਨਿਟੀ ਦਾ ਆਦਮੀ ਪਿਆਰ ਮੁਹੱਬਤ ਨਾਲ ਵਸਦਾ ਸੀ। ਪਿੰਡ ਦੇ ਇਸ ਅਪਣੱਤ ਭਰੇ ਵਾਤਾਵਰਨ ਨੇ ਬਾਬੂ ਹਰਨਾਮ ਸਿੰਘ ਦੀ ਸਵੱਸ਼ ਸ਼ਖ਼ਸੀਅਤ ਦੇ ਨਿਰਮਾਣ ਵਿਚ ਉਸਾਰੂ ਰੋਲ਼ ਅਦਾ ਕੀਤਾ। ਪਿੰਡ ਵਿਚ ਇਹਨਾਂ ਦਾ ਪਰਿਵਾਰ ਸਾਊ ਪਰਿਵਾਰ ਅਖਵਾਉਂਦਾ ਸੀ। ਹਲੀਮੀ, ਨਿਮਰਤਾ ਅਤੇ ਦੂਜਿਆਂ ਦੇ ਹਿੱਤਾਂ ਲਈ ਸਾਜ਼ਗਾਰ ਰਹਿਣਾ ਇਹਨਾਂ ਦੇ ਸੁਭਾਓ ਵਿਚ ਸ਼ਾਮਿਲ ਸੀ। ਬਾਬੂ ਜੀ ਦੇ ਵੱਡੇ ਭਰਾ ਦਾ ਨਾਂ ਬਸੰਤ ਸਿੰਘ ਅਤੇ ਛੋਟੇ ਭਰਾ ਦਾ ਨਾਂ ਭਗਵਾਨ ਸਿੰਘ ਸੀ। ਤਿੰਨਾ ਭਰਾਵਾਂ ਤੋਂ ਛੋਟੀ ਇੱਕ ਭੈਣ ਸੀ ਜਿਸਦਾ ਨਾਂ ਹਰਨਾਮ ਕੌਰ ਸੀ।ਮੁਢਲੀ ਵਿਦਿਆ ਬਾਬੂ ਜੀ ਨੇ ਆਪਣੇ ਨਗਰ ਤੋਂ ਹੀ ਪ੍ਰਾਪਤ ਕੀਤੀ ਅਤੇ ਆਪਣੇ ਘਰਦਿਆਂ ਦੇ ਨਾਲ ਖੇਤੀ ਬਾੜੀ ਦੇ ਕੰਮਾਂ ਵਿਚ ਹੱਥ ਵਟਾਉਣਾ ਸ਼ੁਰੂ ਕੀਤਾ। ਆਪ ਦੀ ਸ਼ਾਦੀ ਜਲੰਧਰ ਜ਼ਿਲ੍ਹੇ ਦੇ ਪਿੰਡ ਕੋਟਲੀ ਦੀ ਰਾਅ ਕੌਰ ਨਾਲ ਹੋਈ। ਪਰਿਵਾਰ ਦੀ ਆਰਥਿਕਤਾ ਨੂੰ ਖੁਸ਼ਹਾਲ ਕਰਨ ਦੇ ਮਕਸਦ ਨਾਲ ਆਪ 18 ਸਾਲ ਦੀ ਉਮਰ ਵਿਚ ਰਸਾਲੇ ਵਿਚ ਭਰਤੀ ਹੋ ਗਏ। ਪਰ ਅਜ਼ਾਦ ਤਬੀਅਤ ਦੇ ਮਾਲਕ ਹੋਣ ਕਰਕੇ ਇੱਥੇ ਜਿਆਦਾ ਦੇਰ ਟਿਕ ਨਾ ਸਕੇ ਅਤੇ ਛੇਤੀ ਹੀ ਅਸਤੀਫ਼ਾ ਦੇ ਕੇ ਘਰ ਵਾਪਸ ਆ ਗਏ।

ਘਰ ਆ ਕੇ ਵੀ ਬਾਬੂ ਜੀ ਦਾ ਮਨ ਨਾ ਲੱਗਾ।1904 ਦੇ ਅਖੀਰ ਤੇ ਆਪ ਹਾਂਗਕਾਂਗ ਚਲੇ ਗਏ ਅਤੇ ਇੱਥੇ ਤਿੰਨ ਸਾਲ ਇਲੈਕਟ੍ਰਿਕ ਟ੍ਰਾਮ ਕੰਪਨੀ ਵਿਚ ਸਟੋਰਕੀਪਰੀ ਦੀ ਨੌਕਰੀ ਕੀਤੀ। ਇੱਥੇ ਰਹਿੰਦਿਆਂ ਆਪ ਦਾ ਮੇਲ ਅਮਰੀਕਾ ਕੈਨੇਡਾ ਤੋਂ ਆਉਣ ਵਾਲੇ ਯਾਤਰੀਆਂ ਨਾਲ ਹੁੰਦਾ ਰਹਿੰਦਾ ਸੀ। ਇਹਨਾਂ ਤੋਂ ਹੀ ਆਪ ਨੂੰ ਪਤਾ ਲੱਗਾ ਕਿ ਕੈਨੇਡਾ ਅਮਰੀਕਾ ਵਿਚ ਕਮਾਈ ਕਾਫ਼ੀ ਹੈ ਅਤੇ ਕੀਤੀ ਹੋਈ ਮਿਹਨਤ ਦਾ ਸਹੀ ਮੁੱਲ ਪੈਂਦਾ ਹੈ। ਆਪ ਨੇ ਪੈਸੇ ਦਾ ਬੰਦੋਬਸਤ ਕੀਤਾ ਅਤੇ 31 ਅਗਸਤ 1907 ਨੂੰ ਵਿਕਟੋਰੀਆ ਪਹੁੰਚ ਗਏ। ਇੱਥੇ ਆ ਕੇ ਆਪ ਨੇ ਪਹਿਲਾਂ ਰੋਜ਼ੀ ਦਾ ਪ੍ਰਬੰਧ ਕੀਤਾ ਅਤੇ ਫੇਰ ਲਿੰਕਨ ਹਾਈ ਸਕੂਲ ਤੇ ਯੂਨੀਵਰਸਿਟੀ ਕਾਲਜ ਸਿਆਟਲ 'ਚ ਪੜ੍ਹਾਈ ਕੀਤੀ।

ਪੜ੍ਹਾਈ ਕਰਦਿਆਂ ਆਪ ਦਾ ਮੇਲ ਜੀ. ਡੀ. ਕੁਮਾਰ ਜਿਹੇ ਸਿਰਕੱਢ ਦੇਸ਼ ਭਗਤ ਨਾਲ ਹੋਇਆ। ਇਸ ਸਮੇਂ ਤੱਕ ਆਲੇ ਦੁਆਲੇ ਦੇ ਮਾਹੌਲ ਦਾ ਚਿੰਤਨ ਕਰਕੇ ਆਪ ਦੇ ਮਨ ਵਿਚ ਅੰਗਰੇਜ਼ੀ ਸਰਕਾਰ ਖਿਲਾਫ਼ ਵਿਰੋਧ ਦੀ ਭਾਵਨਾ ਪਨਪ ਚੁੱਕੀ ਸੀ।ਅਸਲ ਗੁਲਾਮੀ ਦਾ ਅਹਿਸਾਸ ਉਹਨਾਂ ਨੂੰ ਇੱਧਰ ਆ ਕੇ ਹੀ ਹੋਇਆ। ਪੈਰ ਪੈਰ ਤੇ ਹੁੰਦੇ ਵਿਤਕਰੇ ਨੇ ਆਪ ਦਾ ਹਿਰਦਾ ਪੱਛ ਸੁਟਿਆ। ਇੱਥੋਂ ਹੀ ਆਪ ਨੇ ਆਪਣੇ ਪਿਤਾ ਜੀ ਨੂੰ ਇੱਕ ਪੱਤਰ ਲਿਖਿਆ ਕਿ ਪਿਤਾ ਜੀ ਤੁਸੀਂ ਮੇਰੇ ਕੋਲੋਂ ਹੁਣ ਆਪਣੇ ਕੰਮਾਂ ਅਤੇ ਆਰਥਿਕ ਮੱਦਦ ਦੀ ਆਸ ਨਾ ਰੱਖਿਓ।ਮੈਂ ਆਪਣੀ ਜ਼ਿੰਦ ਦੇਸ਼ ਦੇ ਨਾਂ ਲਿਖ ਦਿੱਤੀ ਹੈ। ਜਦ ਤੱਕ ਮੇਰੇ ਅੰਦਰ ਸਾਹਾਂ ਦੀ ਗਤੀ ਚਲਦੀ ਰਹੇਗੀ ਮੈਂ ਅੰਗਰੇਜ਼ੀ ਹਕੂਮਤ ਖਿਲਾਫ਼ ਲੜਦੇ ਹੋਏ ਅਜ਼ਾਦੀ ਪ੍ਰਾਪਤੀ ਲਈ ਤੱਤਪਰ ਰਹਾਂਗਾ। ਇਸਤੋਂ ਬਾਅਦ ਉਹਨਾਂ ਆਪਣੇ ਪਰਿਵਾਰ ਨਾਲ ਕੋਈ ਵਾਸਤਾ ਨਹੀਂ ਰੱਖਿਆ।




ਜੀ.ਡੀ. ਕੁਮਾਰ ਨਾਲ ਮਿਲ ਕੇ ਬਾਬੂ ਹਰਨਾਮ ਸਿੰਘ ਨੇ ਜਨਵਰੀ 1910 ਈ. ਨੂੰ ਆਪਣੀ ਰਿਹਾਇਸ਼ 1632-ਦੂਜਾ, ਐਵੇਨਿਊ ਵੈਸਟ ਫੇਅਰਵਿਊ ਵੈਨਕੂਵਰ ਤੋਂ 'ਸੁਦੇਸ਼ ਸੇਵਕ' ਨਾਂ ਦਾ ਪਰਚਾ ਸ਼ੁਰੂ ਕੀਤਾ। ਵਿਦੇਸ਼ੀ ਧਰਤੀ ਉਪਰ ਛਪਣ ਵਾਲਾ ਇਹ ਪਹਿਲਾ ਪੰਜਾਬੀ ਪਰਚਾ ਸੀ। ਬਾਬੂ ਜੀ ਇਸ ਪਰਚੇ ਦੇ ਸੰਪਾਦਕ ਵੀ ਸਨ ਤੇ ਸਰਪ੍ਰਸਤ ਵੀ। ਇਸ ਪਰਚੇ ਦੇ ਅੱਠ ਸਫੇ, ਕੀਮਤ ਦਸ ਸੈਂਟ ਤੇ ਸਾਲ ਦਾ ਚੰਦਾ ਇੱਕ ਡਾਲਰ ਸੀ।ਇਸਦੇ ਪਹਿਲੇ ਸਫੇ ਤੇ ਇੱਕ ਉਰਦੂ-ਨੁਮਾ ਸ਼ੇਅਰ ਗੁਰਮੁਖੀ ਲਿੱਪੀ ਵਿਚ ਅੰਕਿਤ ਹੁੰਦਾ ਸੀ:

ਮਰਨਾ ਭਲਾ ਉਸਕਾ ਜੋ ਅਪਨੇ ਲੀਏ ਜੀਏ।
ਜੀ ਤਾ ਹੈ ਵੋਹ ਜੋ ਮਰ ਚੁਕਾ ਹੈ ਇਨਸਾਨ ਕੇ ਲੀਏ।

ਪਰਚੇ ਵਿਚ ਬਾਬੂ ਹਰਨਾਮ ਸਿੰਘ ਬੇਝਿਜਕ ਹੋ ਕੇ ਲਿਖਦੇ ਸਨ ਕਿ ਸਾਨੂੰ ਭਾਰਤੀਆਂ ਨੂੰ ਇੱਥੇ ਖੁੱਲ੍ਹੇ ਤੌਰ ਤੇ ਆਉਣ ਦੀ ਆਗਿਆ ਨਹੀਂ ਹੈ। ਜਪਾਨੀਆਂ ਚੀਨੀਆਂ ਲਈ ਹੋਰ ਕਾਨੂੰਨ ਹਨ ਅਤੇ ਸਾਡੇ ਲਈ ਹੋਰ। ਅਸੀਂ ਹਿੰਦੋਸਤਾਨ ਤੋਂ ਕੈਨੇਡਾ ਸਿੱਧੇ ਨਹੀਂ ਆ ਸਕਦੇ। ਇਸ ਕਰਕੇ ਬਾਇਆ ਹਾਂਗਕਾਂਗ ਆਉਣ ਨਾਲ ਸਾਡਾ ਬਹੁਤ ਸਾਰਾ ਧਨ ਅਤੇ ਸਮਾਂ ਖਰਾਬ ਹੁੰਦਾ ਹੈ। ਲੋਕਾਂ ਦੇ ਦੁੱਖਾਂ ਦਰਦਾਂ ਨੂੰ ਉਹਨਾਂ ਨੇ ਆਪਣੇ ਪਰਚੇ ਦਾ ਅੰਗ ਬਣਾਇਆ। ਇਹ ਗੱਲ ਉਹਨਾਂ ਸ਼ਿੱਦਤ ਨਾਲ ਮਹਿਸੂਸ ਕਰ ਲਈ ਸੀ ਕਿ ਆਪਣੀ ਗੱਲ ਕਹਿਣ ਅਤੇ ਆਪਣੇ ਦੇਸ਼ ਵਾਸੀਆਂ ਨਾਲ ਰਾਬਤਾ ਕਾਇਮ ਕਰਨ ਲਈ ਮੀਡੀਆ ਕਿੰਨਾ ਜਰੂਰੀ ਹੈ। ਬਾਬੂ ਜੀ ਆਪਣੀ ਰਿਹਾਇਸ਼ ਤੇ ਲੋਕਾਂ ਦੀਆਂ ਪੜ੍ਹਾਉਣ ਲਈ ਕਲਾਸਾਂ ਲਗਾਉਂਦੇ ਸਨ।ਕਾਰਖਾਨਿਆਂ ਅਤੇ ਹੋਰ ਜਿਨ੍ਹਾਂ ਥਾਵਾਂ ਤੇ ਮਜ਼ਦੂਰ ਅਸਾਨੀ ਨਾਲ ਇਕੱਠੇ ਹੋ ਜਾਂਦੇ ਸਨ, ਆਪ ਉੱਥੇ ਜਾ ਕੇ ਉਹਨਾਂ ਨੂੰ ਲੈਕਚਰ ਦਿੰਦੇ ਸਨ ਅਤੇ ਹੱਕਾਂ ਪ੍ਰਤੀ ਜਾਗ੍ਰਿਤ ਕਰਦੇ ਸਨ। ਵੱਡੇ ਵੱਡੇ ਇਕੱਠਾਂ ਵਿਚ ਆਪ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਸਾਫ ਸੁਥਰੇ ਰਹਿਣ ਅਤੇ ਇੱਕਜੁਟ ਹੋਣ ਦੀ ਪ੍ਰੇਰਨਾ ਦਿੰਦੇ ਰਹਿੰਦੇ ਸਨ। 'ਸੁਦੇਸ਼ ਸੇਵਕ' ਅਖ਼ਬਾਰ ਵਿਚ ਭਾਈ ਬਿਸ਼ਨ ਸਿੰਘ ਦੀ ਕੋਰੜਾ ਛੰਦ ਵਿਚ ਛਪੀ ਇੱਕ ਕਵਿਤਾ ਦੀਆਂ ਕੁੱਝ ਸਤਰਾਂ ਦੇਖੋ ਜੋ ਪੜ੍ਹਾਈ ਦੀ ਮਹੱਤਤਾ ਨੂੰ ਦਰਸਾਉਂਦੀਆ ਹਨ:




**ਡਾ. ਜਸਵੰਤ ਰਾਏ ਸਾਹਰੀ**
91-98158-25999


ਸੁਣੋ ਪਿਆਰੇ ਭਾਈ ਕੋਰੜਾ ਮੈਂ ਗਾਂਵਦਾ, ਵਿਦਿਆ ਦਾ ਹਾਲ ਯਾਰੋ ਹਾਂ ਸੁਣਾਵਦਾ।
ਆਖ ਕੇ ਸੁਣਾਵਾ ਇੱਕ ਗੱਲ ਸੱਜਣੋ, ਰੱਖਣਾ ਧਿਆਨ ਇਹਦੀ ਵੱਲ ਸੱਜਣੋ।
ਆਖਦਾ ਹੈ ਦਾਸ ਜੋ ਮੁੱਖੋਂ ਪੁਕਾਰ ਕੇ, ਸਿੱਖ ਲਵੋ ਵਿਦਿਆ ਦਲੀਲ ਧਾਰ ਕੇ।
ਗਿਣਤੀ ਵਿਚ ਇੰਡੀਆ ਬੜਾ ਕਹਾ ਗਿਆ,ਵਿਦਿਆ ਦੇ ਵਿਚ ਯਾਰੋ ਹਾਰ ਖਾ ਗਿਆ।
ਜਰਮਨ ਫਰਾਂਸ -------------

1913 ਈ. ਵਿਚ ਬਾਬੂ ਹਰਨਾਮ ਸਿੰਘ ਕੈਨੇਡਾ ਆਉਣ ਵਿਚ ਕਾਮਯਾਬ ਹੋ ਗਏ ਅਤੇ ਵਿਕਟੋਰੀਆ ਆ ਕੇ ਰਹਿਣ ਲੱਗੇ।ਬਾਬੂ ਜੀ ਬਹੁਤ ਪੜ੍ਹੇ ਲਿਖੇ ਸਨ।ਉਨਾਂ ਨੂੰ ਪੰਜਾਬੀ, ਹਿੰਦੀ, ਉਰਦੂ, ਅੰਗਰੇਜ਼ੀ, ਚੀਨੀ, ਜਪਾਨੀ ਭਾਸ਼ਾਵਾਂ ਦਾ ਖਾਸਾ ਗਿਆਨ ਸੀ। ਅੰਗਰੇਜ਼ੀ ਤਾਂ ਉਹ ਪਾਣੀ ਵਾਂਗ ਬੋਲ ਲੈਂਦੇ ਸਨ। ਜਿਆਦਾ ਪੜ੍ਹੇ ਲਿਖੇ ਹੋਣ ਕਰਕੇ ਹੀ ਇਹਨਾਂ ਦੇ ਨਾਂ ਨਾਲ ਬਾਬੂ ਸ਼ਬਦ ਜੁੜ ਗਿਆ। ਆਪ ਬੋਲਦੇ ਬਹੁਤ ਘੱਟ ਸਨ। ਚੁੱਪ ਰਹਿੰਦੇ ਸਨ। ਪਰ ਮਨ ਵਿਚ ਵਿਚਾਰਾਂ ਦੀ ਲੜੀ ਹਮੇਸ਼ਾਂ ਚਲਦੀ ਰਹਿੰਦੀ ਸੀ।ਨਵੰਬਰ 1913 ਨੂੰ ਜਦ ਗ਼ਦਰ ਪਾਰਟੀ ਹੋਂਦ ਵਿਚ ਆਈ ਤਾਂ ਆਪ ਇਸਦੇ ਸਰਗਰਮ ਮੈਂਬਰ ਬਣ ਗਏ। 'ਗ਼ਦਰ' ਅਖ਼ਬਾਰ ਵਿਚ ਵੀ ਆਪ ਦੀਆਂ ਲਿਖਤਾਂ ਛਪਦੀਆਂ ਰਹਿੰਦੀਆ ਸਨ।ਅਖ਼ਬਾਰ ਵਿਚ ਆਪ ਅੰਗਰੇਜ਼ੀ ਪ੍ਰਸ਼ਾਸਨ ਦੀਆਂ ਵਧੀਕੀਆਂ ਨੂੰ ਕਾਨਟੂਨ ਬਣਾ ਕੇ ਉਜਾਗਰ ਕਰਦੇ ਸਨ।

ਕਾਮਾਗਾਟਾਮਾਰੂ ਦੀ ਘਟਨਾ ਵਾਲੇ ਮੁਸਾਫਿਰਾਂ ਦੀ ਮੱਦਦ ਲਈ ਕੈਨੇਡਾ ਵਿਚ ਇੱਕ ਪੰਦਰਾਂ ਮੈਂਬਰੀ 'ਸ਼ੋਅਰ' ਕਮੇਟੀ ਬਣੀ।ਬਾਬੂ ਹਰਨਾਮ ਸਿੰਘ ਵੀ ਇਸ ਕਮੇਟੀ ਦੇ ਮੈਂਬਰ ਸਨ।ਇਹਨਾਂ ਦੇ ਜ਼ਿੰਮੇ ਮੁਸਾਫਿਰਾਂ ਨੂੰ ਖਾਣਾ, ਗ਼ਦਰੀ ਸਾਹਿਤ

**(ਬਾਕੀ ਸਫਾ 20 'ਤੇ)**


ਸੋਹੰ

ਹਰਿ

SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

**Devoted families are requesting entire Sangat to attend the following functions:**

**November 12,2017 Sukhmani Sahib Path and Langar Sewa by Sarbjit Singh and Family**

**Sukhmani Sahib Path and Langar Sewa will be hosted by Bhai Sarbjit Singh, his son Jagdip Singh and their family for Sukh Shanti and Chardi Kala .May Waheguru bless the family with good health & fulfill all their desires.**

**November 19, 2017 Barsi of Late Bibi Sukhraji Indar ji**

**Sukhmani Sahib Path and Langar Sewa will be hosted by Bibi Suruj Sen in the loving memories of her mother Late Sukhraji Indar(Mother of Late Dharma Sundar & late Chand Raj).May Waheguru bless the departed soul with eternal peace.**

**"NANAK NAM CHARDI KALA TERE BHANE SARBAT DA BHALA"**

**www.sriguruRavidasstemple.com**

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |
| | 925.366.3618 | 408.460.0262 | 209.834.4641 | 408.718.2506 |

# ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ-

## ਗ਼ਜ਼ਲ



ਤਲਖ਼ੀਆਂ ਦੇ ਤਸੱਵਰ ਚ ਰੂਹ ਭਟਕਦੀ
ਬਸ ਇਹੋ ਖਾਬ ਮੇਰੇ, ਇਹੋਜ਼ਿੰਦਗੀ
ਹਰ ਗਲੀ ਹਰ ਪੜਾ ਤੇ ਪਿਆ ਹਾਦਸਾਹ
ਲਾਪਤਾ ਸ਼ਖ਼ਸ ਦੀ ਲਾਸ਼ ਜਾਣੀ ਗਈ
ਇਹ ਸਮਾਂ ਈ ਕਰੀ ਜਾ ਰਿਹਾ ਏ ਖ਼ਤਾ
ਹਰ ਜਗਾ ਰਹਿਨਮਾ ਏ ਗ਼ਲਤ ਆਦਮੀ
ਹੋਂਦ ਅਪਣੀ ਚ ਡੁਬ ਕੇ ਕਦੋਂ ਸੋਚਿਆ
ਇਸ ਤਰਾਂ ਵੀ ਬਿਖਰ ਜਾਏ ਗੀ ਇਹ ਕਦੀ
ਉਮਰ ਭਰ ਪਲ ਫੜਨ ਦੀ ਹੈ ਕੀਤੀ ਖ਼ਤਾ
ਸਾਂਭ ਰੱਖਣ ਦੀਹੀ ਤਾਂਗ ਮਰਦੀ ਰਹੀ
ਦੂਰ ਤੀਕਰ ਇਕਲਤਾ ਦਾ ਬਣਬਾਸ ਹੈ
ਗੂੜ ਚਾਨਣ ਚ ਭੋਗੋ ਗੇ ਸਾਜ਼ਿਸ਼ ਕੁਈ
ਜਿਸਮ ਦੀ ਕੈਦ ਚੋਂ ਕਦ ਰਿਹਾਈ ਮਿਲੇ
ਭੁੱਖ ਨੰਗ, ਮੋਹ ਮਾਇਆ ਕਿਤੇ ਤਿਸ਼ਨਗੀ
ਆਸ ਵਾਲੀ ਕੁਈ ਲਾਟ ਜੱਗੇ ਕਦੋਂ
ਉਲਝਨਾਂ ਹੇਤ ਨਿੱਜੀ ਤਣੀ ਤੀਰਗੀ
ਪੁਹੰਚ ਵਿਚ ਹੈ ਕੁਈ ਦੋਸ਼" ਸੀਰਤ" ਰਵਾਂ
ਇਹ ਨਹੀਂ ਕਿ ਹੈ ਦੂਸ਼ਿਤ ਤਿਰੀ ਬੰਦਗੀ!

**– ਸੁਰਿੰਦਰ ਸਿੰਘ ਸੀਰਤ**

## ਸਤਿਗੁਰ ਨਾਨਕ ਪ੍ਰਗਟਿਆ

ਸਤਿਗੁਰ ਨਾਨਕ ਪ੍ਰਗਟਿਆ ਜਗੀਆਂ ਕੂਟਾਂ ਸੰਸਾਰ ਦੀਆਂ।
ਹਰ ਪਾਸੇ ਗੂੰਜਣ ਲੱਗੀਆਂ ਸੀ ਧੁਨੀਆਂ ਇਕ ਓਂਕਾਰ ਦੀਆਂ।

ਤੂੰ ਭਵ ਖੇਡਨ ਦੀ ਆਰਤੀ ਦੀ ਜਗਤ ਦਿਖਾਈ ਜੋਤ
ਇਸ ਭਾਂਤ ਸਭਾਂਤੀ ਬਨਸਪਤੀ ਦਾ ਇਕੋ ਇਕ ਸਰੋਤ
ਇਕ ਜੋਤ ਵਿਚ ਹੀ ਜਜ਼ਬ ਨੇ ਇਹ ਲੋਆਂ ਹਰ ਪ੍ਰਕਾਰ ਦੀਆਂ।

ਤੂੰ ਗੋਰਖ ਬਲੀ ਕੰਧਾਰੀਆਂ ਤੇ ਸਭ ਝੂਠੇ ਸਾਧ ਮਲੇਸ਼
ਸੀ ਲਾਈਆਂ ਚੋਟਾਂ ਸ਼ਬਦ ਦੀਆਂ ਤੂੰ ਫਿਰ ਫਿਰ ਦੇਸ਼ ਬਦੇਸ਼
ਤੂੰ ਡਟ ਕੇ ਭੰਡੀਆਂ ਕੀਤੀਆਂ ਹਰ ਜਬਰ ਤੇ ਅੱਤਿਆਚਾਰ ਦੀਆਂ ...

ਤੂੰ ਜਪੁਜੀ ਦੇ ਨਾਲ ਜਪਿਆ ਸੀ ਇਕੋ ਰੱਬ ਦਾ ਨਾਮ
ਤੂੰ ਉਸ ਦਾਤੇ ਦਾਤਾਰ ਨੂੰ ਕੀਤਾ ਕੋਟਿ ਕੋਟਿ ਪ੍ਰਣਾਮ
ਸੀ ਸਿਫਤ ਸਲਾਹਾਂ ਕੀਤੀਆਂ ਇਕ ਉਸ ਸੱਚੇ ਨਿਰੰਕਾਰ ਦੀਆਂ ...

ਸਿਧ ਗੋਸ਼ਟ, ਵਾਰਾਂ, ਅਸ਼ਟਪਦੀ, ਸੋਹਲੇ ਅਤੇ ਸਲੋਕ
ਪਹਰੇ, ਸੋਦਰ, ਛੰਤ, ਪਦੇ ਤੇਰੀ ਬਾਣੀ ਬਚਨ ਅਰੋਕ
ਸੁਚੱਜੀ, ਕੁਚੱਜੀ, ਰਾਮਕਲੀ ਲਹਿਰਾਂ ਆਸਾ ਦੀ ਵਾਰ ਦੀਆਂ ...

ਸੋਚਾਂ ਵਿਚ ਸੌ ਸੌ ਕਪਟ ਨੇ ਰੂਹਾਂ ਵਿਚ ਅੰਧ-ਗੁਬਾਰ
ਹੁਣ ਛੱਡ ਦਰਗਾਹਾਂ ਤੇਰੀਆਂ ਪਿਆ ਭਟਕਣ ਵਿਚ ਸੰਸਾਰ
ਤੂੰ ਆਜਾ ਜੱਗ ਦੇ ਬਾਲੀਆ ਤੈਨੂੰ ਸੰਗਤਾਂ ਰਹਿਣ ਪੁਕਾਰਦੀਆਂ ...

ਨਾ ਜਾਤ ਪਾਤ ਨਾ ਰੰਗ ਭੇਦ ਨਾ ਛੱਡਿਆ ਕੂੜ ਕਪਾਰ
ਕਿਰਤ, ਨਾਮ ਨਾ ਵੰਡ ਛਕਿਆ ਨਾ ਕੀਤਾ ਸੱਚ ਵਪਾਰ
ਅਸੀਂ ਗੁਰਦੁਆਰੇ ਵੰਡ ਲਏ ਲਾ ਝੰਡੀਆਂ 'ਕੰਗ' ਹੰਕਾਰ ਦੀਆਂ ...



**ਹਰਜਿੰਦਰ ਕੰਗ**
**1-559-917-4890**

## ਸਹਿੱਤਕਾਰਾ



**ਹਰਦੀਪ ਸਿੰਘ ਚੁੰਬਰ**
**91-94636-01616**

ਸਹਿੱਤਕਾਰਾ ਅੱਜ ਦਿਆ ਕਿਰਤੀਆ ਵੇ ਕਲਮ ਦਿਆ, ਲਿਖੀਂ ਵੀਰਾ ਸਾਡੇ ਕੁੱਝ ਰੁੱਕਣੇ ।
ਇੱਕ ਵੀ ਲਕੀਰ ਸਾਡੇ ਹੱਕ ਦੀ ਨਾਂ ਵਾਹੀ ਵੇ ਤੂੰ, ਤੇਰੇ ਹੀਰਾਂ, ਰਾਂਝੇ ਕੀਹਨੇ ਫੂਕਣੇ ।

ਤੇਰੇ ਹੀਰਾਂ ਰਾਂਝੇ ਖਾਂਦੇ ਚੂਰੀਆਂ ਨੇ ਬੇਲਿਆਂ ਚ, ਸਾਨੂੰ ਸੁੱਕਾ ਟੁੱਕ ਨਾਂ ਨਸੀਬ ਵੇ ।
ਤੇਰੀ ਸ਼ੱਸੀ ਨਾਲੋਂ ਘੱਟ ਜੇਰਾ ਵੀ ਕੋਈ ਸਾਡਾ ਨਾਂਹੀਂ , ਨਿੱਤ ਧੁੱਪੇ ਮਰ ਮਰ ਜੀਂਵਦੇ ।
ਸਦੀਆਂ ਦੀ ਮਰੀ ਹੀਰ ਧੀ ਵੇ ਪੰਜਾਬ ਦੀ ਦੇ , ਕਿਨਾਂ ਚਿਰ ਵੈਣ ਨਾਂ ਇਹ ਮੁੱਕਣੇ ।
ਸਹਿੱਤਕਾਰਾ ਅੱਜ ਦਿਆ ਕਿਰਤੀਆ ਵੇ ਕਲਮ ਦਿਆ .............

ਤਿੱਖੜ ਦੁੱਪਿਹਰਾਂ ਅਤੇ ਕਿਰਤ ਦੀ ਵੇ ਭੱਠੜੀ ਨੇ, ਖੋਹ ਲਿਆ ਹੈ ਸਾਚਾ ਰੰਗ ਲਾਲ ਵੇ।
ਕਾਮ ਦੀਆਂ ਉੱਲਟੀਆਂ ਇਹ ਕਲਮ ਤੇਰੀ ਕਰਦੀ ਜੋ, ਲੋਥਾਂ ਵਿਚੋਂ ਰਹੀਰਸ ਭਾਲ ਵੇ।
ਰੀਂਗ ਰੀਂਗ ਜੀਵਦੀ ਦੇ ਅੰਗ ਅੰਗ ਨੋਚਦੈਂ ਤੂੰ, ਪਾਇਆ ਰੂਪ ਜਿਹਨਾਂ ਧੁੱਪੇ ਸੁੱਕਣੇ।
ਸਹਿੱਤਕਾਰਾ ਅੱਜ ਦਿਆ ਕਿਰਤੀਆ ਵੇ ਕਲਮ ਦਿਆ .............

ਇਕ ਤਾਂ ਉਹ ਲੁੱਟਦੇ ਨੇ ਕਿਰਤ ਨੂੰ ਦੋਵੇਂ ਹੱਥੀਂ, ਜਿੰਦ ਮਿਪੰਗਾਈ ਦਿਤੀ ਫੂਕ ਵੇ ।
ਨੋਕ ਮੋੜ ਆਫਰੇ ਰਾਠਾਂ ਦੀਆਂ ਖਰਮਸਤੀਆਂ ਤੋਂ, ਲਿਖੀਂ ਸਾਡੀ ਕਿਰਤ ਦੀ ਵੀ ਹੂਕ ਵੇ ।
ਰਿਸ਼ਤਿਆਂ ਦੀ ਪਿਆਰੀ ਗੰਢ ਵੀਰਾਂ, ਭੈਣਾਂ, ਭਾਬੀਆਂ ਦੀ, ਨਹੀਂ ਦੇਣੀ ਅੱਗ ਵਿਚ ਸੁੱਟਣੇ ।
ਸਹਿੱਤਕਾਰਾ ਅੱਜ ਦਿਆ ਕਿਰਤੀਆ ਵੇ ਕਲਮ ਦਿਆ .............

ਰੋਕੀਂ ਵੀਰਾਦੱਲੇ ਤੇ ਬਲਾਤਕਾਰੀਗੁੰਡਿਆਂ ਨੂੰ, ਪਿੰਡਾਂ ਵਿਚ ਨੰਗੀਆਂ ਘੁੰਮਾਉਣ ਵੇ ।
ਠਾਣਿਆਂ ਚ ਪੈਸੇ, ਰੁੱਬ, ਦਬਦਬੇ,ਧੌਂਸ ਨਾਲ, ਰਾਜੀਬੰਦੇ ਰੋਜ ਜੋ ਕਰਾਉਣ ਵੇ।
ਲੁੱਟੀ ਰਹੀਆਬਰੂਹ ਤੂੰ ਨਾਂ ਬਚਾਈ ਜੇ, ਤੇਰਾ ਤੋਂ ਸਵਾਲ ਨਾਂ ਇਹ ਮੁੱਕਣੇ ।
ਸਹਿੱਤਕਾਰਾ ਅੱਜ ਦਿਆ ਕਿਰਤੀਆ ਵੇ ਕਲਮ ਦਿਆ.............

ਇਨਸਾਫ ਖੁੱਣੋ, ਜ਼ਲੀਲ ਹੁੰਦੀ ਭੈਣ ਤੇਰੀ, ਜੀਣਾ ਹੋਇਆ ਸਾਡਾ ਤਾਂ ਮਹਾਲ ਵੇ ।
ਜੇ ਰੱਬ ਹੋਵੇ, ਢੋਈ ਲਵੇ ਲੁੱਟਿਆਂ ਗਰੀਬਾਂ ਦੀ, ਬੁੱਧ, ਭੀਮ ਖੜੇ ਸਾਡੇ ਨਾਲ ਵੇ ।
ਠਾਣੇ ਤੇ ਕਚਿੱਹਰੀਆਂ ਵੀ ਡਾਢਿਆਂ ਦੇ ਹੱਕ ਵਿਚ,ਇਨਸਾਫ ਬਜਾਰੀਂ ਲਗਾ ਵਿੱਕਣੇ।
ਸਹਿੱਤਕਾਰਾ ਅੱਜ ਦਿਆ ਕਿਰਤੀਆ ਵੇ ਕਲਮ ਦਿਆ.............

ਸਹਿੱਤਕਾਰਾ ਅੱਜ ਦਿਆ ਕਿਰਤੀਆ ਵੇ ਕਲਮ ਦਿਆ, ਲਿਖੀਂ ਵੀਰਾ ਸਾਡੇ ਕੁੱਝ ਰੁੱਕਣੇ ।
ਇੱਕ ਵੀ ਲਕੀਰ ਸਾਡੇ ਹੱਕ ਦੀ ਨਾਂ ਵਾਹੀ ਵੇ ਤੂੰ, ਤੇਰੇ ਹੀਰਾਂ, ਰਾਂਝੇ ਕੀਹਨੇ ਫੂਕਣੇ ।

## ਸ੍ਰੀ ਨਨਕਾਣਾ ਸਾਹਿਬ

ਵੇਖ ਬਾਬਾ ਪੋਤਾ ਤੁਰੇ ਜਾਂਦੇ ਅੱਗੇ ਆ ਗਈ ਹੱਦ ਨਿਮਾਣੀ
ਤਾਰ ਵੇਖ ਕੇ ਕਹਿਣ ਲੱਗਾ ਇਹ ਤਾਂ ਹੋ ਗਈ ਹੈ ਵੰਡ ਕਾਣੀ
ਹੁਣ ਲੈ ਕੇ ਸੀ ਮੈਂ ਆਇਆ ਵੇਖੀਏ ਪਿੰਡ ਪੁਰਾਣੇ ਨੂੰ
ਫਿਰ ਪੋਤਾ ਕਰਦਾ ਅੜੀਆਂ ਤੇ ਚੱਲੀਏ ਨਨਕਾਣੇ ਨੂੰ।

ਉਂਗਲ ਕਰਕੇ ਬਾਬਾ ਕਹਿੰਦਾ ਔਹ ਦਿਸਦਾ ਹੈ ਨਨਕਾਣਾ
ਆਪਾਂ ਨੇੜੇ ਹੀ ਹੁਣ ਪਹੁੰਚਗੇ ਬਾਬਾ ਮੈਂ ਤਾਂ ਵੇਖਣ ਜਾਣਾ
ਤਾਰ ਪਾੜ ਕੇ ਪਰਾਂ ਮਾਰਦਾ ਆ ਗਿਆ ਜੋਸ਼ ਨਿਆਣੇ ਨੂੰ
ਪੋਤਾ ਕਰਦਾ ਅੜੀਆਂ ਤੇ ਚੱਲੀਏ ......

ਸਰਹੱਦ 'ਤੇ ਬੈਠੇ ਪੋਤੇ ਬਾਬਾ ਲੱਗਾ ਦੇਣ ਦਿਲਾਸੇ
ਚੀਰ ਦਿੱਤਾ ਦਿਲ ਸਾਡਾ ਤੇ ਹੁਣ ਜਾਈਏ ਕਿਹੜੇ ਪਾਸੇ
ਜਿਹੜਾ ਡਾਢੇ ਨੂੰ ਮਨਜ਼ੂਰ ਮੰਨਣਾ ਪੈਂਦਾ ਭਾਣੇ ਨੂੰ
ਪੋਤਾ ਕਰਦਾ ਅੜੀਆਂ ਤੇ ਚੱਲੀਏ ......

ਇਹ ਤਾਂ ਖੇਡੀ ਖੇਡ ਫਰੰਗੀਆਂ ਉਹ ਤਾਂ ਕਰ ਗਏ ਲੀਰੋ-ਲੀਰਾਂ
ਲੀਰਾਂ ਤਾਂ ਇਕ ਪਾਸੇ ਰਹਿ ਗਈਆਂ ਬਦਲ ਗਈਆਂ ਤਸਵੀਰਾਂ
ਘਰ ਸਾਡੇ ਕੰਡੇ ਬੀਜ ਗਏ ਰੋਈਏ ਨਹਿਰੂ ਲਾਣੇ ਨੂੰ
ਪੋਤਾ ਕਰਦਾ ਅੜੀਆਂ ਤੇ ਚੱਲੀਏ .....

ਸਾਡੇ ਹੀਲੇ ਨਾਲ ਵਸੀਲਾ ਬਣ ਜਾਊ ਬਾਬਾ ਰੱਖ ਦਲੇਰੀ
ਉਹ ਦਿਨ ਵੀ ਹੁਣ ਦੂਰ ਨਹੀਂ ਇਕ ਦਿਨ ਝੁਲ ਕੇ ਖੜੂ ਹਨੇਰੀ
ਸਾਨੂੰ ਮਿੰਨਤਾਂ ਕੱਢ ਕੇ ਦੇਣ ਗਏ ਆਪਣੇ ਅਸਲ ਟਿਕਾਣੇ ਨੂੰ
ਪੋਤਾ ਕਰਦਾ ਅੜੀਆਂ ਤੇ ਚੱਲੀਏ .....

ਉਹ ਤਾਂ ਹੰਭ ਹਾਰ ਕੇ ਥੱਕੇ ਟੁੱਟੇ ਪਿੰਡ 'ਘੋਲੀਏ' ਜਾ ਕੇ
'ਦੇਵ' ਨੂੰ ਦੱਸਿਆ ਹਾਲ ਸਾਰਾ ਸਾਨੂੰ ਕੀ ਮਿਲਦਾ ਤੜਫਾ ਕੇ
ਆ ਬਾਬਾ ਹੁਣ ਪਾ ਫੇਰਾ ਲੈ ਕੇ ਬਾਲੇ ਤੇ ਮਰਦਾਨੇ ਨੂੰ
ਹੁਣ ਪੋਤਾ ਕਰਦਾ ਅੜੀਆਂ ਤੇ ਚੱਲੀਏ ਨਨਕਾਣੇ ਨੂੰ।



**– ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
**559-232-7764**

## 'ਮੋਦੀ ਨਾਨਕ'



ਸੱਚਾ ਪਾਤਸ਼ਾਹ ਨੇ, ਸੱਚ ਵਰਤਾਇਆ ਏ
ਭੈਣ ਨਾਨਕੀ ਕੋਲ ਰਹਿ ਕੇ,
ਮੋਦੀ ਜੱਗ ਤੇ ਉਸ ਅਖਵਾਇਆ ਏ।
ਨਾਨਕ ਮੋਦੀ ਖਾਨੇ ਦੀ ਕਾਰ ਭੁਗਤਾਣ ਲੱਗੇ।
ਧਾਰਨਾ ਸੱਚ ਦੀਆਂ, ਤੋਲ ਤੋਲ ਕੇ,
ਜਨਤਾ ਦੀ ਝੋਲੀ ਪਾਉਣ ਲੱਗੇ।
ਧਰਤੀ ਸੁਲਤਾਨ ਪੁਰ ਦੇ ਭਾਗ ਜਾਗੇ।
ਨਾਨਕ ਖੁੱਲ੍ਹੇ ਭੰਡਾਰੇ ਵਰਤਾਣ ਲੱਗੇ।
ਉਹਦੇ ਦਰ ਤੋਂ ਖਾਲੀ ਨਾ ਮੁੜੇ ਕੋਈ,
ਸੱਚ ਸੱਚੀਆਂ ਬਰਕਤਾਂ ਪਾਉਣ ਲੱਗੇ।
ਫੜ ਤੱਕੜੀ ਸ਼ਹਿਨਸ਼ਾਹ ਜੱਗ ਦਾ ਏ।
ਮੂੰਹੋਂ ਸਤਿਨਾਮੁ ਸਤਿਨਾਮੁ ਫਰਮਾਣ ਲੱਗੇ।
ਤੇਰਾ ਹੀ ਤੇਰਾ ਤੋਲਦਾ ਆਖੇ।
ਮੂੰਹੋਂ ਹੋਰ ਨਾ ਕੁਝ ਬੋਲਦਾ ਏ।
ਚੁਗਲਖੋਰ ਗੱਲਾਂ ਆਣ ਕਰਨ ਲੱਗੇ।
ਮੋਦੀਖਾਨਾ ਹੁਣ ਨਵਾਬ ਦਾ ਲੁਟਦਾ ਜਾਪੇ।
ਲੱਗਦਾ ਇਸਨੂੰ ਹੁਣ ਪੈਸੇ ਨੇ ਪੈਣ ਲੱਗੇ।
ਚੁਗਲੀ ਕੋਲ ਜਵਾਬ ਦੇ ਜਾ ਕੇ ਕਰਨ ਲੱਗੇ।
ਮੋਦੀਖਾਨਾ ਨਾਨਕ ਜੀ ਹੁਣ ਲੁਟਾਉਣ ਲੱਗੇ।
ਕਰੋ ਪੜਤਾਲ ਜਾ ਕੇ ਤਾਂ
ਪਤਾ ਲੱਗੇ।
ਲੇਖਾ ਨਵਾਬ ਜੀ ਵੀ
ਹੁਣ ਕਰਾਉਣ ਲੱਗੇ।
ਲੇਖਾ ਕਰਨ ਲਈ ਆਣ ਮੁਨੀਮ ਸੱਦੇ,
ਹੋਇਆ ਹਿਸਾਬ ਤਾਂ ਉਹ ਕਹਿਣ ਲੱਗੇ,
ਉਲਟਾ ਨਾਨਕ ਦਾ ਹੀ ਇਸ ਵਿਚ ਪਿਆ ਵਧੇ।
ਭਰੀ ਸਭਾ ਵਿਚ ਨਾਨਕ ਹੀ ਜਿੱਤਿਆ ਏ।
ਚੁਗਲੀਖੋਰ ਨੀਵੀਂ ਪਾ ਭੱਜਣ ਲੱਗੇ।
ਆਦਰ ਨਾਲ ਨਵਾਬ ਜੀ ਫਿਰ ਕਹਿਣ ਲੱਗੇ
ਨਾਨਕ ਸਾਂਭ ਏਹ ਕਾਰ ਇਹ ਤੈਨੂੰ ਹੀ ਫੱਬੇ।
ਮੈਂ ਬੜਾ ਖੁਸ਼ ਹਾਂ ਤੇਰੀ ਇਸ ਕਾਰ ਉੱਤੇ।
ਸੱਚੇ ਪਾਤਸ਼ਾਹ ਨੂੰ ਕੌਣ ਸੀ ਰੋਕ ਸਕਦੈ।
ਮੋਦੀ ਨਾਨਕ ਸੁਲਤਾਨਪੁਰ ਤੋਂ ਗਏ ਅੱਗੇ।
ਝੂਠੇ ਵਪਾਰ ਨਾਨਕ ਨੇ ਸੀ ਕੀ ਕਰਨੇ।
ਉਹ ਆਇਆ ਕਿ ਸੱਚ ਨੂੰ ਨਾ ਢਾਹ ਲੱਗੇ।
ਲੋਕੀ ਭਰੀ ਸਭਾ ਵਿਚ ਇਹ ਗੱਲ ਕਹਿਣ ਲੱਗੇ।

**– ਪ੍ਰਮਿੰਦਰ ਸਿੰਘ 'ਪ੍ਰਵਾਨਾ'**
**510-781-0487**

## ਇਹਨੂੰ ਮੈਂ ਕੀ ਕਹਾਂ?

ਲਿੰਕ ਸੜਕ ਦੇ ਕਿਨਾਰੇ 'ਤੇ, ਆਪਣੀਆਂ ਝੁੱਗੀਆਂ ਦੇ ਨੇੜੇ, ਦੂਰੋਂ ਦੋ ਪਰਵਾਸੀ ਬੱਚੇ ਖੜ੍ਹੇ ਦਿਖਾਈ ਦੇ ਰਹੇ ਸਨ। ਇੱਕ ਥੋੜ੍ਹਾ ਵੱਡਾ ਸੀ ਤੇ ਦੂਜਾ ਛੋਟਾ। ਮੈਂ ਮੋਟਰਸਾਈਕਲ ਰਾਹੀਂ ਉਸ ਰਸਤਿਓਂ ਲੰਘਣਾ ਸੀ। ਮੇਰਾ ਧਿਆਨ ਉਨ੍ਹਾਂ ਵੱਲ ਪਿਆ ਤਾਂ ਮੈਂ ਦੇਖਿਆ ਕਿ ਵੱਡੇ ਲੜਕੇ ਦੇ ਸੱਜੇ ਹੱਥ ਵਿੱਚ ਸੋਟੀ ਫੜੀ ਹੋਈ ਸੀ ਤੇ ਖੱਬੇ ਹੱਥ ਨਾਲ ਉਸਨੇ ਛੋਟੇ ਲੜਕੇ ਦੀ ਸੱਜੀ ਬਾਂਹ ਘੁੱਟ ਕੇ ਫੜੀ ਹੋਈ ਸੀ। ਉਹ ਛੋਟੇ ਲੜਕੇ ਨੂੰ ਉਸਦੀ ਬੰਦ ਕੀਤੀ ਹੋਈ ਮੁੱਠੀ ਵਾਰ-ਵਾਰ ਖੋਲ੍ਹਣ ਲਈ ਕਹਿ ਰਿਹਾ ਸੀ ਤੇ ਜਦੋਂ ਉਹ ਮੁੱਠੀ ਖੋਲ੍ਹਦਾ ਸੀ ਤਾਂ ਉਹ ਉਸਦੀ ਹਥੇਲੀ 'ਤੇ ਠਾਹ ਕਰਦੀ ਇੱਕ ਸੋਟੀ ਜੜ ਦਿੰਦਾ ਸੀ। ਛੋਟਾ ਲੜਕਾ ਵੱਡੇ ਨਾਲੋਂ ਕਮਜ਼ੋਰ ਹੋਣ ਕਰਕੇ ਉਹ ਉਸ ਕੋਲੋਂ ਬਾਂਹ ਵੀ ਨਹੀਂ ਸੀ ਛੁਡਾ ਪਾ ਰਿਹਾ। ਆਪਣੇ ਬਚਾਅ ਲਈ ਉਹ ਮੁੱਠੀ ਬੰਦ ਕਰ ਲੈਂਦਾ ਸੀ। ਪਰ ਵੱਡਾ ਲੜਕਾ ਨਾ ਤਾਂ ਉਸਦੀ ਬਾਂਹ ਹੀ ਛੱਡ ਰਿਹਾ ਸੀ ਤੇ ਦੂਜਾ ਧੱਕੇ ਨਾਲ ਉਸਨੂੰ ਮੁੱਠੀ ਖੋਲ੍ਹਣ ਲਈ ਵਾਰ-ਵਾਰ ਆਖ ਰਿਹਾ ਸੀ। ਛੋਟੇ ਲੜਕੇ ਦਾ ਮੂੰਹ ਦੇਖ ਕੇ ਲਗਦਾ ਦੀ ਕਿ ਇਹ ਪ੍ਰਕਿਰਿਆ ਕਾਫ਼ੀ ਦੇਰ ਤੋਂ ਚੱਲ ਰਹੀ ਸੀ। ਮੈਂ ਉਨ੍ਹਾਂ ਤੋਂ ਥੋੜ੍ਹਾ ਅੱਗੇ ਲੰਘ ਗਿਆ ਤਾਂ ਅਚਾਨਕ ਮੇਰੇ ਮਨ ਵਿੱਚ ਪਤਾ ਨਹੀਂ ਕੀ ਆਇਆ ਕਿ ਮੈਂ ਰੁਕ ਗਿਆਂ ਤੇ ਉਨ੍ਹਾਂ ਨੂੰ ਜ਼ੋਰ ਨਾਲ ਦਬਕਾ ਮਾਰਿਆ। ਵੱਡੇ ਲੜਕੇ ਨੇ ਛੋਟੇ ਦੀ ਬਾਂਹ ਛੱਡ ਦਿੱਤੀ। ਜਾਨ ਬਚੀ ਜਾਣ ਕੇ ਛੋਟਾ ਲੜਕਾ ਵੱਡੇ ਨਾਲੋਂ ਵੀ ਤੇਜ਼ ਭੱਜਾ। ਪਿੱਛੋਂ ਤੇਜ਼ ਰਫ਼ਤਾਰ ਕਾਰ ਆ ਰਹੀ ਸੀ ਕਿ ਛੋਟਾ ਲੜਕਾ ਉਸ ਵਿੱਚ ਬੜੀ ਜ਼ੋਰ ਨਾਲ ਜਾ ਵੱਜਾ। ਕਾਰ ਦੀ ਫੇਟ ਖਾ ਕੇ ਲੜਕਾ ਇੱਕ ਪਾਸੇ ਖੇਤ ਵਿੱਚ ਜਾ ਪਿਆ। ਉਹ ਬੁਰੀ ਤਰ੍ਹਾਂ ਲਹੂ-ਲੁਹਾਨ ਹੋ ਗਿਆ ਸੀ। ਮੇਰੇ ਦਿਮਾਗ਼ ਵਿੱਚ ਜਿਵੇਂ ਹਥੌੜਾ ਵੱਜਾ ਹੋਵੇ, "ਇਹਦੇ ਨਾਲੋਂ ਤਾਂ ਇਹ ਇੱਕ ਪਾਸੇ ਖੜ੍ਹਾ ਕੁੱਟ ਖਾਂਦਾ ਹੀ ਠੀਕ ਸੀ।"

**– ਬਲਵੀਰ ਮੰਨਣ**

## ਖ਼ੁਸ਼ੀਆਂ

ਖ਼ੁਸ਼ੀਆਂ ਦਾ ਜਨਮ ਆਨੰਦ ਦੀ ਕੁੱਖੋਂ ਹੁੰਦਾ ਹੈ। ਆਨੰਦ ਬੇਫ਼ਿਕਰੀ ਵਿੱਚੋਂ ਉਪਜਦਾ ਹੈ ਤੇ ਬੇਫ਼ਿਕਰੀ ਤਦ ਹੋਂਦ ਵਿੱਚ ਆਉਂਦੀ ਹੈ, ਜਦੋਂ ਮਨ ਨੂੰ ਕੋਈ ਅਤਿਅੰਤ ਠੋਸ ਆਧਾਰ ਮਿਲ ਜਾਵੇ। ਅਤਿਅੰਤ ਠੋਸ, ਜਿਸਦੇ ਖਿਸਕ ਜਾਣ, ਤ੍ਰੇੜੇ ਜਾਣ ਜਾਂ ਭੰਗ ਜੋ ਜਾਣ ਦਾ ਕੋਈ ਤੌਖ਼ਲਾ ਨਹੀਂ ਹੁੰਦਾ।

ਖ਼ੁਸ਼ੀਆਂ ਵਿੱਚ ਖੀਵੇ ਹੋ ਜਾਈਦਾ ਹੈ। ਖ਼ੁਸ਼ੀਆਂ ਵਿੱਚ ਰੋਮ-ਰੋਮ ਖਿੜ ਉੱਠਦਾ ਹੈ। ਦੇਹ ਫੁੱਲ ਜਿਹੀ ਹਲਕੀ ਹੋ ਜਾਂਦੀ ਹੈ। ਰੂਹ ਖਿੜ ਪੈਂਦੀ ਹੈ। ਭਵਿੱਖ ਦੀ ਕੋਈ ਚਿੰਤਾ ਨਹੀਂ ਰਹਿੰਦੀ। ਇੱਥੋਂ ਤੱਕ ਕਿ ਭਵਿੱਖ ਦੀ ਹੋਂਦ ਵੀ ਕੋਈ ਨਹੀਂ ਰਹਿੰਦੀ ਕਿਉਂਕਿ ਹੋਂਦ ਤਾਂ ਤਦ ਹੋਵੇ, ਜੇਕਰ ਸਾਨੂੰ ਉਸਦੀ ਕੋਈ ਚਿੰਤਾ ਹੋਵੇ, ਫ਼ਿਕਰ ਹੋਵੇ। ਜਦੋਂ ਸਾਨੂੰ ਅਹਿਸਾਸ, ਹਾਂ ਯਕੀਨ ਹੋ ਜਾਂਦਾ ਹੈ ਕਿ ਸਾਡੇ ਨਾਲ ਜੋ ਹੋਵੇਗਾ ਚੰਗਾ ਹੀ ਹੋਵੇਗਾ ਤਾਂ ਭਵਿੱਖ ਦੀ ਚਿੰਤਾ ਸਮੇਤ ਭਵਿੱਖ ਵੀ, ਛੁਪਦੇ ਜਾਂਦੇ ਸੂਰਜ ਦੀ ਤਰ੍ਹਾਂ ਸਾਡੇ ਚੇਤਿਆਂ ਵਿੱਚੋਂ ਅਸਤ ਹੋ ਜਾਂਦਾ ਹੈ। ਬੀਤੇ ਦੀਆਂ ਮਿੱਠੀਆਂ ਯਾਦਾਂ, ਇੱਕ ਤੋਂ ਬਾਅਦ ਇੱਕ, ਰੰਗ ਦਿਖਾਉਂਦੀਆਂ ਹਨ। ਚਿੱਤ ਵਰਤਮਾਨ ਵਿੱਚ ਇਕਾਗਰ ਹੋ ਜਾਂਦਾ ਹੈ ਤੇ ਵਰਤਮਾਨ ਖਿੜਾਓ ਭਰਿਆ ਹੁੰਦਾ ਹੈ। ਸੋ ਰੋਮ-ਰੋਮ ਖਿੜ ਉੱਠਦਾ ਹੈ।

ਖ਼ੁਸ਼ੀਆਂ ਦੇ ਦੌਰ ਵਿੱਚ ਹਰ ਕੋਈ ਆਪਣਾ-ਆਪਣਾ ਲੱਗਦਾ ਹੈ। ਵੈਰ-ਵਿਰੋਧ, ਈਰਖ਼ਾ ਸਭ ਪੰਘਰ ਜਾਂਦੇ ਹਨ ਤੇ ਇਨ੍ਹਾਂ ਖੀਵੇ ਹੋਏ ਪਲਾਂ ਵਿੱਚ ਕਿੱਧਰੇ ਅਲੋਪ ਹੋ ਜਾਂਦੇ ਹਨ। ਰੂਹ ਨਹਾਤੀ ਜਾਂਦੀ ਹੈ। ਹਰ ਪਾਸੇ ਖਿੜਾਅ ਨਜ਼ਰੀਂ ਪੈਂਦਾ ਹੈ।

ਇਹ ਅਸਲ ਜੀਵਨ ਹੈ। ਇਹ ਜਿਊਣ ਦੇ ਪਲ ਹਨ। ਇਹ ਜਿਊਂਦੇ ਪਲ ਹਨ। ਜ਼ਿੰਦਗੀ ਨੂੰ ਅਲਾਟ ਹੋਏ 65-70 ਸਾਲਾਂ ਵਿੱਚੋਂ ਇਹੀ ਪਲ ਕੰਮ ਦੇ ਹਨ।

## ਰੰਗ-ਬਰੰਗੀ ਦੁਨੀਆ

ਵਿਆਹ ਮੌਕੇ ਦਹੇਜ ਨੂੰ ਸਮਾਜਿਕ ਲਾਹਣਤ ਦੱਸ ਕੇ ਲੈਣ ਤੋਂ ਮਨ੍ਹਾਂ ਕਰਨ ਵਾਲਾ, ਹੁਣ ਵਿਆਹ ਤੋਂ ਬਾਅਦ, ਸਹੁਰਿਆਂ ਦੀ ਜਾਇਦਾਦ ਵਿੱਚ ਪਤਨੀ ਦੇ ਬਰਾਬਰ ਹਿੱਸੇ ਦੇ ਕਾਨੂੰਨੀ ਅਧਿਕਾਰ ਹੋਣ ਦਾ ਰੌਲ਼ਾ ਪਾਉਂਦਾ, ਉਸਦੇ ਹਿੱਸੇ ਦੀ ਪ੍ਰਾਪਤੀ ਲਈ ਜੱਦੋ-ਜਹਿਦ ਕਰ ਰਿਹਾ ਹੈ।

**– ਬਲਵੀਰ ਮੰਨਣ**

ਰਿਸਰਚ ਸਕੱਾਲਰ (ਪੰਜਾਬੀ ਵਿਭਾਗ) ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਫਗਵਾੜਾ।
ਮੋਬ. 94173-45485

ੴ ਸਤਿਗੁਰ ਪ੍ਰਸਾਦਿ

# Shri Guru Ravidass Temple

**6221, 16th Street, Rio Linda, Sacramento, CA-95673**







## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਵਿਖੇ

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ

## 19 ਨਵੰਬਰ 2017 (ਦਿਨ ਐਤਵਾਰ) ਨੂੰ ਮਨਾਇਆ ਜਾਵੇਗਾ

ਧੰਨ ਧੰਨ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 19 ਨਵੰਬਰ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਵਿਖੇ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ 17 ਨਵੰਬਰ (ਦਿਨ ਸ਼ੁੱਕਰਵਾਰ) ਨੂੰ ਸਵੇਰੇ 10 ਵਜੇ ਆਰੰਭ ਹੋਣਗੇ ਅਤੇ 19 ਨਵੰਬਰ (ਦਿਨ ਐਤਵਾਰ) ਨੂੰ ਭੋਗ ਪਾਏ ਜਾਣਗੇ।

ਇਸ ਸ਼ੁਭ ਦਿਹਾੜੇ ਮੌਕੇ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਸਾਹਿਬ ਭਾਈ ਜਸਪਾਲ ਸਿੰਘ ਜੀ ਜੰਡੂਸਿੰਘਾ ਵਾਲੇ ਅਤੇ ਭਾਈ ਸਾਹਿਬ ਭਾਈ ਨਿਰਮਲ ਸਿੰਘ ਜੀ ਦੇ ਜਥੇ ਤੋਂ ਇਲਾਵਾ ਹੋਰ ਵੀ ਰਾਗੀ ਜਥੇ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਸ਼ਬਦ ਗਾਇਨ ਕਰਨਗੇ ਤੇ ਬੁਲਾਰੇ ਸਤਿਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਬਾਰੇ ਵਿਚਾਰ ਰੱਖਣਗੇ।

ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਗੁਰਮੁਖ ਪਿਆਰੇ ਸ. ਅਵਤਾਰ ਸਿੰਘ ਪਲਾਹੀ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਜਾਵੇਗੀ।
ਇਸੇ ਤਰ੍ਹਾਂ ਗੁਰੂ ਕੇ ਲੰਗਰ ਦੀ ਸੇਵਾ ਸ. ਅਵਤਾਰ ਸਿੰਘ ਪਲਾਹੀ ਤੇ ਉਹਨਾਂ ਦੇ ਸਮੂਹ ਪਰਿਵਾਰ ਤੇ ਸੰਗਤਾਂ ਵੱਲੋਂ ਕੀਤੀ ਜਾਵੇਗੀ।

**ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਆਪਣਾ ਕੀਮਤੀ ਸਮਾਂ ਕੱਢਦੇ ਹੋਏ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ ਜੀ।**

**ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : 916-992-1710**

**ਜਾਰੀ ਕਰਤਾ:**

**ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਸੰਗਤ**

**6221, 16th Street, Rio Linda, Sacramento, CA-95673**



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

### ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

WASH, LUBE, BRAKES

Call:
650-642-0697

## 3525 Highway 99, West Corning, CA 96021

Across the Street from TA Truck Stop